ਸਿੱਖ

ਜੱਦੋ ਜਹਿਦ

ਜਸਵੰਤ ਸਿੰਘ ਕੰਵਲ

ਤਰਤੀਬ

SIKH JADOJEHAD

by

JASWANT SINGH KANWAL

1995

ਪ੍ਰਕਾਸ਼ਕ : ਅਸ਼ੋਕ ਕੁਮਾਰ ਗਰਗ
ਸੰਗਮ ਪਬਲੀਕੇਸ਼ੰਜ਼
ਕ੍ਰਿਸ਼ਨਾ ਮਾਰਕੀਟ
ਸਮਾਣਾ-147101.

ਪ੍ਰਿੰਟਰਜ਼ : ਜਲੰਧਰ ਕੋਆਪਰੇਟਿਵ ਪ੍ਰਿੰਟਿੰਗ ਪ੍ਰੈਸ,
ਜਲੰਧਰ

ਮੁੱਲ : 15 ਰੁਪੈ

ਸਿੱਖ

ਸੋਦੇ ਸਹਿਦ

ਜਸਵੰਤ ਸਿੰਘ ਕੰਵਲ

ਸੰਗਮ ਵਿਚ ਪ੍ਰਕਾਸ਼ਿਤ ਜੀਵਨ ਉਪਯੋਗੀ ਸਾਹਿਤ

ਲੋਕ ਵਿਹਾਰ	ਡੇਲ ਕਾਰਨੇਗੀ
ਚਿੰਤਾ ਛੱਡੋ ਸੁਖ ਨਾਲ ਜੀਓ	"
ਮੈਂ ਚਿੰਤਾ ਉੱਤੇ ਜਿੱਤ ਕਿਵੇਂ ਪਾਈ	"
ਸਫਲਤਾ ਦਾ ਰਹੱਸ	ਸਵੇਟ ਮਾਰਡਨ
ਜੋ ਚਾਹੋ ਸੋ ਪਾਓ	"
ਨਿਰਾਸ਼ਾ ਤੋਂ ਬਚੋ	"
ਅੱਗੇ ਵਧੋ ਵਧਦੇ ਰਹੋ	"
ਕਰੋੜਪਤੀ ਕਿਵੇਂ ਬਣੀਏ	"
ਤੁਸੀਂ ਕੀ ਨਹੀਂ ਕਰ ਸਕਦੇ	"
ਹਸਦੇ ਹਸਦੇ ਕਿਵੇਂ ਜੀਵੀਏ	"
ਵਿਅਕਤੀਤਵ ਦਾ ਵਿਕਾਸ	"
ਕਲ ਕਰੇ ਸੋ ਆਜ ਕਰ	"
ਚਿੰਤਾ ਮੁਕਤ ਕਿਵੇਂ ਹੋਈਏ	"

ਵਿਵਾਹਿਤ ਜੀਵਨ ਲਈ

* ਸੰਭੋਗ ਕਲਾ
* ਸੰਭੋਗ ਸ਼ਕਤੀ ਕਿਵੇਂ ਵਧਾਈਏ
* ਸੰਭੋਗ ਤ੍ਰਿਪਤੀ

ਹੋਰ ਰਚਨਾਵਾਂ

ਨਾਵਲ

* ਖ਼ੂਨ ਕੇ ਸੋਹਲੇ ਗਾਵੀਐ ਨਾਨਕ
* ਤੇਸ਼ਾਲੀ ਦੀ ਹੰਸੋ
* ਖ਼ੂਬਸੂਰਤ ਦੁਸ਼ਮਣ
* ਐਨਿਆਂ 'ਚੋਂ ਉਠੋ ਸੂਰਮਾ
* ਲਹੂ ਦੀ ਲੋਅ
* ਸੱਚ ਨੂੰ ਫਾਂਸੀ
* ਪਾਲੀ
* ਪੂਰਨਮਾਸ਼ੀ
* ਰਾਤ ਬਾਕੀ ਹੈ
* ਸਿਵਲ ਲਾਈਨਜ਼
* ਰੂਪਧਾਰਾ
* ਹਾਣੀ
* ਭਵਾਨੀ
* ਮਿੱਤਰ ਪਿਆਰੇ ਨੂੰ
* ਹੁਨਰ ਦੀ ਜਿੱਤ
* ਤਾਰੀਖ਼ ਵੇਖਦੀ ਹੈ

* ਮਨੁੱਖਤਾ
* ਮੋੜਾ
* ਸੂਰਮੇ
* ਜੰਗਲ ਦੇ ਸ਼ੇਰ
* ਸੁਰ ਸਾਂਝ
* ਅਹਿਸਾਸ

ਕਹਾਣੀਆਂ

* ਕੰਡੇ
* ਜਿੰਦਗੀ ਦੂਰ ਨਹੀਂ
* ਸੰਧੂਰ
* ਰੂਪ ਦੇ ਰਾਖੇ
* ਮਾਈ ਦਾ ਲਾਲ
* ਹਾਉਕਾ ਤੇ ਮੁਸਕਾਣ
* ਗੋਰਾ ਮੁਖ ਸੱਜਣਾਂ ਦਾ
* ਮਰਨ ਮਿੱਤਰਾਂ ਦੇ ਅੱਗੇ
* ਗਵਾਚੀ ਪੱਗ

ਤਰਤੀਬ

ਹੋਰ ਗਲਤੀਆਂ ਤੋਂ ਬਚੋ

ਇਸ ਪੁਸਤਕ ਦਾ ਨਾ ਮੈਂ ਸਿੱਖ ਜਦੋਜਹਿਦ ਦੀ ਥਾਂ, ਪੰਜਾਬੀ ਜਦੋਜਹਿਦ ਰੱਖਣਾ ਚਾਹੁੰਦਾ ਸਾਂ । ਪਰ ਪੰਜਾਬ ਦੇ ਹਿਤਾਂ ਦੀ ਰਾਖੀ ਲਈ ਇਕੱਲੇ ਸਿੱਖ ਹੀ ਲੜੇ ਹਨ; ਉਹ ਵੀ ਅਕਾਲੀ । ਮੈਨੂੰ ਸਮੇਂ ਦੇ ਸੱਚ ਅੱਗੇ ਸਿਰ ਝੁਕਾਉਣਾ ਪਿਆ ਹੈ ।

ਕਮਿਊਨਿਸਟਾਂ ਨੇ ਪਾਕਿਸਤਾਨ ਦੀ ਹਮਾਇਤ ਕਰਕੇ ਮਹਾਨ ਇਤਿਹਾਸਕ ਭੁਲ ਕੀਤੀ ਸੀ ਤੇ ਪਿੱਛੋਂ ਉਸ ਗਲਤੀ ਦੀ ਜਨਤਾ ਤੋਂ ਮਾਫ਼ੀ ਮੰਗੀ ਸੀ । ਪਰ ਮਾਫ਼ੀ ਮੰਗ ਲੈਣ ਨਾਲ ਉਸ ਅਜ਼ੀਮ ਗੁਨਾਹ ਦੇ ਭੁਗਤੇ ਸਿੱਟਿਆਂ ਨੂੰ ਕੀ ਮੋੜਾ ਪੈ ਸਕਦਾ ਹੈ ? ਦਰਬਾਰ ਸਾਹਿਬ ਉਤੇ ਇੰਦਰਾ ਦੇ ਹਮਲੇ ਨੂੰ ਸਹੀ ਆਖ ਕੇ, ਉਹਨਾਂ ਮੁੜ ਪਾਕਿਸਤਾਨ ਵਰਗੀ ਗਲਤੀ ਨੂੰ ਦੋਹਰਾਇਆ ਹੈ ਤੇ ਇਕ ਦਿਨ ਇਸ ਦੀ ਵੀ ਭੁਲ ਮੰਨਣਗੇ । ਨਹੀਂ ਤਾਂ ਸਿੱਖ ਜਗਤ ਦੇ ਮੂੰਹੋਂ ਲੱਥੇ ਰਹਿਣਗੇ ।

ਹਿੰਦੂਆਂ ਪੰਜਾਬੀ ਜ਼ਬਾਨ ਤੋਂ ਨਾਂਹ ਕਰਕੇ ਵੱਡੀ ਗਲਤੀ ਕੀਤੀ ਹੈ, ਜੇ ਇਸ ਗਲਤੀ ਨੂੰ ਸੁਧਾਰਿਆ ਨਾ ਗਿਆ, ਉੱਤਰੀ ਹਿੰਦੋਸਤਾਨ ਟੁਕੜੇ ਹੋਣ ਦੇ ਰਾਹ ਅਵੱਸ਼ ਪਏਗਾ । ਅਕਾਲ ਤਖਤ ਦੇ ਤਬਾਹ ਹੋਣ ਤੇ ਜਿਹੜੇ ਹਿੰਦੂਆਂ ਖੁਸ਼ੀ ਮਨਾਈ ਤੇ ਚਾਘੀਆਂ ਪਾਈਆਂ; ਉਹਨਾਂ ਹਿੰਦੂਆਂ ਸਿੱਖਾਂ ਵਿਚਕਾਰ ਵਿਹੁਲੀ ਲੀਕ ਵਾਹੀ ਹੈ, ਤਣਾਅ 'ਚ ਆਏ ਹਾਲਾਤ ਤੋਂ ਚੰਗੇ ਸਿੱਟਿਆਂ ਦੀ ਆਸ ਨਹੀਂ ਕੀਤੀ ਜਾ ਸਕਦੀ ।

ਅਕਾਲੀਆਂ ਸੰਤਾਲੀ ਵਿਚ ਦੇਸ਼ ਵੰਡ ਦਾ ਵਿਰੋਧ ਕੀਤਾ ਸੀ । ਪੰਜਾਬ ਦੇ ਕਿਸੇ ਹਿੱਸੇ ਵਿਚ ਬਹੁਗਿਣਤੀ ਨਾ ਹੋਣ ਕਾਰਨ, ਉਹਨਾਂ ਦੇ ਕਿਤੇ ਪੈਰ ਨਾ ਲਗੇ।

ਬਰਾਬਰ ਹਿੱਸਾ ਲੈਣ ਲਈ ਉਹਨਾਂ ਵਾਹ ਤਾਂ ਲਾਈ; ਪਰ ਸਿਆਣੇ ਆਗੂ ਬਿਨਾਂ ਮੂੰਹ ਦੀ ਖਾਣੀ ਪਈ । ਪਰ ਪਾਕਿਸਤਾਨ ਦੀ ਵਿਰੋਧਤਾ ਕਾਰਨ ਉਹ ਕਾਂਗਰਸ ਨਾਲੋਂ ਕਿਤੇ ਵੱਧ ਦੇਸ਼ ਭਗਤ ਸਾਬਤ ਹੋਏ । ਕਿਉਂਕਿ ਕਾਂਗਰਸ ਨੇ ਪਾਕਿਸਤਾਨ ਮੰਨ ਲਿਆ ਸੀ ਅਤੇ ਦੇਸ਼ ਪਾੜ ਕੇ ਹਾਲੋਂ ਬੇਹਾਲ ਕਰ ਮਾਰਿਆ ।

ਇੰਦਰਾ ਦਾ ਦਰਬਾਰ ਸਾਹਿਬ ਉੱਤੇ ਹਮਲਾ ਤੇ ਅਕਾਲ ਤਖਤ ਨੂੰ ਢਾਹੁਣਾ, ਉਹਦੀ ਸਮੁੱਚੀ ਜ਼ਿੰਦਗੀ ਦੀਆਂ ਗਲਤੀਆਂ ਵਿਚੋਂ ਵੱਡੀ ਗਲਤੀ ਸੀ । ਉਹਦੇ ਸਲਾਹੀ ਕੱਟੜ ਫਿਰਕਾਪ੍ਰਸਤ ਟਕਰਾਊ ਸਨ । ਉਸ ਨੇ ਇਕ ਪਲ ਨਾ ਸੋਚਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੀ ਲੜਾਈ, ਸਿੱਖ ਧਰਮ ਵਿਰੁਧ ਬਣ ਜਾਵੇਗੀ । ਇਹਦਾ ਅੰਤ ਪਤਾ ਨਹੀਂ ਕਿਹੜੇ ਹਾਲੀ ਹੋਵੇ । ਇਹ ਉਹੀ ਸੰਤ ਸੀ, ਜਿਸ ਨਾਲ ਇੰਦਰਾ ਨੇ 1980 ਦੀ ਪਾਰਲੀਮੈਂਟ ਇਲੈਕਸ਼ਨ ਵਿਚ ਗੁਰਾਦਸਪੁਰ ਵਿਖੇ ਇਕੋ ਸਟੇਜ ਤੋਂ ਇਕੱਠਿਆਂ ਤਕਰੀਰਾਂ ਕੀਤੀਆਂ ਸਨ ।

ਪੰਜਾਬ ਤੇ ਬਾਕੀ ਹਿੰਦੋਸਤਾਨ ਦੇ ਹਿੰਦੂ ਇਹ ਕਦੇ ਨਾ ਸੋਚਣ, ਸਿੱਖ ਕਦੇ ਇਸ ਧਰਮ ਦੇ ਘਾਤ ਨੂੰ ਭੁਲ ਜਾਣਗੇ । ਇੰਦਰਾ ਦੀ ਤਾਰੀਖੀ ਥਾਂ ਸਿੱਖਾਂ ਦੇ ਦਿਲ ਵਿਚ ਅਹਿਮਦ ਸ਼ਾਹ ਅਬਦਾਲੀ ਵਾਲੀ ਬਣ ਚੁੱਕੀ ਐ, ਜਿਸ ਬਾਰੂਦ ਨਾਲ ਦਰਬਾਰ ਸਾਹਿਬ ਨੂੰ ਉਡਾਇਆ ਸੀ । ਪਰ ਉਸ ਹਜ਼ਾਰਾਂ ਮਾਸੂਮ ਯਾਤਰੂਆਂ ਨੂੰ ਦਰਬਾਰ ਸਾਹਿਬ ਵਿਚ ਕਤਲ ਨਹੀਂ ਕੀਤਾ ਸੀ । ਇੰਦਰਾ ਦੇ ਕਤਲ ਪਿੱਛੋਂ ਦਿੱਲੀ, ਕਾਨਪੁਰ ਤੇ ਬੁਕਾਰੋ ਆਦਿ ਥਾਵਾਂ ਉਤੇ ਸਿੱਖਾਂ ਦੀ ਕਤਲਾਮ ਦਾ ਪ੍ਰਬੰਧ ਕਰਨ ਵਾਲੇ ਮੁਆਫ ਨਹੀ ਕੀਤੇ ਜਾ ਸਕਦੇ। ਸ਼ਹੀਦ ਬੇਅੰਤ ਸਿੰਘ ਤੇ ਸਤਵੰਤ ਸਿੰਘ ਸਿੱਖ ਇਤਿਹਾਸ ਵਿਚ ਹਮੇਸ਼ਾ ਸਤਿਕਾਰੇ ਜਾਣਗੇ । ਇਸ ਘਲੂਘਾਰੇ ਨਾਲ ਸਿੱਖ ਬਲਕਾਰੇ ਹਨ । ਉਹਨਾਂ ਦੇ ਹਰਾਸ ਜਾਣ ਦਾ ਸਵਾਲ ਨਹੀਂ ਪੈਦਾ ਹੁੰਦਾ ਇਹਨਾਂ ਜ਼ੁਲਮਾਂ ਨਾਲ ਕਾਂਗਰਸ ਤੇ ਹਿੰਦ ਸਰਕਾਰ ਦੇ ਫਿਰਕੂ ਇਰਾਦੇ ਗੈਰ ਅਕਾਲੀ ਸਿੱਖਾਂ ਦੀਆਂ ਅੱਖਾਂ ਤੋਂ ਪੱਟੀ ਲਾਹੁਣ ਲਈ ਕਾਫੀ ਹਨ ।

ਸਿੱਖ ਮਨੁੱਖਤਾ ਦੇ ਰਖਿਅਕ ਰਹੇ ਹਨ । ਕਿਸੇ ਰਹਾਗੀਰ ਦਾ ਕਤਲ ਤੇ ਲੁੱਟ ਮਾਰ ਸਿੱਖੀ ਨੇਮਾਂ ਵਿਚ ਕਿਧਰੇ ਨਹੀਂ ਮਿਲਦੀ । ਇਹ ਮਾਰਧਾੜ ਗੁੰਡਿਆਂ ਦਾ ਕੰਮ ਹੈ । ਅਜਿਹੇ ਜੁਰਮ ਸਿੱਖ ਸਥਾਪਨਾ ਦੇ ਆਦਰਸ਼ ਨੂੰ ਦੂਰ ਦੂਰ ਲੈ ਜਾਂਦੇ ਹਨ । ਸਿੱਖ ਆਪਣੇ ਪੁਰਖਿਆਂ ਦੀਆਂ ਕੁਰਬਾਨੀਆਂ ਅਤੇ ਨੇਮਾਂ ਧਰਮਾਂ ਉਤੇ ਡਟ ਕੇ ਪਹਿਰਾ ਦੇਣਗੇ ।

ਪੰਜਾਬ ਦੇ ਹਿੰਦੂਆਂ ਲਈ ਸਿੱਖ ਭਰਪਣਤਾ ਅਤੇ ਪੰਜਾਬੀਅਤ ਨੂੰ ਕਾਇਮ ਕਰਨ ਦਾ ਇਕੋ-ਇਕ ਸਾਰਥਕ ਰਾਹ ਰਹਿ ਜਾਂਦਾ ਹੈ । ਉਹ ਹੈ ਪੰਜਾਬੀ ਜ਼ਬਾਨ

ਨੂੰ ਸੱਚੇ ਦਿਲੋਂ ਅਪਨਾਉਣਾ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਸਿੱਖਾਂ ਨਾਲੋਂ ਅੱਗੇ ਵੱਧ ਕੇ ਈਮਾਨਦਾਰੀ ਨਾਲ ਲੜਨਾ, ਜਿਸ ਦੀ ਹੁਣ ਤੱਕ ਘਾਟ ਰਹੀ ਹੈ। ਨਹੀਂ ਤਾਂ ਕੋਈ ਵਜਾਹ ਨਹੀਂ ਪਾਕਿਸਤਾਨ ਵਾਲੇ ਨਤੀਜੇ ਨਾ ਵਾਪਰਨ। ਇਹ ਭੁੱਲ ਹੀ ਜਾਣਾ ਚਾਹੀਦਾ ਹੈ ਕਿ ਕੋਈ ਤਾਕਤ ਸਿੱਖਾਂ ਨੂੰ ਗੁਲਾਮ ਬਣਾ ਲਵੇਗੀ ਜਾਂ ਸਿੱਖੀ ਨੂੰ ਖਤਮ ਕਰ ਦੇਵੇਗੀ।

ਛੂਤਰੇ ਸਿੱਖ ਇਹ ਨਾ ਸੋਚਣ: ਰਾਮ, ਕ੍ਰਿਸ਼ਨ ਤੇ ਬੁੱਧ ਭਗਵਾਨ ਆਦਿ ਸਾਡੇ ਪੁਰਖੇ ਨਹੀਂ ਸਨ। ਅਸੀਂ ਆਰੀਅਨ ਹਾਂ। ਵੇਦ, ਪੁਰਾਣ, ਰਾਮਾਇਣ, ਮਹਾਂ-ਭਾਰਤ ਤੇ ਗੀਤਾ ਸਾਡੀ ਪੁਰਾਣੀ ਸੰਸਕ੍ਰਿਤੀ ਦਾ ਵਿਰਸਾ ਹਨ। ਸਾਨੂੰ ਆਪਣੀ ਵਿਰਾਸਤ ਉਤੇ ਮਾਣ ਹੈ। ਇਹਨਾਂ ਤੋਂ ਮੁਨਕਰ ਹੋਣ ਵਾਲੀ ਗਲਤੀ ਕਰਨਾ, ਆਪਣੇ ਵਜੂਦ ਦੀਆਂ ਜੜ੍ਹਾਂ ਵੱਢਣਾ ਹੋਵੇਗਾ।

ਆਖਰੀ ਗਲ, ਦੂਰ ਤੱਕ ਨਜ਼ਰ ਮਾਰਿਆਂ, ਖਾਲਿਸਤਾਨ ਸਿੱਖਾਂ ਦੇ ਹੱਕ ਵਿਚ ਨਹੀਂ ਜਾਂਦਾ। ਚਾਲੀ ਫ਼ੀਸਦੀ ਸਿੱਖ ਪੰਜਾਬ ਤੋਂ ਬਾਹਰ ਬੈਠੇ ਹਨ ਅਤੇ ਪੰਜਾਬ ਦੇ ਸਿੱਖਾਂ ਨਾਲੋਂ ਦੂੱਗਣੇ ਸਰਮਾਏ ਦੇ ਮਾਲਕ ਹਨ। ਪੰਜਾਬ ਦੇ ਫਾਟਾਂ ਮਾਰੇ ਸਿੱਖ ਤਾਂ ਆਪਣੇ ਸਿਰੋਂ ਕਰਜ਼ੇ ਦੀਆ ਪੰਡਾਂ ਹੀ ਨਹੀਂ ਲਾਹ ਸਕਦੇ। ਸਗੋਂ ਅਸੀਂ ਤ੍ਰਾਰੀਖੀ ਹਾਦਸਿਆਂ ਦੇ ਮੂੰਹ ਆਏ ਆਂ। ਹੋਰ ਵਿਨਾਸ਼ ਤੋਂ ਬਚੋ। ਇਸ ਖਤਰਨਾਕ ਮੋੜ ਉਤੇ ਹੋਰ ਟਰੈਜਿਡੀ ਵਾਪਰ ਸਕਦੀ ਹੈ। ਸੋ ਭਰਾਓ ਸੰਭਲੋ। ਸੰਜੀਦਗੀ ਨਾਲ ਭਲੇ ਬੁਰੇ ਦਾ ਨਿਰਣਾ ਕਰੋ। ਪਰ ਜਦੋਜਹਿਦ ਜਾਰੀ ਰੱਖੋ। ਕਿਉਂਕਿ ਤੁਹਾਡੇ ਕੋਲ ਸਹੀ ਅਰਥਾਂ ਵਿਚ ਆਜ਼ਾਦੀ ਨਹੀਂ ਤੇ ਸਥਾਪਤੀ ਖਿਲਕੁਲ ਹੀ ਨਹੀਂ। ਕੋਈ ਵੀ ਕੌਮ ਆਜ਼ਾਦੀ ਅਤੇ ਸਥਾਪਤੀ ਬਿਨਾ ਹੀਜੜੀ ਹੋ ਜਾਂਦੀ ਹੈ।

ਸਿੱਖਾਂ ਦੇ ਮਨੋਬਲ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਗੁਰੂ ਗੋਬਿੰਦ ਸਿੰਘ ਦਾ ਨਾਂ ਅਤੇ ਕੁਰਬਾਨੀ-ਕਰਤੱਵ ਹੀ ਕਾਫ਼ੀ ਹੈ।

ਪਾਠਕਾਂ ਤੋਂ ਆਪਣੀ ਵੀ ਇਕ ਗਲਤੀ ਮੰਨਣੀ ਹੈ। ਫੈਡਰਲ ਢਾਂਚੇ ਅਥਵਾ ਪੰਜਾਬ ਦੇ ਉਲਝੇ ਮਸਲੇ ਬਾਰੇ ਕਿਤੇ ਕਿਤੇ ਦੋਹਰਾਈ ਆ ਗਈ ਹੈ। ਵਿਸ਼ੇ ਦੀ ਲੜੀ ਨੂੰ ਸਪਸ਼ਟ ਕਰਨ ਲਈ ਮੈਂ ਉਸ ਨੂੰ ਉਸ ਤਰ੍ਹਾਂ ਹੀ ਰਹਿਣ ਦਿੱਤਾ ਹੈ। ਮੈਂ ਖਿਮਾਂ ਦਾ ਜਾਚਕ ਆਂ। ਇਹ ਲੇਖ 1981 ਤੋਂ 1985 ਤੱਕ ਲਿਖੇ ਮੇਰੇ ਸਟੈਂਡ ਨੂੰ ਸਪਸ਼ਟ ਕਰ ਦੇਣਗੇ। ਮੈਂ ਜਿਨ੍ਹਾਂ ਖਤਰਿਆਂ ਬਾਰੇ ਚਿਤਾਵਣੀ ਦਿੱਤੀ ਸੀ, ਉਹ ਸੱਚ ਹੋ ਕੇ ਵਾਪਰੇ ਹਨ। ਮੇਰੇ ਨੁਕਤਾਚੀਨ ਸ਼ਰਮਿੰਦੇ ਨਾ ਹੋਣ: ਸਗੋਂ ਹਾਲਾਤ ਦੇ ਸੱਚ ਨੂੰ ਮੰਨ ਕੇ ਸਾਰੇ ਪੱਖਾਂ ਤੋਂ ਡੁਬਦੇ-ਖੁਰਦੇ ਪੰਜਾਬ ਦੇ ਸਾਂਝੇ

ਉਪਰਾਲਿਆਂ ਵਿਚ ਜੁਟ ਜਾਣ । ਵਰਨਾ ਹਾਲਾਤ ਇਕ ਨੂੰ ਵਫ਼ਾਦਾਰ ਸਾਬਤ ਕਰਨਗੇ ਤੇ ਦੂਜੇ ਨੂੰ ਪੰਜਾਬ ਦਾ ਗਦਾਰ ।

ਸਾਰੇ ਪੰਜਾਬੀਆਂ ਦਾ ਬਾਈ,
ਜਸਵੰਤ ਸਿੰਘ ਕੰਵਲ

ਸਾਹਿਤਕਾਰ ਦਾ ਰੋਲ

ਸਾਹਿਤ ਜ਼ਿੰਦਗੀ ਦਾ ਸ਼ੀਸ਼ਾ ਹੈ ਤੇ ਜ਼ਿੰਦਗੀ ਇਸ ਸ਼ੀਸ਼ੇ ਵਿਚੋਂ ਆਪਣਾ ਚਿਹਰਾ ਮੋਹਰਾ ਹੀ ਨਹੀਂ ਵੇਖਦੀ, ਸਗੋਂ ਸਾਰਥਕ ਜੀਣ ਲਈ ਸੰਕੇਤ ਤੇ ਬਲ ਵੀ ਲੈਂਦੀ ਹੈ। ਸਾਹਿਤ ਤੇ ਜ਼ਿੰਦਗੀ ਦੋਵੇਂ ਆੜੀ ਪਾ ਕੇ ਚਲਦੇ ਹਨ। ਇਹ ਤੋਰ ਹਮੇਸ਼ਾ ਇਕਸਾਰ ਨਹੀਂ ਚਲਦੀ। ਸਮੇਂ ਦੇ ਹੇਰ ਫੇਰ ਵਿਚ, ਪੁਰਾਣਾ ਉਮਰ ਹੰਢਾਅ ਕੇ ਟੁੱਟਦਾ ਹੈ, ਉਹਦੀ ਥਾਂ ਨਵਾਂ ਆਕਾਰ ਵਜੂਦ ਲੈਂਦਾ ਹੈ। ਵਾਪਰਦਾ ਪਹਿਲਾਂ ਹੈ ਤੇ ਉਸਰਦਾ ਪਿਛੋਂ। ਕਈ ਵਾਰ ਜ਼ਿੰਦਗੀ ਨੂੰ ਕੁਦਰਤ ਦੀਆ ਕਰੋਪੀਆਂ ਦਾ ਸਾਹਮਣਾ ਕਰਨਾ ਤੇ ਬਹੁਤੀ ਵਾਰ ਸਮਾਜਿਕ ਧੰਗੋੜਾਂ ਦਾ ਜਬਰ ਜਰਨਾ ਪੈਂਦਾ ਹੈ। ਸਾਹਿਤ, ਜ਼ਿੰਦਗੀ ਦਾ ਹਾਣੀ, ਉਹਦੇ ਪਿੱਛੇ ਪਿੱਛੇ ਆਉਂਦਾ ਤੇ ਦਰਦ ਵੰਡਾਉਂਦਾ ਹੈ, ਜ਼ਖਮਾਂ ਤੇ ਫਹਿਆ ਰੱਖਦਾ ਹੈ, ਮੁੜ ਤੁਰਨ ਲਈ ਮੋਢਾ ਦੇਂਦਾ ਹੈ। ਜਦੋਂ ਇਹਨਾਂ ਵਿਚ ਵਿਛੋੜਾ ਪੈਂਦਾ ਹੈ ਇਤਿਹਾਸ ਵਿਚ ਕਿਆਮਤ ਵਾਪਰਦੀ ਹੈ। ਪਰ ਇਹਨਾਂ ਦੀ ਆੜੀ ਅਟੁੱਟ ਹੈ।

ਜ਼ਿੰਦਗੀ ਨੂੰ ਜੀਣ ਲਈ ਹਮੇਸ਼ਾ ਉਪਰਾਲੇ ਕਰਨੇ ਪਏ ਹਨ। ਉਪਜੀਵਕਾ ਲੱਭਦਿਆਂ ਉਸ ਦਾ ਵਾਹ ਨੇਕੀ ਅਤੇ ਬਦੀ ਦੀਆਂ ਤਾਕਤਾਂ ਨਾਲ ਪਿਆ ਹੈ। ਨੇਕੀ ਦੋਸਤ ਅਤੇ ਬਦੀ ਦੁਸ਼ਮਣ ਬਣ ਕੇ ਜ਼ਿੰਦਗੀ ਨੂੰ ਚੰਬੜੀਆਂ ਹਨ। ਜ਼ਿੰਦਗੀ ਦਾ ਪੈਗੰਬਰ, ਮਨੁੱਖ, ਬਦੀ ਦੇ ਵਿਰੁੱਧ ਲੋਹਾ ਲੈਂਦਾ ਆਇਆ ਹੈ। ਇਉਂ ਉਪਜੀਵਕਾ ਹਾਸਲ ਕਰਨ ਲਈ ਇਕ ਘੋਲ ਛਿੜਿਆ ਰਿਹਾ। ਇਹ ਘੋਲ ਅੱਜ ਵੀ ਜਾਰੀ ਹੈ। ਇਹਦੇ ਖਤਮ ਹੋਣ ਦੀ ਕੋਈ ਸੰਭਾਵਨਾ ਨਹੀਂ। ਖਹਿੰਦੇ ਰਹਿਣ ਦਾ ਤਣਾਅ ਕਾਇਮ ਰਹੇਗਾ। ਖਹਿੰਦੇ ਜਾਣਾ ਕੁਦਰਤ ਦਾ ਨੇਮ ਹੈ।

ਮੁਢ ਕਦੀਮ ਵਿਚ ਬਦੀ ਦੀ ਬਹੁਤੀ ਦਾਲ ਨਾ ਗਲੀ। ਫਿਰ ਸ਼ੈਤਾਨ ਨੇ

ਆਦਮ ਦੀ ਔਲਾਦ ਵਿਚ ਵੜ ਕੇ ਉਸ ਨੂੰ ਦੋ ਫਾੜ ਕਰ ਲਿਆ । ਭਲਾ ਲੋਕ ਕੁਦਰਤ ਦੀ ਕੁੱਖ ਵਿਚੋਂ ਤਪਦੇ ਠਰਦੇ ਦਿਨਾਂ ਵਿਚ ਅਹਾਰ ਕਮਾਵੇ ਤੇ ਛਲੀਆ ਰਾਖੀ ਦੇ ਬਹਾਨੇ ਦਾਅ ਬਚਾ ਕੇ ਉਸ ਵਿਚੋਂ ਕੁਤਰ ਲਵੇ । ਛਲੀਆ ਹਥਿਆਰ ਫੜ ਕੇ ਚੂਹੇ ਤੋਂ ਬਘਿਆੜ ਬਣ ਗਿਆ । ਜਦ ਬਘਿਆੜ ਤੇ ਮਨੁੱਖ ਦੀ ਸੁਲਾਹ ਨਾਮੁਮਕਿਨ ਹੋ ਗਈ; ਨਿਰਾਸ਼ ਜ਼ਿੰਦਗੀ ਦੇ ਸਾਹਵੇਂ ਸਾਹਿਤ ਆ ਮੁਸਕਾਇਆ । ਉਸ ਹਿੱਕ ਥਾਪੜੀ, ਮੈਂ ਤੇਰਾ ਸਾਥ ਕਦੇ ਨਹੀਂ ਛੱਡਾਂਗਾ । ਇਉਂ ਸਾਹਿਤ ਜ਼ਿੰਦਗੀ ਦਾ ਵਫਾਦਾਰ ਹਾਣੀ ਆ ਬਣਿਆ । ਪਰ ਬਦੀ ਵਿਰੁੱਧ ਮਨੁੱਖ ਦੀ ਕਰਾਂਤੀ ਜਾਰੀ ਰਹੀ । ਮਨੁੱਖ ਨੇ ਬੜੇ ਮੈਦਾਨਾਂ ਵਿਚ ਸ਼ੈਤਾਨ ਨੂੰ ਫਾਸ਼ ਹਾਰ ਦਿੱਤੀ । ਪਰ ਉਹ ਛਲੀਆ ਦੇਹ ਪਲਟ ਲੈਂਦਾ । ਕਬੀਲਿਆਂ ਦੇ ਸਰਦਾਰ ਤੋਂ ਸ਼ਾਹ, ਸ਼ਾਹ ਤੋਂ ਜਾਗੀਰਦਾਰ ਤੇ ਸਰਮਾਏਦਾਰ ਬਣ ਜਾਂਦਾ ਰਿਹਾ । ਕਰਾਂਤੀ ਕਲ੍ਹ ਵੀ ਧੁੱਖ ਰਹੀ ਸੀ, ਅੱਜ ਵੀ ਬਲ ਬਲ ਉੱਠਦੀ ਹੈ । ਕੁਦਰਤ ਦੇ ਇਸ ਨੇਮ ਨੇ ਹਮੇਸ਼ਾਂ ਚਲਦੇ ਰਹਿਣਾ ਹੈ । ਮਨੁੱਖ ਨੂੰ ਨੇਕੀ ਤੇ ਸਾਹਿਤ ਆਦਿ ਹਾਣੀਆਂ ਆਸਰੇ, ਭਰੋਸਾ ਬੱਝ ਗਿਆ ਹੈ ਕਿ ਮੈਂ ਹਾਰ ਲਈ ਨਹੀਂ, ਜਿੱਤ ਲਈ ਬਣਿਆ ਹਾਂ । ਇਹ ਭਰੋਸਾ ਉਸ ਨੂੰ ਸਦਾ ਚੜ੍ਹਦੀ ਕਲਾ ਵਿਚ ਰਖਦਾ ਹੈ ।

ਪੁਰਾਣੀ ਟੱਕਰ ਅੱਜ ਕਾਮੇ ਤੇ ਸਰਮਾਏਦਾਰ ਵਿਚਕਾਰ ਆ ਪਈ ਹੈ । ਕਾਮਾ ਜਿੰਨਾ ਕਾਮਾ ਹੈ, ਉਸ ਤੋਂ ਕਿਤੇ ਵੱਧ ਭੋਲਾ ਐ । ਉਹਦੇ ਮਾਰ ਖਾਣ ਦਾ ਵੱਡਾ ਕਾਰਨ ਏਹੀ ਰਿਹਾ ਹੈ । ਪਰ ਹੁਣ ਇਸ ਦੀ ਪਿੱਠ ਉਤੇ ਪੁਰਖਿਆਂ ਦੀਆਂ ਸ਼ਹਾਦਤਾਂ ਤੇ ਜਿੱਤਾਂ ਦਾ ਇਤਿਹਾਸ ਸ਼ਕਤੀਸ਼ਾਲੀ ਲਲਕਾਰ ਬਣ ਗਿਆ ਹੈ । ਕਾਮੇ ਮਨੁੱਖ ਦੀ ਚੜ੍ਹਤ ਨੂੰ ਬੇਹੜ ਬਣੀ ਵੇਖ ਸ਼ੈਤਾਨ ਘਬਰਾਇਆ । ਮੁੜ ਚੁਸਤੀ ਨਾਲ ਹੱਸਿਆ । ਉਸ ਸਾਹਿਤ ਦੇ ਅੰਮ੍ਰਿਤ ਕੁੰਡ ਵਿਚ ਜਿਰਮ ਖਿਲਾਰ ਦਿੱਤੇ । ਉਸ ਨੂੰ ਭਰੋਸਾ ਸੀ ਇਉਂ ਮਨੁੱਖ ਦੀ ਇਨਕਲਾਬੀ ਚੜ੍ਹਤ ਹੀਜੜੀ ਪੈ ਜਾਵੇਗੀ ਤੇ ਉਹਨਾਂ ਜਿਰਮਾਂ ਚੜ੍ਹਦੀ ਜਵਾਨੀ ਉਤੇ ਮਾਰੂ ਹੱਲਾ ਬੋਲ ਦਿੱਤਾ । ਮਨੁੱਖ ਨੂੰ ਫਿਕਰ ਪਿਆ, ਇਉਂ ਮੈਨੂੰ ਲਗਾਤਾਰ ਮਿਲਦੀ ਤਾਕਤ ਦਾ ਨਿਕਾਸ ਰੁਕ ਜਾਵੇਗਾ । ਏਸੇ ਪਨੀਰੀ ਵਿਚੋਂ ਖਾੜਕੂ ਅੰਸਰ ਨੇ ਆਉਣਾ ਸੀ । ਹੁਣ ਉਸ ਨੂੰ ਦੋ ਮੋਰਚਿਆਂ ਤੇ ਲੜਨਾ ਪੈ ਗਿਆ । ਆਪਣੇ ਸਵੱਛ ਨੂੰ ਗੰਦ ਤੋਂ ਅਥਵਾ ਕੁਆਰ ਨੂੰ ਵਿਭਚਾਰ ਤੋਂ ਬਚਾ ਕੇ ਰੱਖਣ ਲਈ ਨਵੀਂ ਲਾਮਬੰਦੀ ਕਰਨੀ ਪੈ ਗਈ । ਸ਼ੈਤਾਨ ਮਨੁੱਖ ਨੂੰ ਉਹਦੇ ਹੱਕ ਅਤੇ ਅਧਿਕਾਰ ਤੋਂ ਡੇਗਣ ਲਈ ਹਰ ਹੀਲਾ ਵਰਤਦਾ ਹੈ । ਉਹਦੇ ਹਮਲੇ ਦੇ ਬਚਾਅ ਤੋਂ ਮਨੁੱਖ ਆਪਣੀਆਂ ਸਾਰੀਆਂ ਸ਼ਕਤੀਆਂ ਇਕੱਤਰ ਕਰਦਾ ਹੈ । ਜ਼ਿੰਦਗੀ ਦੀ ਹਿਫਾਜ਼ਤ ਲਈ ਸਾਹਿਤ ਹੁਣ ਇਕ ਫਰੰਟ ਬਣ

ਗਿਆ ਹੈ ।

ਸਾਹਿਤ ਆਖ਼ਰੀ ਦਮ ਤੱਕ ਜ਼ਿੰਦਗੀ ਦਾ ਵਫ਼ਾਦਾਰ ਰਿਹਾ ਹੈ । ਸ਼ੈਤਾਨ ਵਲੋਂ ਉਹਦਾ ਮੂੰਹ ਮੱਥਾ ਵਿਗਾੜਨ ਦੇ ਅਨੇਕਾਂ ਯਤਨ ਕੀਤੇ ਗਏ; ਪਰ ਉਸ ਜ਼ਿੰਦਗੀ ਦਾ ਹੱਥ ਨਹੀਂ ਛੱਡਿਆ । ਸ਼ੈਤਾਨ ਚਾਹੁੰਦਾ ਹੈ, ਕਾਮਾ ਮਨੁੱਖ ਉਹਦੇ ਹੇਠਾਂ ਪਸ਼ੂ ਬਣ ਕੇ ਵਰੇ । ਪਰ ਮਨੁੱਖ ਦੀ ਗੈਰਤ ਆਪਣੇ ਦੁਸ਼ਮਣ ਨੂੰ ਲਲਕਾਰ ਚੁੱਕੀ ਹੈ । ਦੁਸ਼ਮਣ ਤਾਕਤਵਰ ਹੈ, ਹਥਿਆਰਬੰਦ, ਰਾਜ ਭਾਗ ਤੇ ਵਸੀਲਿਆਂ ਦਾ ਮਾਲਕ । ਸਾਹਿਤਕਾਰ ਹਮੇਸ਼ਾਂ ਲਈ ਕਾਮੇ ਮਨੁੱਖ ਨਾਲ ਖਲੋਤਾ ਆਇਆ ਹੈ। ਪਰ ਜਿਹਨਾਂ ਜਿਰਮਾਂ ਵਾਲੇ ਕੁੰਡ ਵਿਚੋਂ ਬੁਕ ਪੀ ਲਿਆ; ਉਹਨਾਂ ਦੀ ਸੁਰਤ ਭੌਂ ਗਈ । ਉਹ ਸ਼ੈਤਾਨ ਨਾਲ ਆ ਜੁੜੇ । ਸਾਹਿਤ ਵਿਚ ਸ਼ੁੱਧ ਤੇ ਨਖਿਧ ਦੀ ਦਰਾੜ ਪੈ ਗਈ । ਦੁਸ਼ਮਨ ਨੇ ਨਖਿਧਕਾਰਾਂ ਦੇ ਮੂੰਹ ਬੋਟੀ ਤੇ ਹਿੱਕ ਉਤੇ ਤਗਮਾ ਲਾ ਦਿੱਤਾ । ਉਸ ਨੂੰ ਆਪਣੇ ਕਾਮੇ ਯਾਰਾਂ ਤੋਂ ਨਖੇੜ ਸੁੱਟਿਆ । ਪਰ ਸਾਹਿਤ ਹਮੇਸ਼ਾਂ ਰੂਹ ਦੀ ਆਵਾਜ਼ ਰਿਹਾ ਹੈ । ਰੂਹ ਨੇ ਨਖਿਧਕਾਰਾਂ ਦਾ ਸਾਥ ਛੱਡ ਦਿੱਤਾ ਰੂਹ ਖਿਨਾਂ ਉਹਨਾਂ ਦੀ ਰਚਨਾ ਨੂੰ ਸੋਕੜਾ ਮਾਰ ਗਿਆ । ਹਾਲ ਦੋਹਾਈ ਦੇ ਬਾਵਜੂਦ ਉਹ ਜਿਊਂਦਾ ਨਾ ਰਹਿ ਸਕਿਆ । ਪਰ ਸ਼ੈਤਾਨ ਜਿਵੇਂ ਆਦਮ ਦੀ ਔਲਾਦ ਨੂੰ ਦੋਸਤ ਦੁਸ਼ਮਨ ਵਿਚ ਵੰਡ ਗਿਆ ਸੀ; ਉਸ ਤਰ੍ਹਾਂ ਹੀ ਸਾਹਿਤਕਾਰਾਂ ਨੂੰ ਪਾੜਨ ਵਿਚ ਕਾਮਯਾਬ ਹੋ ਗਿਆ । ਕਾਮੇ ਲੋਕਾਂ ਦਾ ਸਾਹਿਤਕਾਰ ਸਰਕਾਰ ਨਾਲੋਂ ਵਿਥ ਨਾਲ ਖਲੋਂਦਾ ਹੈ ।

ਦੁਸ਼ਮਨ ਨੇ ਸਾਡੇ ਵਿਚਕਾਰ ਇਕ ਲੀਕ ਖਿੱਚ ਕੇ ਰੱਖ ਦਿੱਤੀ ਹੈ । ਇਹ ਲੀਕ ਸ਼ੁੱਧ ਤੇ ਨਖਿਧ ਨੂੰ ਵੱਖ-ਵੱਖ ਰੱਖਦੀ ਹੈ । ਲੋਕਾਂ ਦੇ ਜੰਗਲ ਨੂੰ ਕੱਟਣ ਲਈ ਸ਼ੈਤਾਨ ਆਪਣੇ ਕੁਹਾੜੇ ਲਈ ਜੰਗਲ ਵਿਚੋਂ ਹੀ ਦਸਤਾ ਭਾਲਦਾ ਹੈ । ਸਾਹਿਤਕਾਰ ਬੁਨਿਆਦੀ ਤੌਰ ਤੇ ਕਾਮਾ ਹੁੰਦਾ ਹੈ । ਦੁਸ਼ਮਨ ਦੇ ਹਿਤ ਪਾਲਣ ਤੇ ਉਸ ਦੀ ਜ਼ਮੀਰ ਲਾਹਨਤਾਂ ਪਾਉਂਦੀ ਹੈ । ਪਰ ਪੇਟ ਦੀ ਭੁੱਖ ਤੇ ਕਈ ਵਾਰ ਮਾਣ-ਸਵੈਮਾਨ ਦੀ ਲਾਲਸਾ ਮਜਬੂਰੀ ਬਣ ਖਲੋਂਦੀ ਹੈ । ਇਉਂ ਸਾਹਿਤਕਾਰ ਦੀ ਮਜਬੂਰੀ ਆਪਣੇ ਕਾਮੇ ਭਰਾਵਾਂ ਨਾਲ ਸਿੱਧੀ ਗਦਾਰੀ ਹੁੰਦੀ ਹੈ । ਪੜ੍ਹਿਆ ਹੋਵੇ ਗੁਨਹਗਾਰੁ ਤਾਂ ਓਮੀ ਸਾਧੁ ਨਾ ਮਾਰੀਐ । ਅਜਿਹੇ ਲੇਖਕ ਬਹੁਤ ਛੇਤੀ ਖੁਰ ਜਾਂਦੇ ਹਨ, ਲੋਕਾਂ ਦੇ ਮੂੰਹੋਂ ਲੱਥ ਜਾਂਦੇ ਹਨ ।

ਹਰ ਯੁੱਗ ਵਿਚ ਈਮਾਨਦਾਰ ਸਾਹਿਤਕਾਰ ਨੇ ਮਨੁੱਖਤਾ ਪ੍ਰਤਿ ਆਪਣੀ ਜ਼ੁੰਮੇਵਾਰੀ ਤੇ ਵਫ਼ਾਦਾਰੀ ਨਿਭਾਈ ਹੈ । ਇਸ ਸਰਮਾਏਦਾਰੀ ਯੁੱਗ ਵਿਚ ਵੀ ਉਹ ਆਪਣਾ ਰੋਲ ਸਾਰਥਕ ਢੰਗ ਨਾਲ ਸਿਰੇ ਚਾੜ੍ਹੇਗਾ । ਇਨਕਲਾਬੀ ਅਮਲ ਆਪਣੀ ਰਫ਼ਤਾਰ

ਵਿਚ ਹੈ। ਸਾਹਿਤਕਾਰਾਂ ਦੇ ਰਾਹ ਵਿਚ ਬੜੀਆਂ ਰੰਗੀਨ ਲਾਈਨਾਂ ਚੁਸਤੀ ਨਾਲ ਖਿਲਾਰੀਆਂ ਜਾ ਰਹੀਆਂ ਹਨ। ਉਸ ਦੇ ਸ਼ੁੱਧ ਅਮਲ ਨੂੰ ਪੈਰੋਂ ਉਖੇੜਨ ਲਈ ਪੱਛਮੀ ਲੇਖਕਾਂ ਦੀਆਂ ਟੂਕਾਂ ਵਰਤੀਆਂ ਜਾਂਦੀਆਂ ਹਨ। ਸਾਡਾ ਲੇਖਕ ਕਈ ਪੱਖਾਂ ਤੋਂ ਗਰੀਬ ਹੈ। ਖਾਸ ਤੌਰ ਤੇ ਮਾਨਸਿਕ ਸਤਰ ਤੋਂ ਬੜੀ ਛੇਤੀ ਥਿੜਕਦਾ ਹੈ। ਕਲਾ, ਰੂਪ ਤੇ ਯਥਾਰਥ ਨੂੰ ਭੁਲੇਖਿਆਂ ਵਿਚ ਪੇਸ਼ ਕੀਤਾ ਜਾਂਦਾ ਹੈ। ਜਿਹਨਾਂ ਵਿਚ ਉਹ ਕਈ ਵਾਰ ਉਲਝ ਜਾਂਦਾ ਹੈ। ਪਰ ਰੂਪਕਲਾ ਤੇ ਯਥਾਰਥ ਬਿਨਾ ਸਾਹਿਤ ਰੂਹ ਹੀਣ ਸਰੀਰ ਹੈ। ਸਮਾਜਿਕ ਯਥਾਰਥ ਦੇ ਅਨੁਭਵ ਨੂੰ ਕਲਪਨਾ ਦੇ ਘੇਰੇ ਵਿਚ ਖੁੱਲ੍ਹਿਆਂ ਵਿਚਰਨ ਦੇਵੇ, ਰਿੜਕਿਆ ਜਾਣ ਦੇਵੇ, ਫਿਰ ਹੀ ਕਲਾ ਦਾ ਵਧੀਆ ਮੱਖਣ ਪ੍ਰਾਪਤ ਹੋਵੇਗਾ। ਕਲਾਵੰਤ ਸਾਹਿਤ ਵਧੇਰੇ ਸ਼ਕਤੀਸ਼ਾਲੀ ਤੇ ਪ੍ਰੇਰਨਾਤਮਕ ਹੁੰਦਾ ਹੈ। ਕੋਮਲਤਾ, ਰੰਗਤ ਤੇ ਮਹਿਕ ਦੇ ਸੁਮੇਲ ਦਾ ਨਾਂ ਹੀ ਫੁੱਲ ਹੈ। ਸਤਿਯਮ ਸ਼ਿਵਯਮ ਸੁੰਦਰਯਮ ਵਰਗੀ ਮਿਸਾਲ ਹੋਰ ਕੋਈ ਨਹੀਂ।

ਅੱਜ ਦੇ ਸੱਚ ਨੂੰ ਵਫ਼ਾ ਤੇ ਜਫ਼ਾ ਦੇ ਰੂਪ ਵਿਚ ਜਦੋਂ ਪ੍ਰਗਟਾਓਗੇ; ਦੁਸ਼ਮਨ ਦਾ ਮੂੰਹ ਉਡ ਜਾਵੇਗਾ। ਚਲਦੇ ਇਨਕਲਾਬ ਦੀ ਕਲਿਆਣਕਾਰੀ ਲਹਿਰ ਸਰਮਾਏਦਾਰ ਨੂੰ ਬੁਖਲਾਵੇਗੀ ਤੇ ਆਮ ਜਨਤਾ ਦੇ ਉਤਸ਼ਾਹ ਨੂੰ ਚੜ੍ਹਦੀ ਕਲਾ ਦਾ ਉਭਾਰ ਦੇਵੇਗੀ। ਸੁੰਦਰਤਾ ਆਪਣੀ ਥਾਂ ਖਿੱਚ ਪਾਵੇਗੀ। ਇਉਂ ਸੱਚ, ਕਰਾਂਤੀ ਤੇ ਸੁੰਦਰਤਾ ਦਾ ਮੇਲ ਮਨੁੱਖ ਦੀ ਜਦੋਜਹਿਦ ਨੂੰ ਪਰਵਾਨਗੀ ਦੀ ਸਿਖਰ ਤੇ ਲੈ ਜਾਂਦਾ ਹੈ।

ਸਾਹਿਤਕਾਰਾਂ ਨੂੰ ਆਪਣੇ ਅਹਿਸਾਸ ਦੇ ਸ਼ੀਸ਼ੇ ਵਿਚ ਝਾਤੀ ਮਾਰਨ ਦੀ ਲੋੜ ਹੈ। ਸਾਡੇ ਅਹਿਸਾਸ ਵਿਚ ਸਮਾਜ ਦਾ ਯਥਾਰਥ ਮੂਰਤੀਮਾਨ ਹੈ। ਜੇ ਈਮਾਨਦਾਰੀ ਨਾਲ ਅਸੀਂ ਉਸ ਤਸਵੀਰ ਨੂੰ ਜ਼ਾਹਰ ਲੈ ਆਈਏ; ਆਪਣਾ ਫਰਜ਼ ਵੀ ਪੂਰਾ ਕਰਾਂਗੇ ਤੇ ਲੋਕਾਂ ਦਾ ਕਰਜ਼ਾ ਵੀ ਲਾਹਾਂਗੇ। ਨਹੀਂ ਆਪਣੀ ਹੀ ਜ਼ਮੀਰ ਦੇ ਭਾਰ ਹੇਠ ਕੁਚਲੇ ਜਾਵਾਂਗੇ। ਮੈਨੂੰ ਵਿਸ਼ਵਾਸ ਹੈ, ਆਪਣੇ ਕਾਮੇ ਮਨੁੱਖ ਦਾ ਆੜੀ ਸਾਹਿਤਕਾਰ ਆਪਣੇ ਕਰਤੱਵ ਦਾ ਪਾਲਣ ਤਨਦੇਹੀ ਨਾਲ ਕਰੇਗਾ। ਉਹ ਪੁਰਖਿਆਂ ਦੀ ਰਵਾਇਤ ਨੂੰ ਲਾਜ ਨਹੀਂ ਲਾਵੇਗਾ।

ਜਸਵੰਤ ਸਿੰਘ ਕੰਵਲ

ਅਕਾਲੀ ਤਰਾਵਾਂ ਨਾਲ ਕੁਝ ਗੱਲਾਂ

ਪਿਆਰੇ ਜਥੇਦਾਰ ਅਕਾਲੀ ਭਰਾਓ !

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ! ਪੰਥ ਦੇ ਦਰਦ ਤੇ ਪੰਜਾਬ ਦੇ ਕਿਸਾਨਾਂ ਦੀ ਦਿਨੋ ਦਿਨ ਨਿਘਰਦੀ ਆਰਥਕ ਦਸ਼ਾ ਨੂੰ ਵੇਖ ਕੇ ਕੁਝ ਗੱਲਾਂ ਕਰਨ ਲਈ ਮਜਬੂਰ ਹੋਇਆ ਹਾਂ । ਅਜਿਹੀ ਹਾਲਤ ਵਿਚ ਹਰ ਪੰਥ ਦਰਦੀ ਦਾ ਫਰਜ਼ ਹੈ, ਉਹ ਨਿਝੱਕ ਆਪਣੀ ਰਾਇ ਦੇਵੇ । ਪੰਥ ਦੇ ਪਤਨ ਵਿਚ ਓਨਾ ਅੰਗਰੇਜ਼ ਤੇ ਕੇਂਦਰੀ ਸਰਕਾਰ ਦਾ ਹੱਥ ਨਹੀਂ, ਜਿੰਨਾ ਤੁਹਾਡੀਆਂ ਗਲਤ ਨੀਤੀਆਂ ਦਾ ਰਿਹਾ ਹੈ । ਇਤਿਹਾਸ ਦੇ ਚਾਨਣ ਵਿਚ ਨਿਰਣਾ ਕੀਤਾ ਜਾ ਸਕਦਾ ਹੈ । ਨਿਰਣਾ ਕਰਨ ਤੋਂ ਪਹਿਲਾਂ ਮੈਂ ਵਿਸ਼ਵਾਸ ਨਾਲ ਆਖਦਾ ਹਾਂ ਵਿਗੜੀ ਬਣ ਸਕਦੀ ਹੈ- ਉਲਝੀ ਸੁਲਝ ਸਕਦੀ ਹੈ । ਤੁਸੀਂ ਹਮੇਸ਼ਾ ਆਪਣੇ ਜ਼ੋਰ ਨਾਲ ਹੀ ਥਹਿੰਦੇ ਰਹੇ ਹੋ । ਲੋੜ ਸੁਚੇਤ ਰੂਪ ਵਿਚ ਸੰਭਲਣ ਦੀ ਹੈ ।

ਆਜ਼ਾਦੀ ਦੀ ਜੰਗ ਵਿਚ ਫਾਹੇ ਲਗਣ ਵਾਲੇ ਕੁਲ 121 ਹਿੰਦੋਸਤਾਨੀਆਂ ਵਿਚੋਂ 73 ਸਿਖ ਸਨ । ਉਮਰ ਕੈਦ ਤੇ ਕਾਲੇ ਪਾਣੀ ਜਾਣ ਵਾਲੇ 2647 ਵਿਚੋਂ 2147 ਸਿੱਖ ਸਨ । ਜਲ੍ਹਿਆਂਵਾਲੇ ਬਾਗ ਦੇ ਕਤਲਾਮ ਵਿਚ ਜਨਰਲ ਡਾਇਰ ਨੇ ਮਾਰੇ 1302 ਵਿਅਕਤੀ, ਜਿਹਨਾਂ ਵਿਚੋਂ 799 ਸਿੱਖ ਸਨ । ਆਜ਼ਾਦ ਹਿੰਦ ਫੌਜ ਵਿਚ ਅੱਧਿਓਂ ਬਹੁਤੇ ਸਿੱਖ ਸਨ । ਅੰਗਰੇਜ਼ ਸਾਮਰਾਜ ਵਿਰੁੱਧ ਚੱਲੀ ਹਥਿਆਰਬੰਦ ਬਗ਼ਾਵਤ ਅਥਵਾ ਸ਼ਾਂਤ ਲਹਿਰ ਵਿਚ ਸਿੱਖਾਂ ਆਪਣੀ ਘੱਟ ਗਿਣਤੀ ਨਾਲੋਂ ਕਈ ਗੁਣਾ ਵੱਧ ਹਿੱਸਾ ਪਾਇਆ । ਟਾਕਰੂ ਤੇ ਇਨਕਲਾਬੀ ਪੱਖੋਂ ਇਤਿਹਾਸ ਨੂੰ ਰੋਸ਼ਨ ਕਰ ਵਿਖਾਇਆ । ਕਸ਼ਮੀਰ ਦੀ ਜੰਗ, ਖੇਮਕਰਨ ਸੈਕਟਰ ਤੇ ਬੰਗਲਾਦੇਸ਼ ਦੀ ਆਜ਼ਾਦੀ ਯਾਦਗਾਰੀ ਮਿਸਾਲਾਂ ਹਨ । ਆਜ਼ਾਦੀ ਤੇ ਆਜ਼ਾਦੀ ਦੀ ਰਾਖੀ ਲਈ

ਕੁਰਬਾਨੀ ਦੀ ਵੇਦੀ ਉਤੇ ਵਹਾਇਆ ਲਹੂ ਪੰਜਾਬ ਦੀ ਕਿਸਾਨੀ ਲਈ ਆਰਥਿਕ ਗੁਲਾਮੀ ਕਿਉਂ ਸਿੱਧ ਹੋਇਆ ? ਬਹੁਤਾ ਗਲਤ ਅਕਾਲੀ ਨੀਤੀਆਂ ਕਾਰਨ ।

ਅੰਗਰੇਜ਼ ਸਾਮਰਾਜ ਨੇ ਹਿੰਦੋਸਤਾਨ ਛੱਡਣ ਤੋਂ ਪਹਿਲਾਂ ਤੁਹਾਨੂੰ ਹਿੰਦੂਆਂ ਤੇ ਮੁਸਲਮਾਨਾਂ ਦੇ ਬਰਾਬਰ ਕੌਮ ਮੰਨਿਆ । ਕਾਂਗਰਸ ਤੇ ਮੁਸਲਮ ਲੀਗ ਨੇ ਵੀ ਤੁਹਾਨੂੰ ਕੌਮ ਮੰਨਿਆ, ਜੇ ਨਾ ਮੰਨਦੇ , ਵੰਡ ਕਦੇ ਨਾ ਕਬੂਲਦੇ । ਕਾਂਗਰਸ ਉਸ ਸਮੇਂ ਲੀਗ ਤੋਂ ਕਿਵੇਂ ਵੀ ਘਟ ਫਿਰਕਾਪ੍ਰਸਤ ਨਹੀਂ ਸੀ । ਤੇ ਅੱਜ ਵੀ ਉਹਦਾ ਕਿਰਦਾਰ ਜਿਉਂ ਦਾ ਤਿਉਂ ਹੈ, ਬਤੌਰ ਕੌਮ ਮੰਨੇ ਹੋਏ ਹੱਕ ਨੂੰ ਭਲਾ ਕੀਹਨੇ ਗਵਾਇਆ ? ਉਦੋਂ ਦੀ ਲੀਡਰਸ਼ਿਪ ਨੇ, ਜਿਸ ਬਿਨਾਂ ਕਿਸੇ ਸ਼ਰਤ ਆਪਣਾ ਆਪ ਹਿੰਦੂ ਕਾਂਗਰਸ ਦੇ ਹਵਾਲੇ ਕਰ ਦਿਤਾ ।

ਮਿਸਟਰ ਜਿਨਾਹ ਵੰਡ ਸਮੇਂ ਤੁਹਾਨੂੰ ਪਾਕਿਸਤਾਨ ਵਿਚ ਖੁਦ ਮੁਖਤਿਆਰ ਸਟੇਟ ਦੇਂਦਾ ਸੀ । ਜਿਸ ਵਿਚ ਲਾਹੌਰ, ਨਨਕਾਣਾ ਸਾਹਿਬ ਤੇ ਲਾਇਲਪੁਰ ਆਦਿ ਪੈਂਦੇ ਸਨ । ਇਸ ਔਫਰ ਨੂੰ ਸਾਰਾ ਜੱਗ ਜਹਾਨ ਜਾਣਦਾ ਹੈ। ਗਿ: ਕਰਤਾਰ ਸਿੰਘ ਚਾਹੁੰਦਾ ਸੀ, ਏਹੋ ਖੁਦ ਮੁਖਤਿਆਰ ਸਟੇਟ ਹਿੰਦੋਸਤਾਨ ਵਿਚ ਲਈ ਜਾਵੇ । ਬਿਨਾਂ ਸ਼ਰਤ ਨਿਰੇ ਜ਼ਬਾਨੀ ਭਰੋਸੇ ਉਤੇ ਸ਼ਾਮਲ ਨਾ ਹੋਇਆ ਜਾਵੇ । ਸਿੱਖ ਸਟੇਟ ਦੇ ਕਿਤਾਬਚੇ ਦਾ ਪੰਜਾਬੀ ਤਰਜਮਾ ਉਦੋਂ ਦਾਸ ਨੇ ਕੀਤਾ ਸੀ । ਮੈਂ ਗਿ: ਸ਼ਾਦੀ ਸਿੰਘ, ਸ. ਅਮਰ ਸਿੰਘ ਦੁਸਾਂਝ (ਉਦੋਂ ਐਸ. ਜੀ. ਪੀ. ਸੀ. ਦੇ ਜਨਰਲ ਸਕੱਤਰ) ਤੇ ਗਿ: ਕਰਤਾਰ ਸਿੰਘ ਦੇ ਕਾਫੀ ਨੇੜੇ ਸਾਂ । ਗਿ: ਕਰਤਾਰ ਸਿੰਘ ਘਟ ਗਿਣਤੀ ਵਿਚ ਰਹਿ ਗਿਆ । ਅਕਾਲੀ ਲੀਡਰਸ਼ਿਪ ਦੀ ਬਹੁ ਗਿਣਤੀ ਨੇ ਬਿਨਾਂ ਸ਼ਰਤ ਹਿੰਦੋਸਤਾਨ ਵਿਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ । ਸ. ਬਲਦੇਵ ਸਿੰਘ ਨੇ ਪੰਡਤ ਨਹਿਰੂ ਦੇ ਟੇਟੇ ਚੜ੍ਹਕੇ ਪੰਥ ਦੀਆਂ ਬੇੜੀਆਂ ਹੀ ਰੋੜ੍ਹ ਸੁੱਟੀਆਂ । ਤੁਹਾਡੇ ਆਗੂ ਨੇ ਨਾ ਅੰਗਰੇਜ਼ ਦੀ ਸੁਣੀ ਤੇ ਨਾ ਮਿਸਟਰ ਜਿਨਾਹ ਦੀ । ਅੰਗਰੇਜ਼ ਸਿੱਖਾਂ ਲਈ ਆਜ਼ਾਦ ਰਹਿਣ ਦਾ ਹੱਕ ਰਾਖਵਾਂ ਬਣਾਉਣਾ ਚਾਹੁੰਦਾ ਸੀ । ਕਿਉਂਕਿ ਸ. ਬਲਦੇਵ ਸਿੰਘ ਦੀ ਟਾਟਾ ਨਗਰ ਵਿਚ ਕਾਰਖਾਨੀ ਲਗੀ ਹੋਈ ਸੀ। ਉਸ ਆਪਣੀ ਕਾਰਖਾਨੀ ਤੋਂ ਸਿੱਖਾਂ ਦੀ ਆਜ਼ਾਦ ਹਸਤੀ ਹੀ ਵਾਰ ਦਿਤੀ । ਇਸ ਤਾਰੀਖੀ ਸੱਚ ਨੂੰ ਕਿਥੇ ਲੁਕੋਵੋਗੇ ? ਇਸ ਇਤਿਹਾਸਕ ਗਲਤੀ ਨੂੰ ਤੁਸੀਂ ਪੰਥ ਨਾਲ ਗਦਾਰੀ ਆਖੋਗੇ ਜਾਂ ਦੁਸ਼ਮਣੀ ? ਸ. ਬਲਦੇਵ ਸਿੰਘ ਤੇ ਮਾਸਟਰ ਤਾਰਾ ਸਿੰਘ ਦੇ ਬਹੁ ਗਿਣਤੀ ਤੋਂ ਕਰਵਾਏ ਫੈਸਲੇ ਦੇ ਨਤੀਜੇ ਅੱਜ ਪੰਥ ਤੇ ਸਾਰਾ ਪੰਜਾਬ ਭੁਗਤ ਰਿਹਾ ਹੈ । ਮਿਸਟਰ ਜਿਨਾਹ ਨੇ ਵੰਡ ਦੇ ਆਖਰੀ ਪੜਾਅ ਵਿਚ ਅਕਾਲੀ ਲੀਡਰਾਂ ਨੂੰ ਆਖਿਆ ਸੀ, 'ਸਾਡੇ ਨਾਲ ਆ ਜਾਉਗੇ ਤਾਂ ਪੰਜਾਬ ਦਾ

ਹਿੰਦੂ ਸਿੱਖ ਬਣ ਜਾਵੇਗਾ, ਓਧਰ ਜਾਵੋਗੇ ਤਾਂ ਪੰਜਾਹ ਸਾਲ ਬਾਅਦ ਹਿੰਦੂਆਂ ਵਿਚ ਸਮਾ ਜਾਵੋਗੇ, ਨਹੀਂ ਗੁਲਾਮੀ ਹੰਢਾਉਗੇ।' ਜਿਸ ਦਾ ਰਾਜ ਉਸੇ ਦਾ ਤੇਜ। ਭਲਾ ਹੁਣ ਕੀ ਮਹਿਸੂਸ ਕਰ ਰਹੇ ਹੋ ? ਪੰਥ ਆਜ਼ਾਦ, ਦੇਸ਼ ਆਜ਼ਾਦ ਦਾ ਨਾਅਰਾ ਕਿਥੇ ਗਿਆ ? ਉਦੋਂ ਮਾਸਟਰ ਤਾਰਾ ਸਿੰਘ ਤੇ ਬਲਦੇਵ ਸਿੰਘ ਇਕ ਦੂਜੇ ਦੀ ਪੈੜ ਵਿਚ ਪੈੜ ਰੱਖ ਕੇ ਚਲ ਰਹੇ ਸਨ। ਦੇਸ਼ ਆਜ਼ਾਦ ਹੋ ਗਿਆ ਤੇ ਪੰਥ ਪਿੰਜਰੇ ਦਾ ਸ਼ੇਰ ਬਣ ਗਿਆ, ਜਿਹੜਾ ਅੱਜ ਤੱਕ ਪੋਲੀਟੀਕਲ ਸਰਕਸ ਵਿਚ ਕਲਾਬਾਜ਼ੀਆਂ ਖਾ ਰਿਹਾ ਹੈ।

ਪੋਲੀਟੀਕਲ ਠੱਗੀ ਵਜ ਜਾਣ ਪਿਛੋਂ ਮਾਸਟਰ ਤਾਰਾ ਸਿੰਘ ਨੇ ਪੰਥ ਲਈ 'ਹਾਅ ਹੂ' ਸ਼ੁਰੂ ਕਰ ਦਿੱਤੀ (ਬਹੁਤੀ ਆਪਣੀ ਲੀਡਰੀ ਲਈ)। ਮੈਂ ਇਹ ਨਹੀਂ ਆਖਦਾ, ਲੀਡਰਾਂ ਤੋਂ ਗਲਤੀਆਂ ਨਹੀਂ ਹੁੰਦੀਆਂ, ਪਰ ਇਤਿਹਾਸਕ ਗਲਤੀਆਂ ਕਰਨ ਪਿਛੋਂ ਵੀ ਬੇੜਾ ਡੋਬਣ ਵਾਲੇ ਮਲਾਹ ਚੱਪੂ ਕਿਉਂ ਫੜੀ ਰੱਖਣ। ਵੰਡ ਤੋਂ ਪਹਿਲਾਂ ਹਿੰਦੂ ਪਰੈਸ ਨੇ ਸਿੱਖਾਂ ਨੂੰ ਨਾਲ ਰੱਖਣ ਲਈ (ਗੌਂ ਕਾਰਨ) ਮਾ: ਤਾਰਾ ਸਿੰਘ ਦੀਆਂ ਤਸਵੀਰਾਂ ਅਖ਼ਬਾਰਾਂ ਦੇ ਫੁਲ ਪੇਜ ਦੀਆਂ ਫਰੰਟ ਤੇ ਪੰਜਾਬ ਦਾ ਸ਼ੇਰ ਬਣਾ ਕੇ ਛਾਪੀਆਂ। ਕਿਉਂਕਿ ਉਸ ਲਾਹੌਰ ਅਸੈਂਬਲੀ ਤੋਂ ਮੁਸਲਮ ਲੀਗ ਦਾ ਝੰਡਾ ਪਾੜਿਆ ਸੀ। ਹਲਾਲੀ ਨਿਸ਼ਾਨ ਤਾਂ ਅੱਜ ਵੀ ਲਾਹੌਰ ਤੇ ਝੂਲ ਰਿਹਾ ਹੈ, ਪਰ ਹਿੰਦੂ ਪਰੈਸ ਨੇ ਕੰਮ ਲੈਣ ਪਿਛੋਂ ਉਸ ਨੂੰ ਮੁੜ ਪੰਜਾਬ ਦਾ ਗਿੱਦੜ ਵੀ ਨਾ ਸਮਝਿਆ।

ਮੁਸਲਮ ਲੀਗ ਨੇ ਦੇਸ਼ ਆਜ਼ਾਦ ਕਰਵਾਉਣ ਲਈ ਕੋਈ ਕੁਰਬਾਨੀ ਨਹੀਂ ਕੀਤੀ, ਸਗੋਂ ਅੰਗਰੇਜ਼ ਦੀ ਝੋਲੀ ਚੁਕਦੀ ਰਹੀ। ਪਰ ਵੰਡ ਵੇਲੇ ਰੁਪਈਏ ਵਿਚੋਂ ਚਵਾਨੀ ਤੋਂ ਵੀ ਵੱਧ ਹਿੱਸਾ ਲੈ ਗਈ। ਸਿੱਖਾਂ ਨੇ ਕੁਰਬਾਨੀਆਂ ਸਭ ਤੋਂ ਵੱਧ ਕੀਤੀਆਂ, ਲਿਆ ਕੁਝ ਵੀ ਨਾ। ਅਕਾਲੀਆਂ ਨੇ ਹਿੰਦੁਸਤਾਨ ਵਿਚ ਰਹਿਣਾ ਮੰਨਿਆ, ਪਰ ਇੱਟ-ਖੜੱਕਾ ਆਜ਼ਾਦ ਹੋਣ ਬਾਅਦ ਹੀ ਕੇਂਦਰੀ ਸਰਕਾਰ ਨਾਲ ਸ਼ੁਰੂ ਕਰ ਦਿੱਤਾ। ਰਹਿੰਦੀ ਗੱਲ ਮਾਸਟਰ ਤਾਰਾ ਸਿੰਘ ਨੇ ਫਤਿਹਗੜ੍ਹ ਸਾਹਿਬ ਦੇ ਗੁਰਦੁਆਰੇ ਵਿਚ ਸ. ਗਿਆਨ ਸਿੰਘ ਰਾੜੇਵਾਲੇ ਦੇ ਲਿਆਂਦੇ ਪੰਡਤ ਨਹਿਰੂ ਦੀ ਬੇਇੱਜ਼ਤੀ ਕਰ ਕੇ ਗਵਾ ਦਿੱਤੀ। ਕੁਰਬਾਨੀਆਂ ਕਰਨਾ, ਤੇ ਲੜਨਾ ਹੀ ਲੜਨਾ, ਹਾਸਲ ਕੁਝ ਵੀ ਨਾ ਕਰਨਾ- ਇਹ ਕੀ ਗੱਲ ਹੋਈ ? ਲੜਾਈ ਤੇ ਮੋਰਚਿਆਂ ਵਿਚ ਪੰਥ ਦੇ ਨਾਂ ਤੇ ਲੀਡਰੀ ਤਾਂ ਤੁਸੀਂ ਹੰਢਾਉਂਦੇ ਰਹੇ, ਪਰ ਤਾਰੀਖੀ ਗਲਤੀਆਂ ਦੇ ਨਤੀਜੇ ਸਾਰਾ ਪੰਜਾਬ ਭੁਗਤਦਾ ਰਿਹਾ। ਤੁਸੀਂ ਪੰਜਾਬੀ ਸੂਬਾ ਮੰਗਿਆ। ਨਹਿਰੂ ਨੇ ਅਣਵੰਡੇ ਪੰਜਾਬ ਨੂੰ ਪੰਜਾਬੀ ਬੋਲਦਾ ਸੂਬਾ ਕਹਿ ਦਿਤਾ। ਤੁਸਾਂ ਉਹ

ਮੌਕਾ ਵੀ ਨਾ ਸਾਂਭਿਆ । ਬਾਂਗਰੂ ਬੋਲਦੇ ਲੋਕ ਆਪੇ ਜਦੋ-ਜਹਿਦ ਕਰਕੇ ਵੱਖ ਬੋਲੀ ਤੇ ਕਲਚਰ ਸਾਬਤ ਕਰਦੇ ਫਿਰਦੇ । ਪਰ ਤੁਸਾਂ ਕੁਝ ਮਿਲੇ ਨਾ ਮਿਲੇ ਲੜਨ ਦਾ ਆਹਡਾ ਜ਼ਰੂਰ ਲਾਈ ਰਖਣਾ ਹੈ ।

ਮਾਸਟਰ ਤਾਰਾ ਸਿੰਘ ਤੇ ਹੋਰ ਜਥੇਦਾਰਾਂ ਨੂੰ ਵੰਡ ਤੋਂ ਪਿਛੋਂ ਅਹਿਸਾਸ ਹੋਇਆ ਕਿ ਅਸੀਂ ਬੇਅੰਤ ਕੁਰਬਾਨੀਆਂ ਕਰਕੇ ਆਜ਼ਾਦੀ ਦੀ ਬੁਨਿਆਦੀ ਲੜਾਈ ਹਾਰ ਚੁੱਕੇ ਹਾਂ । ਉਹ ਪੰਜਾਬ ਵਿਚ ਸਿੱਖਾਂ ਦਾ ਹੱਥ ਉਤੇ ਰਾਜ ਚਾਹੁੰਦਾ ਸੀ । ਹਿੰਦੀ ਪੰਜਾਬੀ ਭਾਸ਼ਾਈ ਜ਼ੋਨ ਬਣਨ ਵਿਚ ਵੀ ਗਿ: ਕਰਤਾਰ ਸਿੰਘ ਦਾ ਵੱਡਾ ਹੱਥ ਸੀ ।

ਸ੍ਰੀ ਰਮੋਲੋ ਦੀ ਸ਼ਹਾਦਤ ਨਾਲ ਕਰੋੜਾਂ ਰੁਪਏ ਦੀ ਤੋੜ ਫੋੜ ਉਤੇ ਨਹਿਰੂ ਨੂੰ ਮਜਬੂਰ ਹੋ ਕੇ ਆਂਧਰਾ ਪ੍ਰਦੇਸ਼ ਬਨਾਉਣ ਦਾ ਝਟ ਐਲਾਨ ਕਰਨਾ ਪਿਆ। ਹੁਣ ਤੱਕ ਕਾਂਗਰਸ ਤੇ ਸਰਕਾਰ ਨੇ ਜ਼ਬਾਨ ਦੇ ਅਧਾਰ ਉਤੇ ਸੂਬੇ ਸਥਾਪਤ ਕਰਨ ਦੇ ਕਰਾਚੀ ਰੈਜ਼ੂਲੇਸ਼ਨ ਨੂੰ ਟਿੱਚ ਸਮਝ ਛਡਿਆ ਸੀ । ਜ਼ਬਾਨ ਤੇ ਕਲਚਰ ਦੇ ਆਧਾਰ ਨੂੰ ਮੁੱਖ ਰੱਖ ਕੇ ਸਰਕਾਰ ਨੂੰ ਕਮਿਸ਼ਨ ਨੀਯਤ ਕਰਨਾ ਪਿਆ । ਪੰਜਾਬ ਤੋਂ ਬਿਨਾਂ ਬਾਕੀ ਸਾਰਾ ਹਿੰਦੁਸਤਾਨ ਜ਼ਬਾਨ ਦੇ ਆਧਾਰ ਉਤੇ ਵੰਡ ਦਿੱਤਾ। ਸਿੱਖਾਂ ਉੱਤੇ ਕੇਂਦਰ ਨੂੰ ਇਤਬਾਰ ਨਹੀਂ, ਭਾਵੇਂ ਉਹਨਾਂ ਆਜ਼ਾਦੀ ਲਿਆਉਣ ਲਈ ਹਜ਼ਾਰਾਂ ਗੋਲੀਆਂ ਖਾਧੀਆਂ, ਸੈਂਕੜੇ ਫਾਂਸੀਆਂ ਝੁੱਲੀਆਂ ਤੇ ਹਜ਼ਾਰਾਂ ਕਾਲੇ ਪਾਣੀ ਸਹੇ ਸਨ । ਤੁਹਾਨੂੰ ਯਾਦ ਹੋਵੇਗਾ, ਆਜ਼ਾਦ ਹੋਣ ਪਿਛੋਂ ਸ. ਪਟੇਲ ਦੀ ਮਿਹਰਬਾਨੀ ਨਾਲ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਕਰਾਰ ਦੇਣ ਦਾ ਐਕਟ ਵੀ ਬਣਨ ਲਗਾ ਸੀ । ਇਸ ਘਿਰਣਾ ਭਰੇ ਵਤੀਰੇ ਤੋਂ ਪੰਜਾਬ ਦੇ ਸਾਧਾਰਨ ਲੋਕ ਵੀ ਹਿੰਦ ਸਰਕਾਰ ਦੀ ਬਦਨੀਤੀ ਨੂੰ ਮਹਿਸੂਸ ਕਰਨ ਲੱਗੇ । ਪੰਜਾਬ ਦੀਆਂ ਕਾਮੀਆਂ ਜਮਾਤਾਂ ਵਿਰੁੱਧ ਧਰਮੀ ਪੰਡਤਾਂ ਤੇ ਵਪਾਰੀ ਬਾਣੀਆਂ ਦੀਆਂ ਚੜ੍ਹ ਮੱਚੀਆਂ। ਵਧਦਾ ਅਨਿਆਂ ਮਹਿਸੂਸ ਕਰਨ ਨਾਲ ਪੰਜਾਬੀ ਸੂਬੇ ਦੀ ਤਹਿਰੀਕ ਜ਼ੋਰ ਫੜ ਤੁਰੀ । ਕਾਂਗਰਸ ਦੇ ਅੰਮ੍ਰਿਤਸਰ ਅਜਲਾਸ ਸਮੇਂ ਸਿੱਖਾਂ ਦੇ ਚਾਰ ਗੁਣਾਂ ਜਲੂਸ ਨੇ ਹਿੰਦੋਸਤਾਨ ਹਲਾ ਕੇ ਰੱਖ ਦਿੱਤਾ। ਪਰ ਉਦੋਂ ਤੱਕ ਪੰਜਾਬੀ ਸੂਬੇ ਦੀ ਮੰਗ ਅਤੇ ਹੱਦਬੰਦੀ ਦਾ ਸਪਸ਼ਟੀਕਰਨ ਕੋਈ ਨਹੀਂ ਸੀ । ਜ਼ਬਾਨ ਦੇ ਆਧਾਰ ਤੇ ਪੰਜਾਬੀ ਸੂਬੇ ਦੀ ਮੰਗ ਦਾ ਪਹਿਲਾ ਰੈਜ਼ੂਲੇਸ਼ਨ ਸਵਾ ਸੌ ਲਿਖਾਰੀਆਂ ਦੇ ਸਮਾਗਮ ਵਿਚ ਢੁਡੀਕੇ ਵਿਖੇ ਦਾਸ ਨੇ ਪੇਸ਼ ਕੀਤਾ। (ਇਹ ਕੋਈ ਵਡਿਆਈ ਨਹੀਂ, ਹਕੀਕਤ ਹੈ) ਜਿਸ ਦੀ ਤਾਈਦ ਗਿ: ਹੀਰਾ ਸਿੰਘ ਦਰਦ ਨੇ ਅਤੇ ਮਜ਼ੀਦ ਪ੍ਰਿੰ: ਸੰਤ ਸਿੰਘ ਸੇਖੋਂ ਨੇ ਕੀਤੀ ਸੀ । ਇਸ ਜ਼ਬਾਨ ਦੇ ਆਧਾਰ ਨੂੰ ਸਭ ਤੋਂ ਪਹਿਲਾਂ ਸਾਂਝੀ

ਕਮਿਊਨਿਸਟ ਪਾਰਟੀ ਨੇ ਮੰਨਿਆ । ਉਸ ਪਿੱਛੋਂ ਜਥੇਦਾਰ ਸੰਪੂਰਨ ਸਿੰਘ ਨੇ ਸਹੀ ਸਟੈਂਡ ਲਈ ਤੇ ਅਖੀਰ ਵਿਚ ਸੰਤ ਫਤਹਿ ਸਿੰਘ ਨੇ ਰਜ਼ਾਮੰਦੀ ਜ਼ਾਹਰ ਕੀਤੀ ।

ਜ਼ਬਾਨ ਦੇ ਆਧਾਰ ਨੂੰ ਮੁੱਖ ਰੱਖ ਕੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੰਤ ਫਤਹਿ ਸਿੰਘ ਨੇ ਅਕਾਲ ਤਖ਼ਤ ਉੱਤੇ ਮਰਨ ਵਰਤ ਦਾ ਐਲਾਨ ਕਰ ਦਿੱਤਾ। ਪੈਂਹਟ ਦੀ ਪਾਕਿਸਤਾਨੀ ਜੰਗ ਸਮੇਂ ਉਹ ਮੁਲਤਵੀ ਕਰਨਾ ਪਿਆ। ਮੈਂ ਸੰਤ ਜੀ ਨੂੰ ਅਕਾਲ ਤਖ਼ਤ ਉੱਤੇ ਮਿਲਿਆ । ਉਹਨਾਂ ਵਰਤ ਮੁਲਤਵੀ ਕਰਨ ਬਾਰੇ ਲੋਕਾਂ ਦੀ ਰਾਇ ਪੁੱਛੀ, ਮੈਂ ਉੱਤਰ ਦਿੱਤਾ, ਤੁਸਾਂ ਬਹੁਤ ਚੰਗਾ ਕੀਤਾ । ਆਖਰ ਪੰਜਾਬੀ ਸੂਬਾ ਬਣਾਉਣ ਦਾ ਹਿੰਦ ਸਰਕਾਰ ਨੂੰ ਐਲਾਨ ਕਰਨਾ ਪਿਆ । ਪੰਜਾਬੀ ਸੂਬਾ ਬਣਾਉਣ ਵਿਚ ਉਹਨਾਂ ਫੌਜੀ ਸ਼ਹੀਦਾਂ ਦਾ ਵੱਡਾ ਹੱਥ ਸਮਝਣਾ ਚਾਹੀਦਾ ਹੈ, ਜਿਹਨਾਂ ਖੇਮਕਰਨ ਸੈਕਟਰ ਵਿਚ ਛਾਤੀਆਂ ਨਾਲ ਬੰਬ ਬੰਨ੍ਹ ਕੇ ਦੁਸ਼ਮਣ ਦੇ ਪੈਂਟਨ ਟੈਂਕ ਪਾੜੇ ਅਤੇ ਪਾਕਿਸਤਾਨ ਦੇ ਵੱਡੇ ਹਮਲੇ ਨੂੰ ਠੱਲ੍ਹ ਪਾਈ । ਬੱਕਰੀ ਨੇ ਦੁੱਧ ਤਾਂ ਦਿਤਾ ਪਰ ਮੀਂਗਣਾਂ ਪਾ ਕੇ । ਪੰਜਾਬੀ ਸੂਬਾ ਅਧਿਉਂ ਕੂਢ ਕਰ ਦਿਤਾ । ਊਨਾ, ਅੱਧਾ ਕਾਂਗੜਾ, ਕਾਲਕਾ, ਅੰਬਾਲਾ, ਗੂਹਲਾ ਤੇ ਸਰਸਾ ਆਦਿ ਪੰਜਾਬੀ ਬੋਲਦੇ ਇਲਾਕੇ ਹਰਿਆਣੇ ਹਿਮਾਚਲ ਵਿਚ ਪਾ ਦਿੱਤੇ । ਚੰਡੀਗੜ੍ਹ ਹਿੰਦ ਸਰਕਾਰ ਨੇ ਬਾਂਦਰ ਵੰਡ ਦੇ ਹਿੱਸੇ ਵਜੋਂ ਆਪ ਰੱਖ ਲਿਆ । ਜਦੋਂ ਪੰਜਾਬੀ ਸੂਬੇ ਦੀ ਹੱਦ- ਬੰਦੀ ਉਲੀਕੀ ਜਾ ਰਹੀ ਸੀ, ਮੈਂ ਨਕਸ਼ੇ ਲੈ ਕੇ ਸੰਤ ਜੀ ਨੂੰ ਮੁੜ ਅਕਾਲ ਤਖ਼ਤ ਤੇ ਮਿਲਿਆ ਸਾਂ । ਲਾਲ ਨਿਸ਼ਾਨ ਲਾ ਕੇ ਮੁਗ਼ਲ ਪਠਾਣ ਰਾਜ ਸਮੇਂ ਸਰਹੰਦ ਤੇ ਪਾਣੀਪਤ ਸੂਬਿਆਂ ਦੀ ਹੱਦ ਸਮਝਾਈ ਤੇ ਜ਼ੋਰ ਦਿੱਤਾ, ਇਸ ਨਕਸ਼ੇ ਦੇ ਆਧਾਰ ਤੇ ਤੁਸੀ ਹੱਦ-ਬੰਦੀ ਲਈ ਬਿਆਨ ਦੇਵੋ । ਪਰ ਸੰਤ ਜੀ ਨੇ ਨਕਸ਼ੇ ਰੱਖ ਲਏ, ਬਿਆਨ ਕੋਈ ਨਾ ਦਿੱਤਾ । ਮੇਰੀ ਉਲੀਕ ਅਨੁਸਾਰ ਸਿੱਖਾਂ ਦੀ ਗਿਣਤੀ ਸੂਬੇ ਵਿਚ ਘਟਦੀ ਸੀ ਤੇ ਸੰਤ ਜੀ ਰਾਜ ਵਿਚ ਸਿੱਖਾਂ ਦਾ ਹੱਥ ਉਤੇ ਚਾਹੁੰਦੇ ਸਨ । ਪੰਜਾਬੀ ਸੂਬੇ ਦੀ ਹੱਦਬੰਦੀ ਦਾ ਭਖਿਆ ਮੈਦਾਨ ਵਿਚਾਲੇ ਛੱਡ ਕੇ ਉਹ ਸਿੰਘਾਪੁਰ ਨੂੰ ਤੁਰ ਗਏ ਅਤੇ ਉਥੋਂ ਸਿੱਧੇ ਇੰਗਲੈਂਡ ਨੂੰ ਚਾਲੇ ਪਾ ਦਿੱਤੇ । ਪੈਰਵੀ ਬਿਨਾਂ ਜੋ ਹਾਲ ਪੰਜਾਬੀ ਸੂਬੇ ਦਾ ਹੋਇਆ, ਉਹ ਸਭ ਦੇ ਸਾਹਮਣੇ ਐ । ਪੰਜਾਬ ਦੇ ਫਿਰਕੂ ਹਿੰਦੂਆਂ ਗੁਲਜ਼ਾਰੀ ਲਾਲ ਨੰਦੇ ਦੀ ਮਿਲੀ ਭੁਗਤ ਨਾਲ ਸੂਬੇ ਦੀ ਸੱਤਿਆ ਕੱਢ ਕੇ ਰੱਖ ਦਿੱਤੀ । ਅੱਜ ਪੰਜਾਬ ਦੇ ਬਿਜਲੀ ਪਾਣੀ ਉੱਤੇ ਵੀ ਡਾਕੇ ਪੈ ਰਹੇ ਹਨ । ਪਰ ਅਕਾਲੀ ਭਾਈਆਂ ਹਮੇਸ਼ਾਂ ਵੇਲਾ ਵਿਹਾ ਕੇ ਪਛਤਾਵੇ ਉੱਤੇ ਜ਼ੋਰ ਦਿੱਤਾ ਹੈ ।

ਦਿਨੋ-ਦਿਨ ਪੰਜਾਬ ਦੀ ਲੁੱਟਮਾਰ ਹਰ ਪੱਖੋਂ ਵਧਦੀ ਗਈ। ਪੰਜਾਬ ਦੀ ਮੇਜਰ ਪੈਦਾਵਾਰ ਕਣਕ ਤੇ ਝੋਨਾ ਮਨ ਮਰਜ਼ੀ ਦੇ ਕੰਟਰੋਲ ਰੇਟ ਨਾਲ ਚੁੱਕ ਲਈ ਜਾਂਦੀ। ਲਾਗਤ ਮਿਹਨਤ ਨੂੰ ਕਦੇ ਮੁੱਖ ਨਹੀਂ ਰਖਿਆ ਗਿਆ। ਆਪਣੇ ਹੱਥ ਠੋਕੇ ਐਗਰੀਕਲਚਰ ਪ੍ਰਾਈਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੰਨੀਆਂ ਜਾਂਦੀਆਂ ਰਹੀਆਂ। ਕੰਟਰੋਲ ਰੇਟ ਤੇ ਚੁੱਕੀ ਪੈਦਾਵਾਰ ਦੀ ਕੀਮਤ ਬਰਾਬਰ ਪੰਜਾਬ ਨੂੰ ਸੀਮਿੰਟ ਲੋਹਾ ਤੇ ਖੰਡ ਆਦਿ ਲੋੜੀਂਦੀਆਂ ਵਸਤਾਂ ਕਦੇ ਨਹੀਂ ਦਿੱਤੀਆਂ। ਲੋਕਾਂ ਨੂੰ ਹਮੇਸ਼ਾਂ ਬਲੈਕ ਵਿਚ ਖਰੀਦਣੀਆਂ ਪਈਆਂ ਹਨ। ਦੇਣਾ ਕੰਟਰੋਲ ਰੇਟ ਦੇ ਹਿਸਾਬ ਤੇ ਲੈਣਾ ਬਲੈਕ ਵਿਚ, ਮਿਹਨਤੀ ਲੋਕਾਂ ਘਸਿਆਰੇ ਤਾਂ ਬਣਨਾ ਹੀ ਹੋਇਆ। ਹੋਰ ਆਰਥਿਕ ਗੁਲਾਮੀ ਕੀਹਨੂੰ ਕਹਿੰਦੇ ਐ। ਤੇਲ ਦੀ ਪੈਦਾਵਾਰ ਉੱਤੇ ਸਰਕਾਰ ਆਸਾਮ ਤੇ ਮਹਾਂਰਾਸ਼ਟਰ ਨੂੰ ਸਤਾਰਾਂ ਪਰਸੈਂਟ ਰਾਇਲਟੀ ਦੇਂਦੀ ਹੈ। ਪਰ ਪੰਜਾਬ ਜਿਹੜਾ ਹਰ ਸਾਲ ਅਰਬਾਂ ਰੁਪਏ ਦੇ ਫਾਰਨ ਐਕਸਚੇਂਜ ਬਚਾਉਂਦਾ ਹੈ, ਉਸ ਨੂੰ ਨਿੱਤ ਵਰਤੋਂ ਦੀਆਂ ਚੀਜ਼ਾਂ ਵੀ ਬਲੈਕ ਵਿਚ ਦਿੱਤੀਆਂ ਜਾਂਦੀਆਂ ਹਨ। ਹੁਣ ਅਕਾਲੀਆਂ ਨੂੰ ਖਿਆਲ ਆਇਆ, ਅੰਦਰੂਨੀ ਖ਼ੁਦ ਮੁਖ਼ਤਿਆਰੀ ਬਿਨਾਂ ਕਿਵੇਂ ਵੀ ਨਹੀਂ ਸਰਨਾ, ਮੈਂ ਕੇਵਲ ਆਰਥਿਕ ਨਿਘਾਰ ਦੀ ਗੱਲ ਕੀਤੀ ਹੈ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਭਾਰਤੀਕਰਨ ਦੀ ਗੱਲ ਕਦੇ ਅਕਾਲੀਆਂ ਗੌਲੀ ਤਕ ਨਹੀਂ, ਜਿਹੜੀ ਪੰਜਾਬੀਅਤ ਦੀਆਂ ਬੁਨਿਆਦੀ ਜੜ੍ਹਾਂ ਹੀ ਵੱਢੀ ਜਾ ਰਹੀ ਹੈ। ਰੇਡੀਓ, ਟੀ. ਵੀ. ਤੇ ਸਿਖਿਆ ਕੋਰਸਾਂ ਨੇ ਪੰਜਾਬੀ ਦਾ ਮੂੰਹ-ਮੱਥਾ ਤੇ ਟਕਸਾਲੀ ਜੁੱਸਾ ਹੀ ਵਿਗਾੜ ਕੇ ਰੱਖ ਦਿੱਤਾ ਹੈ। ਸਭ ਤੋਂ ਮੰਦਾ ਹਾਲ ਬਾਦਲ ਰਾਜ ਸਮੇਂ ਪੰਜਾਬੀ ਦਾ ਹੋਇਆ, ਜਦੋਂ ਸੈਕਟਰੀਏਟ ਵਿਚ ਦੋਬਾਰਾ ਅੰਗਰੇਜ਼ੀ ਆ ਗਈ। ਸ. ਲਛਮਣ ਸਿੰਘ ਨੇ ਪੰਜਾਬੀ ਨੂੰ ਰਾਜ ਦੀ ਇਕੋ ਇਕ ਭਾਸ਼ਾ ਦਾ ਦਰਜਾ ਦਿੱਤਾ। ਉਦੋਂ ਉਹ ਅਕਾਲੀ ਨਹੀਂ ਸੀ ਰਿਹਾ ਭਾਵੇਂ ਕਿਸੇ ਰਾਜਸੀ ਪਾਰਟੀ ਨੇ ਵਿਰੋਧ ਨਹੀਂ ਕੀਤਾ। ਪਰ ਦੋਬਾਰਾ ਅਕਾਲੀ ਰਾਜ ਸਮੇਂ ਪੰਜਾਬੀ ਨੂੰ ਹਰ ਪੱਧਰ ਤੇ ਲਾਗੂ ਨਹੀਂ ਕੀਤਾ ਜਾ ਸਕਿਆ। ਜਲੰਧਰ, ਚੰਡੀਗੜ੍ਹ ਰੇਡੀਓ ਤੇ ਟੀ.ਵੀ. ਨੇ ਪੰਜਾਬੀ ਜ਼ਬਾਨ ਤੇ ਸਭਿਆਚਾਰ ਬਾਰੇ ਵਾਹਵਾ ਔਲ੍ਹੀ ਪਾਈ ਹੋਈ ਐ।

ਇਹ ਗੱਲ ਆਮ ਈ ਐ ਅਕਾਲੀ ਲੀਡਰਸ਼ਿਪ ਵਿਚੋਂ ਸਮੇਂ ਸਮੇਂ ਪੰਥ ਤੇ ਪੰਜਾਬ ਹਿੱਤਾਂ ਲਈ, ਗ਼ਦਾਰੀ ਕਰਕੇ ਗੁਰਮੁਖ ਪਿਆਰੇ ਕਾਂਗਰਸ ਦੀ ਨਿੱਘੀ ਬੁੱਕਲ ਵਿਚ ਜਾਂਦੇ ਰਹੇ। ਦੋ ਵਾਰ ਸਾਰੀ ਪਾਰਟੀ ਹੀ ਕਾਂਗਰਸ ਨਾਲ ਰਲ ਚੁੱਕੀ ਹੈ। ਸ. ਗੁਰਨਾਮ ਸਿੰਘ ਕਿੰਨਾ ਹੀ ਚਿਰ ਕਾਂਗਰਸ ਵਿਚ ਜਾ ਕੇ ਆਹੁਦੇ ਦਾ ਇੰਤਜ਼ਾਰ ਕਰਦੇ ਰਹੇ। ਇਕ ਕਾਂਗਰਸੀ ਨੇਤਾ ਨੇ ਆਖਿਆ, ਜੇ ਗੁਰਨਾਮ ਸਿੰਘ

ਦਾ ਮੁੱਲ ਨਾ ਪਾਇਆ, ਫਿਰ ਕਿਸੇ ਅਕਾਲੀ ਨੇ ਗ਼ਦਾਰੀ ਨਹੀਂ ਕਰਨੀ । ਤਦ ਜਾ ਕੇ ਉਸ ਨੂੰ ਆਸਟਰੇਲੀਆ ਦਾ ਹਾਈ ਕਮਿਸ਼ਨਰ ਲਾਇਆ ਗਿਆ । ਇਕ ਅਜਿਹਾ ਸਮਾਂ ਆਇਆ ਜਦੋਂ ਸ. ਲਛਮਣ ਸਿੰਘ ਕਾਂਗਰਸ ਦੀ ਸ਼ਹਿ ਤੇ ਅਕਾਲੀ ਪਾਰਟੀ ਤਿਆਗ ਕੇ ਮੁੱਖ ਮੰਤਰੀ ਬਣਿਆ । ਪਰ ਅੰਤ ਸਮੇਂ ਕਾਂਗਰਸ ਨੇ ਉਸ ਨੂੰ ਆਪਣੇ ਵਿਚ ਲੈਣੋਂ ਵੀ ਨਾਂਹ ਕਰ ਦਿੱਤੀ ਤੇ ਉਹਦੀ ਮੌਤ ਇਕ ਤਰ੍ਹਾਂ ਖੁਦਕਸ਼ੀ ਬਣ ਗਈ । ਇਹ ਖੁਦਕਸ਼ੀ ਹੁਣ ਸਾਰੇ ਪੰਥ ਅੱਗੇ ਨੰਗੀ ਤਲਵਾਰ ਬਣ ਖਲੋਤੀ ਐ, ਮੇਰਾ ਸਾਫ਼ ਮਤਲਬ ਹੈ, ਹੁਣ ਵੀ ਤੁਹਾਡੀ ਲੀਡਰਸ਼ਿਪ ਵਿਚੋਂ ਕਈ ਗੁਰਮੁਖ ਪਿਆਰੇ ਦਿੱਲੀ ਨੂੰ ਉਡਾਰੀ ਲਈ ਪਰ ਤੋਲ ਰਹੇ ਹਨ । ਤੁਹਾਡੀ ਪਿੱਠ ਵਿਚ ਛੁਰੇ ਵਜਦੇ ਰਹੇ । ਤੁਹਾਡੇ ਉਸਾਰ ਦਾ ਲੱਕ ਟੁੱਟਦਾ ਰਿਹਾ । ਪਰ ਤੁਹਾਡਾ ਡਸਿਪਲਨ ਕਦੇ ਜਲਾਲ ਵਿਚ ਨਾ ਆਇਆ । ਗ਼ਦਾਰੀਆਂ ਕਰਨ ਵਾਲੇ ਮੁੜ ਕੌਮ ਦੇ ਰਾਹਨੁਮਾ ਬਣਦੇ ਰਹੇ । ਅਕਾਲ ਤਖ਼ਤ ਦੇ ਫਰਮਾਨਾਂ ਦੀ ਕਹਾਣੀ ਵੀ ਪੰਥ ਦਾ ਸਿਰ ਨੀਵਾਂ ਹੀ ਕਰਦੀ ਹੈ । ਲੀਡਰੀ ਕਾਇਮ ਰੱਖਣ ਲਈ ਧਰਮ ਦੇ ਹਰਬੇ ਵਰਤਣੇ ਗੁਰੂ ਤੇ ਸਿੱਖੀ ਵਿਸ਼ਵਾਸ ਨੂੰ ਜ਼ਖ਼ਮੀ ਕਰਦੇ ਹਨ । ਕੌਮੀ ਗੈਰਤ ਦਾ ਸਤਿਆਨਾਸ਼ ਪੁੱਟਦੇ ਹਨ । ਤੁਸਾਂ ਕਦੇ ਸੋਚਿਆ ?

ਅੱਜ ਕਲ੍ਹ ਤੁਹਾਡੀ ਯਾਰੀ ਭਾਜਪਾ (ਜਨਸੰਘ) ਨਾਲ ਗੁੱਝੀ ਛਿਪੀ ਨਹੀਂ । ਜਿਹੜੇ ਫਿਰਕਾਪ੍ਰਸਤ ਹਿੰਦੂ, ਕੱਲ੍ਹ ਮੁਸਲਮਾਨਾਂ ਨਾਲ ਦੁਰ-ਵਿਹਾਰ ਕਰਕੇ ਪਾਕਿਸਤਾਨ ਬਣਾ ਕੇ ਆਏ, ਜ਼ਹਿਰੀਲੇ ਵਿਚਾਰਾਂ ਵਾਲੇ ਤੁਹਾਡੇ ਸਾਥੀ ਕਿਵੇਂ ਬਣ ਗਏ ? ਪੰਜਾਬੀ ਜ਼ਬਾਨ, ਕਲਚਰ ਤੇ ਸੂਬੇ ਦੇ ਵਿਰੋਧੀ ਤੁਹਾਡੇ ਲੰਗੋਟੀਏ ? ਬੜਾ ਅਸਚਰਜ। ਇਹ ਗੱਲ ਹਾਲੇ ਤੱਕ ਲੋਕਾਂ ਦੀ ਸਮਝ ਵਿਚ ਨਹੀਂ ਆਈ । ਤੁਸੀਂ ਇਹਨਾਂ ਤੋਂ ਖੁਦ-ਮੁਖ਼ਤਿਆਰੀ ਦਾ ਲੌਂਗ ਘੜਾਉਣਾ ਚਾਹੁੰਦੇ ਹੋ, ਉਹ ਤੁਹਾਡਾ ਨੱਕ ਵੱਢਣ ਲਈ ਉਸਤਰਾ ਸਾਣ੍ਹ ਤੇ ਲਾਈ ਫਿਰਦੇ ਐ । ਐਮਰਜੈਂਸੀ ਸਮੇਂ ਤੁਹਾਡਾ ਇੰਦਰਾ ਨਾਲ ਬਾਇੱਜ਼ਤ ਸਮਝੌਤਾ ਹੁੰਦਾ ਸੀ । ਤੁਸਾਂ ਉਸ ਦੀ ਚਾਹ ਪੀਤੀ, ਬਿਸਕੁਟ ਖਾਧੇ (ਜ਼ਬਾਨੀ ਇਕ ਸਕਿਉਰਟੀ ਅਫ਼ਸਰ, ਜਿਹੜਾ ਹੁਣ ਰਿਟਾਇਰਡ ਹੋ ਚੁੱਕਾ ਹੈ) ਪਰ ਉਸ ਦੀ ਕੋਠੀਓਂ ਬਾਹਰ ਆ ਕੇ ਖ਼ਿਲਾਫ਼ ਨਾਅਰੇ ਮਾਰਨੇ ਸ਼ੁਰੂ ਕਰ ਦਿੱਤੇ । ਕਿਉਂਕਿ ਬਾਦਲ ਸਾਹਿਬ ਪਟਨੇ ਜੇ. ਪੀ. ਨਾਲ ਇੰਦਰਾ ਦਾ ਵਿਰੋਧ ਕਰਨ ਲਈ ਵਚਨ ਦੇ ਆਏ ਸਨ । ਵਿਰੋਧ ਕਰੋ, ਖੰਡਾ ਖੜਕਾਉ, ਧਰਮ ਯੁੱਧ ਮਚਾਉ, ਪਰ ਹਾਸਲ ਕੁਝ ਨਾ ਕਰੋ । ਤੁਸੀਂ ਲੋਕਾਂ ਨੂੰ ਧੋਖਾ ਦੇਂਦੇ ਹੋ ਕਿ ਇਤਿਹਾਸ ਨੂੰ ਸ਼ਰਮਿੰਦਾ ਕਰਦੇ ਹੋ ? ਇਹਨਾਂ ਗਲਤ ਨੀਤੀਆਂ ਕਾਰਨ ਪੰਥ, ਪੰਜਾਬ ਤੇ ਕਿਸਾਨੀ ਹਰ ਪੱਖੋਂ ਕਮਜ਼ੋਰ ਹੀ ਕਮਜ਼ੋਰ ਹੁੰਦੀ ਗਈ । ਹੁਣ ਤੱਕ 'ਪੰਥ ਡੁੱਬੇ ਤੇ ਮੈਂ ਤਰਾਂ' ਦੀ ਨੀਤੀ ਉਤੇ ਅਮਲ ਹੁੰਦਾ ਰਿਹਾ ਹੈ ।

ਹੋਰ ਲਉ : ਤੁਸੀਂ ਡੇਸਾਈ ਦੀ ਸਰਕਾਰ ਵਿਚ ਭਾਈਵਾਲ ਬਣੇ । ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਯਾਰਾਂ ਤੋਂ ਕਿਉਂ ਵਾਪਸ ਨਾ ਲਏ ? ਨੰਗਲ ਭਾਖੜਾ ਬੋਰਡ ਦੀ ਮੈਨੇਜਮੈਂਟ ਕਿਉਂ ਨਾ ਹੱਥ ਲਈ ? ਰਾਵੀ ਬਿਆਸ ਪਾਣੀ ਦਾ ਧੱਕਾ ਕਿਉਂ ਦੂਰ ਨਾ ਕਰਵਾਇਆ ? ਥੀਨ ਡੈਮ ਬਣਾਉਣ ਦੀ ਮਨਜ਼ੂਰੀ ਕਿਉਂ ਨਾ ਲਈ ? ਬਾਦਲ ਸਾਹਿਬ ਨੇ ਅੰਦਰੂਨੀ ਖ਼ੁਦ ਮੁਖ਼ਤਿਆਰੀਆਂ ਦੀ ਅੰਮ੍ਰਿਤਸਰ ਵਿਚ ਕਨਵੈਨਸ਼ਨ ਸੱਦੀ । ਜਿਸ ਵਿਚ ਸ਼ੇਖ਼ ਅਬਦੁੱਲਾ, ਰਾਮਾ ਚੰਦਰਨ ਤੇ ਜੋਤੀ ਬਾਸੂ ਆਦਿ ਨੇ ਹਿੱਸਾ ਲੈਣਾ ਸੀ । ਪਰ ਡੇਸਾਈ ਦੀ ਇਕੋ ਘੁਰਕੀ ਨਾਲ ਉਹ ਕਨਵੈਨਸ਼ਨ ਬਰਫ਼ ਬਣ ਗਈ । ਮੇਰਾ ਖ਼ਿਆਲ ਹੈ ਅਕਾਲੀ ਲੀਡਰਸ਼ਿਪ ਨੂੰ ਹੁਣ ਉਹਦਾ ਖ਼ਿਆਲ ਵੀ ਨਹੀਂ ਆਇਆ ਹੋਣਾ । ਅੰਮ੍ਰਿਤਸਰ ਦੀ ਚਾਰ ਸੌ ਸਾਲਾ ਸ਼ਤਾਬਦੀ ਸਮੇਂ ਸੱਦੇ ਗਏ ਮੁੱਖ ਮਹਿਮਾਨ ਡੇਸਾਈ ਨੇ ਸਟੇਜ ਤੋਂ ਤੁਹਾਡੀ ਬੇਇੱਜ਼ਤੀ ਤੁਹਾਡੇ ਘਰ ਆ ਕੇ ਕੀਤੀ । ਇਕ ਵਾਰ ਏਸੇ ਇਸ਼ੂ ਉਤੇ ਡੇਸਾਈ ਨੇ ਬਾਦਲ ਜੀ ਨੂੰ ਚੰਡੀਗੜ੍ਹ ਵਿਚ ਝਾੜਿਆ । ਦੇਖੋ, ਹਮਾਰੇ ਵੀ ਮਿਹਰਬਾਂ ਹੈਂ ਕੈਸੇ ਕੈਸੇ । ਚੰਦਰ ਸ਼ੇਖਰ ਪ੍ਰਧਾਨ ਜਨਤਾ ਪਾਰਟੀ ਨੇ ਲੁਧਿਆਣੇ ਤੁਹਾਡੀ ਕਾਨਫਰੰਸ ਵਿਚ ਸਟੇਜ ਤੋਂ ਅੰਦਰੂਨੀ ਖ਼ੁਦ ਮੁਖ਼ਤਿਆਰੀ ਦੇ ਰੈਜ਼ੂਲੇਸ਼ਨ ਦਾ ਵਿਰੋਧ ਕੀਤਾ । ਤੁਹਾਡੀ ਹਾਲੇ ਵੀ ਉਹਨਾਂ ਨਾਲ ਸੰਘਣੀ ਯਾਰੀ ਹੈ । ਤੁਸੀਂ ਗਾਹਕ, ਉਹ ਵਪਾਰੀ, ਲੁਟੇਰੇ ਤੇ ਲੁਟੇ ਜਾਣ ਵਾਲੇ ਦੀ ਸਾਂਝ ਸ਼ਿਆਲੀ ਕੇਵਲ ਅਕਾਲੀ ਇਤਿਹਾਸ ਵਿਚ ਹੀ ਮਿਲ ਸਕਦੀ ਹੈ । ਪਰ ਮੂੰਹ ਵਿਚ ਰਾਮ ਰਾਮ ਤੇ ਬਗਲ ਵਿਚ ਛੁਰੀ ਵਾਲਿਆਂ ਨਾਲ ਤੁਹਾਡਾ ਯਾਰਾਨਾ ਚਲ ਰਿਹਾ ਹੈ ਤੇ ਨਤੀਜੇ ਪੰਜਾਬ ਦਾ ਕਿਸਾਨ ਮਾੜੇ ਲੇਖਾਂ ਵਾਲਾ ਭੁਗਤ ਰਿਹਾ ਹੈ । ਤੁਸਾਂ ਹੁਣ ਤੱਕ ਆਪਣਾ ਜਮਾਤੀ ਚਿਹਰਾ ਪੰਥ ਦੇ ਬੁਰਕੇ ਵਿਚ ਲੁਕਾਈ ਰੱਖਿਆ ਹੈ ਤੇ ਸਿੱਧਾ ਸਾਦਾ ਕਿਸਾਨ ਗੁਰੂ, ਪੰਥ ਤੇ ਸਿੱਖੀ ਦੇ ਵਿਸ਼ਵਾਸਾਂ ਉਤੇ ਮਾਰ ਖਾਈ ਜਾ ਰਿਹਾ ਹੈ । ਇਹ ਤਾਰੀਖ਼ੀ ਸੱਚ ਹੁਣ ਕਿਹੜੇ ਭੜੋਲੇ ਪਾਇਆ ਜਾਵੇ ?

ਗੱਲਾਂ ਤੇ ਇਤਿਹਾਸਕ ਭੁੱਲਾਂ ਦੀ ਲੜੀ ਬੜੀ ਲੰਮੀ ਹੈ । ਮੈਂ ਸੰਕੋਚਣਾ ਚਾਹੁੰਦਾ ਹਾਂ । ਆਖ਼ਰੀ ਗੱਲ ਮੈਂ ਹੁਣ ਵਾਲੇ ਧਰਮ ਯੁੱਧ ਬਾਰੇ ਕਹਿਣਾ ਚਾਹੁੰਦਾ ਹਾਂ ਇਹ ਭੱਥੇ ਦਾ ਛੇਕੜਲਾ ਤੀਰ ਹੈ । ਜੇ ਪਹਿਲੀਆਂ ਲੜਾਈਆਂ ਵਾਂਗ ਇਹ ਵੀ ਠੁੱਸ ਹੋ ਗਿਆ ਫਿਰ ਤਾਂ ਹੱਥ ਹੀ ਖੜ੍ਹੇ ਕਰਨੇ ਪੈਣਗੇ । ਹੁਣ ਦੇ ਲੀਰਾਂ ਲੀਰਾਂ ਹੋਏ ਹਾਲਾਤ ਵਿਚ ਜਿੱਤ ਵਾਲੀ ਦਿੱਲੀ ਬੜੀ ਦੂਰ ਹੈ । ਤੁਹਾਡਾ ਘਰ ਪਾਟਿਆ ਏ । ਤੁਸੀਂ ਦੁਸ਼ਮਣ ਨੂੰ ਕਿਵੇਂ ਹਰਾਉਗੇ ? ਸੁਣੋ : ਜਿਹੜੀ ਰਾਜਸੀ ਪਾਰਟੀ ਆਪਣੀਆਂ ਨੀਤਕ ਭੁੱਲਾਂ ਦਾ ਲੇਖਾ ਜੋਖਾ ਨਹੀਂ ਕਰਦੀ, ਆਪਣੇ ਨਾਲ

ਕੌਮ ਨੂੰ ਵੀ ਤਬਾਹ ਕਰਦੀ ਹੈ, ਜਿਹੜੀ ਪਾਰਟੀ ਆਪਣੇ ਜਮਾਤੀ ਪਾਸੇ ਤੋਂ ਲੋਕਾਂ
ਨੂੰ ਭਰੋਸੇ ਵਿਚ ਨਹੀਂ ਲੈਂਦੀ, ਲੋਕਾਂ ਨਾਲ ਧੋਖਾ ਕਰਦੀ ਹੈ। (ਉਂ ਸਾਰੀ ਅਕਾਲੀ
ਪਾਰਟੀ ਵਿਚ ਨੱਬੇ ਫ਼ੀਸਦੀ ਕਿਸਾਨ ਹਨ ਤੇ ਵਾਹ ਉਨ੍ਹਾਂ ਨੂੰ ਤਿੰਨ ਚਾਰ ਜਾਗੀਰਦਾਰ
ਤੇ ਸਰਮਾਏਦਾਰ ਰਹੇ ਹਨ) ਜਿਸ ਪਾਰਟੀ ਦਾ ਡਸਿਪਲਨ ਕੋਈ ਨਹੀਂ, ਜਿਸ
ਵਿਚ ਸਰਕਾਰ ਦੇ ਤਨਖਾਹਦਾਰ ਸਕੱਤਰਾਂ ਦੇ ਅਹੁਦਿਆਂ ਤਕ ਪਹੁੰਚ ਜਾਂਦੇ ਹਨ,
ਉਸ ਦੀ ਕਾਮਯਾਬੀ ਦੀ ਆਸ ਕੀ ਰਖਦੇ ਹੋ ? ਜਿਹੜੀ ਪਾਰਟੀ ਬੁੱਕਲ ਦੇ
ਸੱਪਾਂ ਨੂੰ ਪਛਾਣਦੀ ਹੋਈ, ਅੱਖਾਂ ਮੀਟ ਕੇ ਗਲ ਲਾ ਲੈਂਦੀ ਏ, ਉਹਦੀ ਜ਼ਿੰਦਗੀ
ਕਿਵੇਂ ਪ੍ਰਵਾਨ ਚੜ੍ਹੇਗੀ?

ਸੀ ਮਿਹਰਬਾਨੋ ! ਰੁਕੋ ਤੇ ਸੁਣੋ : ਹਾਥੀ ਆਪਣਾ ਪੈਰ ਜ਼ਮੀਨ ਟੋਹ ਕੇ ਰਖਦਾ
ਹੈ। ਧਰਮ ਯੁੱਧ ਦਾ ਨਾਅਰਾ ਵੱਡੇ ਘੱਲੂਘਾਰੇ ਸਮੇਂ ਉਦੋਂ ਦਿੱਤਾ ਗਿਆ ਸੀ,
ਜਦੋਂ ਵੈਰੀ ਨੇ ਚੁਫੇਰਿਉਂ ਘੇਰਾ ਪਾ ਲਿਆ ਸੀ। ਧਰਮ ਯੁੱਧ ਕੌਮ ਲਈ ਜ਼ਿੰਦਗੀ
ਮੌਤ ਦਾ ਸਵਾਲ ਐ। ਈਰਾਨੀ ਆਗੂ ਆਇਤਉਲਾ ਖੁਮੀਨੀ ਨੇ ਜਹਾਦ ਦੇ
ਨਾਂ ਤੇ ਦੇਸ਼ ਲਹੂ ਵਿਚ ਡੋਬ ਕੇ ਰੱਖ ਦਿੱਤਾ ਹੈ। ਹਾਲੇ ਉਹ ਕਿਸੇ ਦੇ ਅਧੀਨ
ਨਹੀਂ। ਤੁਹਾਡੀ ਅਧੀਨਗੀ ਗੁਲਾਮਾਂ ਵਰਗੀ ਹੈ। ਮੈਨੂੰ ਪੰਥ, ਦੇਸ਼ ਤੇ ਕਿਰਤੀ
ਜਮਾਤ ਦਾ ਦਰਦ ਹੈ। ਹਿੰਦੋਸਤਾਨ ਅੰਦਰ ਮੈਂ ਖੁਦ ਮੁਖਤਿਆਰੀ ਦਾ ਪੱਕੇ ਤੌਰ
ਤੇ ਹਮਾਇਤੀ ਹਾਂ, ਜਿਸ ਦਾ ਆਪਣਾ ਵਿਧਾਨ, ਪ੍ਰਧਾਨ ਤੇ ਨਿਸ਼ਾਨ ਹੋਵੇ। ਕੌਮ
ਕਰਨ ਵਾਲਾ ਰੱਜ ਕੇ ਖਾਵੇ, ਵਿਹਲਾ ਨਸ਼ੰਗ ਭੁੱਖਾ ਮਰੇ। ਪੈਦਾਵਾਰ ਕਰਨ ਵਾਲਿਆਂ
ਦਾ ਰਾਜਨੀਤੀ ਵਿਚ ਵੀ ਹੱਥ ਉੱਚਾ ਚਾਹੁੰਦਾ ਹਾਂ। ਸਿੱਖ ਸਿਧਾਂਤ ਸੰਗਤ, ਪੰਗਤ
ਤੇ ਕਿਰਤ ਉਤੇ ਆਪਣੀ ਬੁਨਿਆਦ ਰਖਦਾ ਹੈ, ਇਹ ਸਾਂਝੀਵਾਲਤਾ ਦੇ ਸਪਸ਼ਟ
ਸੰਕੇਤ ਹਨ। ਤੁਸੀਂ ਸਮੇਂ ਦੇ ਤੌਰ ਤੇ ਵੱਤ ਨੂੰ ਸਹੀ ਪੱਖੋਂ ਨਹੀਂ ਪਛਾਣ ਸਕੇ।
ਮਿੱਤ੍ਰ ਨਾਲ ਦੋਸਤੀ, ਪੂਛ ਨਾਲ ਵੈਰ ਵਾਲੀ ਪਾਲਸੀ ਕਦੇ ਕਾਮਯਾਬ ਨਹੀਂ ਹੋਈ।
ਖੁਦ ਮੁਖਤਿਆਰੀ ਨਾ ਦੇਣ ਦੇ ਮਸਲੇ ਵਿਚ ਜਨਸੰਘ, ਡੇਸਾਈ ਤੇ ਇੰਦਰਾ ਇਕ
ਹਨ। ਤੁਸੀਂ ਨਬੇੜਾ ਕਿਵੇਂ ਕਰੋਗੇ ? ਤੁਹਾਡਾ ਤਾਣਾ ਪੇਟਾ ਸਾਰਾ ਹੀ ਉਲਝਿਆ
ਪਿਆ ਹੈ। ਸਾਮਾਨ ਤੁਹਾਡੇ ਕੋਲ ਗਿੱਦੜ ਮਾਰਨ ਦਾ ਨਹੀਂ, ਸ਼ਿਕਾਰ ਸ਼ੇਰ ਦਾ
ਕਰਨ ਤੁਰ ਪਏ ਹੋ। ਮੈਂ ਹਾਲੇ ਤਕ ਇਹ ਯਕੀਨ ਨਹੀਂ ਕਰ ਸਕਿਆ, ਇਹ
ਤੁਸੀਂ ਕਰ ਰਹੇ ਹੋ ਜਾਂ ਦੁਸ਼ਮਣ ਦੇ ਬੰਦੇ ਦੋਸਤ ਬਣ ਕੇ ਕਰਵਾ ਰਹੇ ਹਨ।
ਗੁਰਮੁਖ ਪਿਆਰਿਓ ! ਘਰ ਨਾਲ ਤੁਹਾਡੀ ਸਾਂਝੀ ਸੋਚ ਵੀ ਪਾਟੀ ਹੋਈ ਹੈ।
ਇਕ ਲੱਖ ਦੀ ਗ੍ਰਿਫਤਾਰੀ ਨਾਲ ਗੋਗਲੂਆਂ ਤੋਂ ਮਿੱਟੀ ਵੀ ਨਹੀਂ ਝੜਨੀ। ਖੁਦ
ਮੁਖਤਿਆਰੀ ਹਾਸਲ ਨਾ ਹੋਣ ਦੀ ਸੂਰਤ ਵਿਚ ਮਾਯੂਸ ਹੋਇਆ ਇਕ ਲੱਖ ਵਲੰਟੀਅਰ

ਹੀ ਤੁਹਾਡਾ ਵਿਰੋਧੀ ਹੋਵੇਗਾ। ਸਿੱਖ ਦਰਬਾਰ ਪਾਟਿਆ ਸੀ, ਸਾਹਮਣੇ ਆ ਗਈ ਹਾਰ, ਨਤੀਜਾ ਸੌ ਵਰ੍ਹੇ ਦੀ ਗੁਲਾਮੀ ਵਿਚ ਨਿਕਲਿਆ। ਸਾਰੇ ਹੀ ਮਹਿਕਮਿਆਂ ਵਿਚ ਸਿੱਖੀ ਨੂੰ ਮੋਨੀ ਪਈ ਹੋਈ ਹੈ। ਸੋਚ ਲਓ, ਹਾਰ ਦਾ ਹੋਰ ਨਤੀਜਾ ਨਾ ਸਹੀ, ਭਿਆਨਕ ਪਤਿਤਾਂ ਵਿਚ ਜ਼ਰੂਰ ਨਿਕਲੇਗਾ। ਏਹੋ ਅਗਲੇ ਚਾਹੁੰਦੇ ਹਨ। ਸਿੱਖੀ ਚਿੰਨ੍ਹ ਉਨ੍ਹਾਂ ਨੂੰ ਚੁਭਦੇ ਹਨ।

ਅੰਦਰੂਨੀ ਖੁਦ ਮੁਖ਼ਤਿਆਰੀ ਹਾਸਲ ਕਰਨ ਦੇ ਤਰੀਕੇ ਹਨ। ਇਤਿਹਾਸਕ ਮੌਕੇ ਵੀ ਆ ਜਾਣਗੇ। ਪਰ ਇਉਂ ਨਹੀਂ, ਜਿਵੇਂ ਤੁਸੀ ਪੈਰਾਂ ਹੇਠ ਅੱਗ ਬਾਲ ਕੇ ਤੁਰ ਪਏ ਓ। ਜਦੋਂ ਲੋਹਾ ਗਰਮ ਹੁੰਦਾ ਏ, ਘੋੜੇ ਵੇਚ ਕੇ ਸੌਂ ਜਾਂਦੇ ਹੋ। ਜਦੋਂ ਠਰ ਜਾਵੇ, ਸੱਟਾਂ ਲਾ ਲਾ ਆਪਣੀ ਹਿੱਕ ਪਕਾਉਣ ਲਗ ਪੈਂਦੇ ਹੋ। ਕੁਰਬਾਨੀਆਂ ਕਰੀ ਜਾਉ, ਤੁਹਾਨੂੰ ਬਲਦੀ ਦੇ ਬੂਥੇ ਦੇ ਕੇ ਫਲ ਕੋਈ ਹੋਰ ਹੀ ਖਾਂਦਾ ਰਿਹਾ ਹੈ। ਭਰਾਓ, ਇਸ ਸਵਾਲ ਨੂੰ ਸਾਰੇ ਹਿੰਦੋਸਤਾਨ ਦਾ ਮਸਲਾ ਬਣਾਓ। ਇਕੱਲੇ ਮਾਰ ਕਿਉਂ ਖਾਓ। ਕਸ਼ਮੀਰ, ਬੰਗਾਲ, ਆਸਾਮ, ਮਦਰਾਸ ਤੇ ਕੇਰਲਾ ਆਦਿ ਤੁਹਾਡੇ ਹੋਰ ਵੀ ਸਾਥੀ ਹਨ। ਉਨ੍ਹਾਂ ਨੂੰ ਸਮਝੋ, ਆਪਾ ਸਮਝਾਓ, ਫਿਰ ਮੋਢੇ ਨਾਲ ਮੋਢਾ ਜੋੜੋ। ਕੁਝ ਰਾਜਸੀ ਪਾਰਟੀਆਂ ਤੁਹਾਡੇ ਸਹੀ ਕਾਜ ਦੀ ਹਮਾਇਤ ਕਰਦੀਆਂ ਹਨ। ਗੱਲ ਸਾਰਥਕ ਸੇਧ ਫੜ ਕੇ ਅਗੇ ਤੁਰ ਸਕਦੀ ਹੈ ਤੇ ਇਹ ਮਸਲਾ ਇਕ ਮੋਰਚੇ ਨਾਲ ਮੁੱਕਣ ਵਾਲਾ ਨਹੀਂ, ਲੰਮੀ ਜੱਦੋ-ਜਹਿਦ ਦੀ ਮੰਗ ਕਰਦਾ ਹੈ। ਉਸਦੇ ਲਈ ਲੰਮੀ ਤੇ ਕਰੜੀ ਤਿਆਰੀ ਦੀ ਲੋੜ ਹੈ।

ਕੁਝ ਗੱਲਾਂ ਅਜਿਹੀਆਂ ਹਨ, ਜਿਹੜੀਆਂ ਮੈਂ ਪਰੈਸ ਵਿਚ ਨਹੀ ਲਿਆਉਣਾ ਚਾਹੁੰਦਾ। ਤੁਸੀ ਕੇਂਦਰ ਦੇ ਵਿਤਕਰੇ ਬਾਰੇ ਸੱਚੇ ਹੋ। ਉਸ ਬੁਨਿਆਦੀ ਸਨਅਤ ਪੰਜਾਬ ਵਿਚ ਨਾ ਲਾ ਕੇ ਇਸ ਨੂੰ ਕੱਚੇ ਮਾਲ ਦੀ ਕਾਲੋਨੀ ਵਜੋਂ ਲੁਟਿਆ ਹੈ। ਤੁਹਾਡਾ ਸਿੱਖ ਹੋਣਾ ਹੀ ਫਿਰਕਾਪ੍ਰਸਤਾਂ ਨੂੰ ਚੁਭਦਾ ਹੈ। ਪੰਜਾਬ ਨੂੰ ਆਰਥਿਕ ਪੱਖੋਂ ਨਿੰਬੂ ਵਾਂਗ ਨਚੋੜਿਆ ਜਾ ਰਿਹਾ ਹੈ। ਇਹ ਤਾਰੀਖੀ ਸਚਾਈਆਂ ਹਨ। ਪਰ ਇਸ ਸਮੇਂ ਧਰਮ ਯੁੱਧ ਦੇ ਨਾਅਰੇ ਤੇ ਮੋਰਚੇ ਨੂੰ ਮੈਂ ਸਮੇਂ ਦੀ ਵੱਤ ਅਨੁਕੂਲ ਨਹੀਂ ਸਮਝਦਾ। ਮੇਰੀ ਬੇਨਤੀ ਹੈ ਅਜ ਤਕ ਦੇ ਪਿਛਵਾੜੇ, ਖਾਮੀਆਂ ਤੇ ਗ਼ਦਾਰੀਆਂ ਦਾ ਲੇਖਾ ਜੋਖਾ ਕਰ ਕੇ ਕੋਈ ਕਦਮ ਪੁੱਟਿਆ ਜਾਵੇ। ਆਰਥਿਕ ਪੱਖੋਂ ਕਿਰਤੀ ਜਮਾਤਾਂ ਨੂੰ ਨਾਲ ਲੈ ਕੇ ਭਾਸ਼ਾ ਤੇ ਸਭਿਆਚਾਰ ਦੀ ਲੜਾਈ ਨੂੰ ਵੀ ਸਮੁੱਚੇ ਹਿੰਦੋਸਤਾਨ ਦੀ ਬਣਾਇਆ ਜਾਵੇ। ਮਜ਼ਬੀ ਤੇ ਰਮਦਾਸੀਏ ਸਿੱਖਾਂ ਨੂੰ ਖਾਸ ਤੌਰ ਤੇ ਪਹਿਲ ਦਿਓ। ਪਛੜਿਆਂ ਦਾ ਬਰਾਬਰ ਹੋਣ ਲਈ ਕੁਦਰਤੀ ਹੱਕ ਵੀ ਬਣਦਾ ਹੈ। ਤੁਸੀਂ ਆਪਣੇ ਤੋਂ ਬਿਨਾਂ ਦੂਜਿਆਂ ਨੂੰ ਸਿੱਖ ਹੀ ਨਾ ਸਮਝੋ, ਇਹ ਕੀ ਸਿੱਖ

ਮਤ ਹੋਈ । ਅਕਲ ਸਾਂਝੀ ਹੀ ਮਹਾਨ ਹੁੰਦੀ ਹੈ ।

ਸੋ ਹਰ ਔਕੜ ਲਈ ਰਾਹ ਹੈ । ਪਰ ਸਿਆਣਾ ਰਹਿਬਰ ਚਾਹੀਦਾ ਹੈ । ਪੰਥ ਦੇ ਸਮੁੰਦਰ ਨੂੰ ਰਿੜਕਿਆਂ ਅਜਿਹਾ ਮੋਤੀ ਉਭਰ ਸਕਦਾ ਹੈ । ਇਤਿਹਾਸ ਬੜਾ ਮਾਯੂਸ ਹੋਇਆ ਕਦੇ ਤੁਹਾਡੇ ਵੱਲ ਵੇਖਦਾ ਹੈ ਤੇ ਕਦੇ ਪੰਜਾਬ ਦੇ ਘਸਿਆਰੇ ਬਣ ਰਹੇ ਕਿਰਤੀਆਂ ਵੱਲ । ਅਜ ਪੰਥ ਦੀ ਬੇੜੀ ਝੱਖੜ ਝੋਲੇ ਦੇ ਹਵਾਲੇ ਹੈ. ਕੀ ਆਪਣਾ ਤਾਰੀਖੀ ਕਰਤੱਵ ਪਛਾਣੋਗੇ ? ਕਿਸੇ ਤਰ੍ਹਾਂ ਦੀ ਗਲਤੀ ਲਈ ਹੱਥ ਜੋੜ ਕੇ ਖਿਮਾਂ ਚਾਹਾਂਗਾ ।

ਦੇਸ ਪ੍ਰਦੇਸ
ਕ੍ਰਿਸਮਿਸ ਅੰਕ, 1981

ਗੁਰੂ ਗੋਬਿੰਦ ਸਿੰਘ ਦੇ ਪੰਥ ਦਾ ਦਾਸ
-ਜਸਵੰਤ ਸਿੰਘ ਕੰਵਲ

ਅੰਦਰੂਨੀ ਖ਼ੁਦਮੁਖ਼ਤਿਆਰੀ ਦੀ ਲੋੜ

ਜਦੋਂ ਕਿਸੇ ਜਾਬਰ ਨੇ ਘੱਟ-ਗਿਣਤੀ ਦੀ ਕੌਮ ਨੂੰ ਮਾਰਨਾ ਹੋਵੇ, ਪਹਿਲੋਂ ਉਸ ਦੀਆਂ ਆਰਥਿਕ ਜੜ੍ਹਾਂ ਵਢਦਾ ਹੈ, ਤਾਂ ਜੁ ਨਵੇਂ ਸੋਤੇ ਨਾ ਫੁਟ ਪੈਣ । ਉਸ ਨੂੰ ਘਸਿਆਰੀ ਬਣਾ ਕੇ ਫਿਰ ਉਸ ਦੀ ਭਾਸ਼ਾ ਤੇ ਸਭਿਆਚਾਰ ਨੂੰ ਤਬਾਹ ਕੀਤਾ ਜਾਂਦਾ ਹੈ । ਅਖ਼ੀਰ 'ਚ ਉਸ ਦੀਆਂ ਰਵਾਇਤਾਂ ਦੀ ਖਿੱਲੀ ਉਡਾਂਦੀ, ਇਤਿਹਾਸ ਨੂੰ ਬਦਲਦਿਆਂ ਹਾਕਮ ਜਮਾਤ ਆਪਣੇ ਸਭਿਆਚਾਰ, ਜ਼ਬਾਨ ਅਤੇ ਧਰਮ ਵਿਚ ਢਾਲ ਲੈਂਦੀ ਹੈ । ਅਫ਼ਰੀਕੀ ਨੌਆਬਾਦੀਆਂ ਦੀ ਮਿਸਾਲ ਸਾਡੇ ਸਾਹਮਣੇ ਹੈ । ਸਦੀਆਂ ਘੱਟ-ਗਿਣਤੀ ਜਾਬਰ ਸਾਮਰਾਜ ਨੇ ਬਹੁ-ਗਿਣਤੀ ਅਫ਼ਰੀਕੀਆਂ ਦੀਆਂ ਜਾਇਦਾਦਾਂ ਹੜੱਪ, ਬੋਲੀ, ਸਭਿਆਚਾਰ ਤੇ ਇਤਿਹਾਸ ਤਬਾਹ ਕਰਕੇ ਉਨ੍ਹਾਂ ਦੇ ਹੱਥ ਅੰਜੀਲ ਫੜਾ ਦਿੱਤੀ ।

ਪਰ ਪੰਜਾਬ ਦੀ ਸਥਿਤੀ ਵਿਚ ਭਾਰਤ ਸਰਕਾਰ ਨੇ ਭੂਗੋਲਿਕ ਹੱਦਾਂ ਵੀ ਭੰਨ ਸੁਟੀਆਂ ਹਨ । ਪੰਜਾਬੀ ਸੂਬਾ ਲਕੀਰਦਿਆਂ ਕਿੰਨੇ ਹੀ ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖ ਕੇ, ਲੋਕਾਂ ਨੂੰ ਮੋਰਚਿਆਂ ਦੇ ਰਾਹ ਪਾ ਦਿੱਤਾ । ਕੇਂਦਰੀ ਸਰਕਾਰ ਦੀ ਈਮਾਨਦਾਰੀ ਵੇਖੋ, ਦਰਿਆਵਾਂ ਦੀ ਮਾਲਕੀ ਪੰਜਾਬ ਦੀ, ਪਰ ਸੱਤਰ ਪ੍ਰਤੀਸ਼ਤ ਪਾਣੀ ਹਰਿਆਣਾ, ਰਾਜਸਥਾਨ ਤੇ ਦਿੱਲੀ ਵਰਤਣਗੇ । ਘਰ ਬਾਰ ਤੇਰਾ, ਕੌਠੀ ਹੱਥ ਨਾ ਲਾਈਂ । ਹੋਰ ਲੋਹੜਾ, ਆਪਣੇ ਦਰਿਆਵਾਂ ਦੀ ਬਿਜਲੀ ਪੰਜਾਬ ਨਹੀਂ ਵਰਤ ਸਕਦਾ । ਕਿਉਂਕਿ ਸਾਰੀ ਬਿਜਲੀ ਵਰਤਣ ਨਾਲ ਪੰਜਾਬ ਇੰਡਸਟਰੀ ਲਾ ਕੇ ਖੁਸ਼ਹਾਲ ਹੋ ਜਾਵੇਗਾ । ਆਰਥਿਕ ਪੱਖੋਂ ਇਸ ਦਾ ਸਿਰ ਹਰ ਤਰ੍ਹਾਂ ਨੱਪ ਕੇ ਰੱਖਣਾ ਹੈ । ਬਿਹਾਰ ਦੇ ਖਾਨ ਮਜ਼ਦੂਰ ਹੜਤਾਲ ਛੱਡਣਗੇ, ਫਿਰ ਖੜ੍ਹੀਆਂ ਗੱਡੀਆਂ ਢਿਚਕੂੰ-ਢਿਚਕੂੰ ਕਰਦੀਆਂ ਤੁਰਨਗੀਆਂ । ਫਿਰ ਕਿਤੇ ਜਾ ਕੇ ਪੰਜਾਬ ਦੇ ਥਰਮਲ

ਪਲਾਂਟਾਂ ਦੀਆਂ ਟਰਬਾਈਨਾਂ ਨੂੰ ਗੇੜਾ ਆਵੇਗਾ । ਕੋਲਾ ਤਾਂ ਬਠਿੰਡੇ ਨੂੰ ਪੂਰਾ ਨਹੀਂ ਆ ਰਿਹਾ, ਹੋਰ ਪਲਾਂਟਾਂ ਨੂੰ ਕੀ ਪੂਰੀ ਪਵੇਗੀ । ਅਸਲ ਗੱਲ ਇਹ ਹੈ, ਕੇਂਦਰ ਕੋਲੇ ਦੇ ਪੱਖੋਂ ਪੰਜਾਬ ਨੂੰ ਗੋਡੇ ਹੇਠ ਦੇਈ ਰੱਖਣਾ ਚਾਹੁੰਦਾ ਹੈ । ਉਹ ਸਮਝਦਾ ਏ, ਜੇ ਪੰਜਾਬ ਬਿਜਲੀ ਵਿਚ ਸਰਬ ਸਮਰੱਥ ਹੋ ਗਿਆ, ਫਿਰ ਸਾਨੂੰ ਕੀਹਨੇ ਪੁਛਣਾ ਏ । ਪਾਣੀ ਵਾਲੀ ਸਸਤੀ ਬਿਜਲੀ ਛੱਡ ਕੇ, ਕੋਲੇ ਦੀ ਮਹਿੰਗੀ ਤੇ ਠੀਕਰੇ ਪਏ ਦੁੱਧ ਵਾਲੀ ਬਿਜਲੀ ਦਾ ਸੌਦਾ ਕੋਈ ਅਨਾੜੀ ਤੇ ਮੂਰਖ ਹੀ ਕਰੇਗਾ ।

ਪੰਜਾਬ ਦੇ ਕਣਕ ਅਤੇ ਚੌਲ ਕੇਂਦਰ ਮਨਮਰਜ਼ੀ ਦਾ ਭਾਅ ਬੰਨ੍ਹ ਕੇ ਚੁਕਦਾ ਹੈ । ਪਰ ਬਾਹਰਲੇ ਦੇਸ਼ਾਂ ਤੋਂ ਅੱਸੀ ਰੁਪਏ ਪ੍ਰਤੀ ਕੁਇੰਟਲ ਵੱਧ ਦੇ ਕੇ ਲੈਂਦਾ ਹੈ । ਆਪਣੀ ਅਕਾਨਮੀ ਨੂੰ ਸਥਿਰ ਰੱਖਣ ਲਈ ਪੰਜਾਬ ਦੇ ਕਿਸਾਨਾਂ ਨੂੰ ਬਲੀ ਦਾ ਬਕਰਾ ਬਣਾਇਆ ਜਾਂਦਾ ਹੈ । ਮਹਿੰਗਾਈ ਹੋਰ ਵੱਧ ਜਾਂਦੀ ਹੈ । ਕਰੰਸੀ ਦਾ ਫੈਲਾਅ ਹੋਰ ਹੋ ਜਾਂਦਾ ਹੈ ਤੇ ਗਰੀਬੀ ਮੌਤ ਦੇ ਬੂਹੇ ਜਾ ਖੜਕਾਉਣ ਲਗਦੀ ਹੈ ਤੇ ਵੱਟੇ ਵਿਚ ਪੰਜਾਬ ਦੇ ਕਿਸਾਨਾਂ ਨੂੰ ਹਰ ਚੀਜ਼ ਬਲੈਕ ਵਿਚ ਲੈਣੀ ਪੈਂਦੀ ਹੈ । ਮਿਲਾਵਟ ਵਾਲੀਆਂ ਦਵਾਈਆਂ ਤੇ ਖਾਦ ਉਸ ਦੇ ਮੱਥੇ ਮੜ੍ਹੀ ਜਾਂਦੀ ਹੈ। ਕੰਟਰੋਲ ਰੇਟ ਦੀ ਦਸਾਂ ਨਹੁੰਆਂ ਦੀ ਕਮਾਈ ਉਤੇ ਹਰ ਪਾਸਿਉਂ ਬਲੈਕ ਤੇ ਦੋਹਰੀ ਲੁਟ ਚਾੜ੍ਹੀ ਹੋਈ ਹੈ । ਇਸ ਦੋਹਰੀ ਮਾਰ ਹੇਠਾਂ ਪੰਜਾਬ ਆਪਣੇ ਪੈਰਾਂ ਉਤੇ ਕਦੋਂ ਖਲੋਇਆ !

ਭਾਸ਼ਾ ਤੇ ਸਭਿਆਚਾਰ ਨੂੰ ਸੋਚੀ ਸਮਝੀ ਸਕੀਮ ਨਾਲ ਵਿਗਾੜਿਆ ਜਾ ਰਿਹਾ ਹੈ । ਰੇਡੀਓ ਅਤੇ ਟੀ. ਵੀ. ਉਤੇ ਪੰਜਾਬੀ ਭਾਸ਼ਾ ਦੇ ਸਭਿਆਚਾਰ ਦਾ ਹਾਸੋਹੀਣਾ ਤਮਾਸ਼ਾ ਨਿੱਤ ਹੀ ਵੇਖਿਆ ਜਾ ਸਕਦਾ ਹੈ । ਵਿਦਿਅਕ ਕੋਰਸਾਂ ਵਿਚ ਹਿੰਦੀ ਤੇ ਸੰਸਕ੍ਰਿਤ ਨੂੰ ਮਲੋਮਲੀ ਘੁਸੇੜਿਆ ਜਾ ਰਿਹਾ ਹੈ, ਜਦੋਂ ਕਿ ਉਸ ਦੇ ਮੁਕਾਬਲੇ ਬੋਲਚਾਲ ਦੇ ਸਾਰਥਕ ਸ਼ਬਦ ਪੰਜਾਬੀ ਵਿਚ ਆਮ ਮਿਲਦੇ ਹਨ । ਫ਼ਾਰਸੀ, ਅੰਗਰੇਜ਼ੀ ਅਤੇ ਸੰਸਕ੍ਰਿਤ ਦੇ ਆਮ ਬੋਲੇ ਜਾਂਦੇ ਸ਼ਬਦ ਹੁਣ ਪੰਜਾਬੀ ਹਨ । ਉਨ੍ਹਾਂ ਦੀ ਥਾਂ ਓਪਰੇ ਤੇ ਔਖੇ ਸ਼ਬਦ ਜ਼ਬਰਦਸਤੀ ਲਾਗੂ ਕਰਨਾ (ਜਿਵੇਂ ਕਿ ਯੂਨੀਵਰਸਿਟੀਆਂ ਰਾਹੀਂ ਕੀਤਾ ਜਾ ਰਿਹਾ ਹੈ) ਪੰਜਾਬੀ ਜ਼ਬਾਨ ਵਿਚ ਖੋਟ ਪਾਉਣਾ ਤੇ ਵਿਗਾੜਨਾ ਹੈ । (ਇਸ ਮਸਲੇ ਬਾਰੇ ਪੰਜਾਬੀ ਭਾਸ਼ਾ ਕਨਵੈਨਸ਼ਨਾਂ ਕਰ ਕੇ ਅਸੀਂ ਸਰਕਾਰ ਤੇ ਪੰਜਾਬੀਆਂ ਨੂੰ ਖ਼ਬਰਦਾਰ ਕਰ ਚੁਕੇ ਹਾਂ ।)

ਦੇਸ਼ ਨੂੰ ਆਜ਼ਾਦ ਕਰਨ ਸਮੇਂ ਸਾਮਰਾਜ ਨੇ ਹਿੰਦੂ, ਮੁਸਲਮਾਨ ਤੇ ਸਿੱਖਾਂ ਨੂੰ ਤਿੰਨ ਕੌਮਾਂ ਮੰਨਿਆ, ਜਿਨ੍ਹਾਂ ਦੀ ਪ੍ਰਤਿਨਿਧਤਾ ਕਾਂਗਰਸ, ਮੁਸਲਿਮ ਲੀਗ ਤੇ ਅਕਾਲੀ

ਦਲ ਨੇ ਕੀਤੀ। ਇਹ ਇਤਿਹਾਸਕ ਸੱਚ ਹੈ, ਜਿਸ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਇਹ ਤਿੰਨੇ ਨੈਸ਼ਲਿਸਟ ਸਨ ਜਾਂ ਫ਼ਿਰਕਾਪ੍ਰਸਤ ? ਮਹਾਤਮਾ ਗਾਂਧੀ, ਜਿਹੜਾ ਕਹਿੰਦਾ ਸੀ, ਪਾਕਿਸਤਾਨ ਮੇਰੀ ਲਾਸ਼ ਤੇ ਬਣੇਗਾ, ਮਿਸਟਰ ਜਿਨਾਹ ਦੇ ਬਰਾਬਰ "ਫ਼ਿਰਕਾਪ੍ਰਸਤ" ਸੀ। ਕਿਉਂਕਿ ਉਸ ਪਾਕਿਸਤਾਨ ਨੂੰ ਮਾਣਤਾ ਨਾਲ ਅਸ਼ੀਰਵਾਦ ਵੀ ਦਿੱਤੀ। ਉਸ ਸਮੇਂ ਕੌਮਪ੍ਰਸਤੀ ਦੀ ਹਾਰ ਤੇ ਫ਼ਿਰਕਾਪ੍ਰਸਤੀ ਦੀ ਜਿੱਤ ਹੋਈ ਸੀ। ਇਹ ਇਤਿਹਾਸ ਦਾ ਨੰਗਾ ਚਿੱਟਾ ਫ਼ਤਵਾ ਹੈ। ਪਰ ਇਕ ਹਕੀਕਤ ਤੋਂ ਹੋਰ ਪਰਦਾ ਚੁਕਿਆ ਗਿਆ ਹੈ, ਜਿਹੜਾ ਪ੍ਰੈਸ ਨੇ ਹੁਣ ਤੱਕ ਘੱਟੇ ਪਾਈ ਰੱਖਿਆ ਸੀ। ਮਿਸਟਰ ਜਿਨਾਹ ਮੁਲਕ ਨਾ ਵੰਡ ਕੇ ਆਖ਼ਰੀ ਸਟੇਜ ਤੇ ਉਮਰ ਭਰ ਲਈ ਹਿੰਦੁਸਤਾਨ ਦਾ ਪ੍ਰਧਾਨ ਰਹਿਣਾ ਮੰਨ ਗਿਆ ਸੀ। ਪਰ ਜਵਾਹਰ ਲਾਲ ਨਹਿਰੂ ਦੀ ਜ਼ਿੱਦ ਕਾਰਨ ਪਾਕਿਸਤਾਨ ਬਣ ਗਿਆ। ਕਿਉਂਕਿ ਜਿਨਾਹ ਦੀ ਲਿਆਕਤ ਹੇਠਾਂ ਪੰਡਤ ਨਹਿਰੂ ਬਹੁਤਾ ਸਮਾਂ ਪ੍ਰਧਾਨ ਮੰਤਰੀ ਨਹੀਂ ਸੀ ਰਹਿ ਸਕਦਾ। ਪਾਕਿਸਤਾਨ ਬਨਾਉਣ ਦਾ ਜਿੰਨਾ ਜ਼ੁੰਮੇਂਵਾਰ ਜਿਨਾਹ ਹੈ, ਹਿੰਦੂ ਲੀਡਰ ਕਿਸੇ ਤਰ੍ਹਾਂ ਵੀ ਉਸ ਤੋਂ ਘੱਟ ਨਹੀਂ। ਸਾਮਰਾਜ ਨੇ ਆਪਣਾ ਰਾਜ ਲੰਮਾ ਕਰਨ ਲਈ ਫੁਟ ਦੇ ਬੀਜ ਬੀਜਣੇ ਹੀ ਸਨ। ਪਰ ਹਿੰਦੂ ਲੀਡਰਾਂ ਅਤੇ ਹਿੰਦੂ ਪ੍ਰੈਸ ਦਾ ਮੁਸਲਮਾਨਾਂ ਨਾਲ ਘਟੀਆ ਤੇ ਦੁਰ-ਵਿਹਾਰ ਪਾਕਿਸਤਾਨ ਬਣਾਉਣ ਦਾ ਵਧੇਰੇ ਦੋਸ਼ੀ ਹੈ। ਇਹ ਦੁਰ-ਵਿਹਾਰ ਹੁਣ ਵੀ ਭਾਰਤ ਵਿਚ ਘੱਟ-ਗਿਣਤੀਆਂ ਨਾਲ ਜਾਰੀ ਹੈ। ਜਿਹੜੇ ਫ਼ਿਰਕੂ ਫ਼ਸਾਦ ਆਜ਼ਾਦ ਭਾਰਤ ਵਿਚ ਹੁਣ ਵੀ ਹੁੰਦੇ ਹਨ, ਉਨ੍ਹਾਂ ਦਾ ਜ਼ੁੰਮੇਂਵਾਰ ਕੌਣ ਹੈ ? ਦੁਨੀਆਂ ਦਾ ਕੋਈ ਵੀ ਹੋਸ਼ਮੰਦ ਇਹ ਨਹੀਂ ਸੋਚ ਸਕਦਾ ਕਿ ਘੱਟ-ਗਿਣਤੀਆਂ ਆਪਣੀ ਮੌਤ ਨੂੰ ਆਪ ਸੱਦਾ ਦੇਣਗੀਆਂ। ਆਰ. ਐਸ. ਐਸ. ਜਨਸੰਘ ਦੇ ਬੁਰਕੇ ਵਿਚ ਲੁਕੀ ਭਾਰਤੀ ਜਨਤਾ ਪਾਰਟੀ, ਹਿੰਦੂ ਰਖਸ਼ਾ ਸੰਮਤੀਆਂ ਤੇ ਆਰੀਆ ਸਮਾਜ ਆਦਿ ਨੂੰ ਛੱਡੋ, ਫ਼ਿਰਕਾ-ਪ੍ਰਸਤੀ ਦੀਆਂ ਜੜ੍ਹਾਂ ਉੱਤੇ ਪਲਣੀ ਕਾਂਗਰਸ ਅੱਜ ਦੁੱਧ ਧੋਤੀ ਨਹੀਂ ਬਣ ਗਈ। ਅਕਾਲੀ ਦੇਸ਼ ਭਗਤੀ ਦੇ ਕਿਰਦਾਰ ਤੋਂ ਕਈ ਵਾਰ ਉਖੜ ਜਾਂਦੇ ਹਨ। ਪਰ ਦੇਸ਼ ਨੂੰ ਵੰਡਣ ਵੇਲੇ ਉਨ੍ਹਾਂ ਦਾ ਪਾਕਿਸਤਾਨ ਨੂੰ ਨਾ ਮੰਨਣਾ ਤੇ ਹਿੰਦੁਸਤਾਨ ਨਾਲ ਆਉਣਾ ਦੇਸ਼-ਭਗਤੀ ਦੀ ਜੀਉਂਦੀ ਜਾਗਦੀ ਇਤਿਹਾਸਕ ਮਿਸਾਲ ਕਾਇਮ ਰਹੇਗੀ। ਉਨ੍ਹਾਂ ਨੂੰ ਪਾਕਿਸਤਾਨ ਵਿਚ ਖ਼ੁਦਮੁਖ਼ਤਾਰ ਸਟੇਟ ਮਿਲਦੀ ਸੀ ਪਰ ਉਹ ਹਿੰਦੁਸਤਾਨ ਨਾਲ ਆਏ। ਜੇ ਇਹ ਪਾਕਿਸਤਾਨ ਨਾਲ ਜਾਂਦੇ, ਹੱਦ ਸ਼ਾਹਬਾਦ ਮਾਰਕੰਡਾ ਤੇ ਆਉਂਦੀ ਸੀ ਤੇ ਜੰਮੂ-ਕਸ਼ਮੀਰ ਦਾ ਰਾਜ-ਘਰਾਣਾ ਬੰਬਈ ਦੇ ਹੋਟਲਾਂ ਵਿਚ ਹੁੰਦਾ। ਰੱਬ ਹੀ ਜਾਣਦਾ ਏ, ਦਿੱਲੀ ਤੇ ਭਾਰਤ ਦਾ ਨਕਸ਼ਾ ਕਿਸ ਹਾਲ ਹੁੰਦਾ। ਪਰ

ਨੇਂ ਲੰਘੀ, ਖੁਵਾਜਾ ਵਿਸਰਿਆ । ਰਾਜਨੀਤਕ ਜੂਏ ਵਿਚ ਸੱਚ, ਕੁਰਬਾਨੀ ਅਤੇ ਵਾਅਦੇ ਆਦਿ ਸਭ ਹਾਰ ਗਏ ਅਤੇ ਝੂਠ ਤਾੜੀ ਮਾਰ ਕੇ ਮੂੰਹ ਚਿੜਾਉਣ ਲੱਗਾ।

ਜੇਕਰ ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਦੀਆਂ ਕੁਰਬਾਨੀਆਂ ਦਾ ਹਿਸਾਬ ਲਾਇਆ ਜਾਵੇ ਤਾਂ ਸਾਰੇ ਹਿੰਦੁਸਤਾਨ ਦੀਆਂ ਸਾਂਝੀਆਂ ਕੁਰਬਾਨੀਆਂ ਸੇਰ ਮੁਕਾਬਲੇ ਪਾਈਆ ਵੀ ਨਹੀਂ ਬਣਦੀਆਂ । ਆਰ. ਐਸ. ਐਸ. ਦਾ ਸੰਚਾਲਕ ਅੱਜ ਹਿੰਦ ਸਰਕਾਰ ਨੂੰ ਤਾੜਨਾ ਕਰਦਾ ਹੈ ਕਿ ਘੱਟ-ਗਿਣਤੀਆਂ ਉਤੇ ਕੜੀ ਨਿਗਾਹ ਰੱਖੀ ਜਾਵੇ । ਚਰਨ ਸਿੰਘ, ਡੇਸਾਈ ਆਦਿ ਇਸ ਹਿੰਦੂ ਰਾਜ ਦੇ ਹਮਾਮ ਵਿਚ ਸਭ ਨੰਗੇ ਹਨ ਤੇ ਇਕੋ ਬੋਲੀ ਬੋਲ ਰਹੇ ਹਨ । ਅਕਾਲੀ ਮੋਰਚੇ ਨੇ ਇਨ੍ਹਾਂ ਸਾਰਿਆਂ ਨੂੰ ਅੰਦਰੋਂ ਬਾਹਰੋਂ ਨੰਗਿਆਂ ਕਰ ਕੇ ਘੱਟ-ਗਿਣਤੀਆਂ ਨੂੰ ਇਕ ਚਾਨਣ ਦਿੱਤਾ ਹੈ । ਇਹ ਸਿੱਖਾਂ ਨੂੰ ਹਿੰਦੂਆਂ ਦਾ ਇਕ ਫਿਰਕਾ ਆਖ ਰਹੇ ਹਨ । ਢੇਰ ਸਮਾਂ ਪਹਿਲਾਂ ਲਾਜਪਤ ਰਾਇ ਨੇ ਆਖਿਆ ਸੀ, ਜਦ ਦੇਸ਼ ਆਜ਼ਾਦ ਹੋਵੇਗਾ, ਹਿੰਦੂਆਂ ਵਿਚੋਂ ਨਿਕਲ ਕੇ ਗਏ ਸਭ ਫਿਰਕਿਆਂ ਨੂੰ ਸ਼ੁੱਧ ਕਰ ਲਿਆ ਜਾਵੇਗਾ । ਏਸੇ ਗੱਲ ਤੋਂ ਚਿੜ ਕੇ ਕਾਂਗਰਸੀ ਮਿਸਟਰ ਜਿਨਾਹ ਮੁਸਲਿਮ ਲੀਗ ਵਿਚ ਆ ਗਿਆ ਸੀ । ਇਹ ਕੌਹੜ ਕਿਰਲੀ ਹੁਣ ਸਿੱਖਾਂ ਦੇ ਮੂੰਹ ਵੀ ਦਿੱਤੀ ਜਾ ਰਹੀ ਹੈ । ਅੱਜ ਦੇ ਜੁਗ ਵਿਚ ਕਿਸੇ ਨੂੰ ਗ਼ੁਲਾਮ ਬਣਾ ਰੱਖਣਾਂ ਬੜਾ ਮੁਸ਼ਕਲ ਹੈ । ਉਹ ਵੀ ਸਿੱਖਾਂ ਵਰਗੀ ਕੌਮ ਨੂੰ, ਜਿਹੜੇ ਮਰਨਾ ਤੇ ਕੁਰਬਾਨੀ ਕਰਨਾ ਜਾਣਦੇ ਹਨ। ਜਿਨ੍ਹਾਂ ਸਿੱਖਾਂ ਨੂੰ ਦਬਾਇਆ ਤੇ ਮਾਰਿਆ ਗਿਆ ਹੈ, ਇਹਦਾ ਪ੍ਰਤੀਕਰਮ ਇਤਿਹਾਸ 'ਚ ਵੇਖਿਆ ਜਾ ਸਕਦਾ ਹੈ । ਆਨੰਦਪੁਰ ਸਾਹਿਬ ਦਾ ਮਤਾ ਭਾਰਤ ਨਾਲੋਂ ਵੱਖ ਹੋਣਾ ਨਹੀਂ, ਨਾਲ ਰਹਿ ਕੇ ਬਰਾਬਰ ਦੀ ਆਜ਼ਾਦੀ ਦਾ ਮਾਣ ਚਾਹੁੰਦਾ ਹੈ । ਪਰ ਹਿੰਦੂ ਪ੍ਰੈਸ ਤੇ ਹਿੰਦ ਸਰਕਾਰ ਸਿੱਖਾਂ ਨੂੰ ਮਲੋਮਲੀ ਖਾਲਿਸਤਾਨ ਦੇ ਰਾਹ ਪਾ ਰਹੀ ਹੈ, ਜਿਵੇਂ ਮਿਸਟਰ ਜਿਨਾਹ ਨੂੰ ਪਾਕਿਸਤਾਨ ਦੇ ਰਾਹ ਪਾਇਆ ਸੀ।

ਸਰਦਾਰ ਗੁਰਚਰਨ ਸਿੰਘ ਟੌਹੜਾ ਆਖਦੇ ਹਨ ਕਿ ਬਾਹਰਲੇ ਸੂਬਿਆਂ ਦੀ ਲੇਬਰ ਨੂੰ ਪੰਜਾਬ ਵਿਚ ਵੋਟ ਦਾ ਹੱਕ ਨਾ ਦਿੱਤਾ ਜਾਵੇ, ਇਸ ਨੂੰ ਤਕਰੀਬਨ ਹਰ ਸਿਆਸੀ ਪਾਰਟੀ ਨੇ ਨਿੰਦਿਆ ਹੈ । ਪਰ ਕਿਸੇ ਇਕ ਨੇ ਵੀ ਪੰਜਾਬੀਆਂ ਦੇ ਘੱਟ-ਗਿਣਤੀ ਵਿਚ ਹੋ ਜਾਣ ਦੇ ਖਤਰੇ, ਪੰਜਾਬੀ ਜ਼ਬਾਨ ਤੇ ਸਭਿਆਚਾਰ ਦੇ ਖਾਤਮੇ ਤੋਂ ਬਚਾਉ ਬਾਰੇ ਕੋਈ ਸੁਝਾ ਨਹੀਂ ਦਿੱਤਾ । ਆਰਥਿਕ ਲੁਟ ਹਾਲੇ ਇਸ ਤੋਂ ਵੱਖਰੀ ਹੈ । ਪੰਜਾਬੀ ਭਰਾਓ ! ਇਸ ਨੂੰ ਆਖਦੇ ਐ ਮਿੱਠਾ-ਮਿੱਠਾ ਹੜੱਪ ਤੇ ਕੌੜਾ-ਕੌੜਾ ਥੂਹ । ਜਿਹੜੇ ਪੰਜਾਬੀ ਆਪਣੀ ਮਾਂ ਬੋਲੀ ਨੂੰ ਮਾਨਤਾ ਨਹੀਂ ਦੇਂਦੇ, ਉਹ ਪੰਜਾਬੀ ਨਹੀਂ । ਜਿਹੜੇ ਪੰਜਾਬ ਵਿਚ ਵਸਣ ਵਾਲੇ ਹਰਿਆਣੇ ਤੇ ਰਾਜਸਥਾਨ

ਦੇ ਹਿੱਤਾਂ ਲਈ ਲੜ ਰਹੇ ਹਨ, ਉਹ ਪੰਜਾਬੀ ਕਿਵੇਂ ਹੋ ਸਕਦੇ ਹਨ ? ਜਿਸ ਰਫਤਾਰ ਨਾਲ ਪੰਜਾਬੀ ਬਾਹਰ ਜਾ ਰਹੇ ਹਨ ਅਤੇ ਬਿਹਾਰ, ਯੂ. ਪੀ. ਤੇ ਰਾਜਸਥਾਨ ਦੀਆਂ ਧਾੜਾਂ ਚੜ੍ਹੀਆਂ ਆ ਰਹੀਆਂ ਹਨ, ਪੰਜਾਬ, ਪੰਜਾਬ ਰਹਿ ਕਿਵੇਂ ਜਾਵੇਗਾ? ਪੰਜਾਬ ਨੂੰ ਸਿੱਖਬੰਦ ਪੰਜਾਬ ਰੱਖਣ ਦੀ ਜ਼ੁੰਮੇਵਾਰੀ ਆਖ਼ਰ ਕਿਸੇ ਤਾਂ ਚੁਕਣੀ ਹੀ ਹੈ। ਆਸਾਮ ਕਿਉਂ ਚੀਕ ਰਿਹਾ ਹੈ ? ਤਿੱਬਤ ਨਾਲ ਹਿੰਦ ਸਰਕਾਰ, ਹਿੰਦੂ ਲੀਡਰਾਂ ਤੇ ਪ੍ਰੈਸ ਨੂੰ ਕਿਉਂ ਹਮਦਰਦੀ ਹੈ ? ਆਸਾਮ ਨੂੰ ਆਪਣੇ ਘਰ ਵਿਚ ਘੱਟ-ਗਿਣਤੀ ਹੋ ਜਾਣ ਦਾ ਖਤਰਾ ਨਹੀਂ ਪੈਦਾ ਹੋ ਗਿਆ ? ਪੰਜਾਬ ਤਾਂ ਛੀ ਸਦੀ ਦੇ ਕੰਢੇ ਤੇ ਖਲੋਤਾ ਹੈ। ਪੰਜਾਬ ਆਪਣੇ ਘਰ ਲਈ ਕਿਉਂ ਨਾ ਸੋਚੇ ਕਿਉਂ ਨਾ ਲੜੇ ? ਅਸੀਂ ਮਾਂ ਦੇ ਦੁੱਧ ਤੋਂ ਪਹਿਲਾਂ ਪੰਜਾਬੀ ਹਾਂ, ਫਿਰ ਭਾਰਤੀ। ਅਸੀਂ ਪੰਜਾਬੀਪੁਣਾ ਗਵਾ ਕੇ ਭਾਰਤੀ ਕਿਵੇਂ ਹੋ ਸਕਾਂਗੇ ?"

ਸੋ ਪਹਿਲੀ ਗੱਲ, ਜ਼ਬਾਨ ਦੇ ਆਧਾਰ ਤੇ ਬਾਹਰ ਰੱਖੇ ਇਲਾਕੇ ਪੰਜਾਬ ਨੂੰ ਮਿਲਣੇ ਚਾਹੀਦੇ ਹਨ। ਪਾਣੀ ਅਤੇ ਬਿਜਲੀ ਉਤੇ ਪੰਜਾਬ ਦਾ ਅਧਿਕਾਰ ਕੌਮਾਂਤਰੀ ਕਾਨੂੰਨ ਅਨੁਸਾਰ ਮੰਨਿਆ ਜਾਵੇ। ਫਾਲਤੂ ਪਾਣੀ ਤੇ ਬਿਜਲੀ ਪੰਜਾਬ ਗਵਾਂਢੀ ਰਾਜਾਂ ਨੂੰ ਮੁੱਲ ਦੇਵੇ, ਜਿਵੇਂ ਉਹ ਆਪਣੀ ਉਪਜ ਵੇਚਦਾ ਹੈ। ਇਸ ਮੁੱਲ ਨਾਲ ਕੇਂਦਰ ਦਾ ਲੱਗਾ ਕਰਜ਼ਾ ਲਾਹਿਆ ਜਾਵੇ। ਫੈਡਰਲ ਢਾਂਚੇ ਅਨੁਸਾਰ ਅੰਦਰੂਨੀ ਆਜ਼ਾਦੀ ਹਾਸਲ ਕੀਤੀ ਜਾਵੇ। ਅੰਦਰੂਨੀ ਆਜ਼ਾਦੀ ਬਿਨਾਂ ਪੰਜਾਬ ਨਾ ਆਰਥਿਕ ਤੌਰ ਤੇ ਤਕੜਾ ਹੋ ਸਕਦਾ ਹੈ ਤੇ ਨਾ ਸਭਿਆਚਾਰਕ ਤੌਰ ਤੇ ਸਿਰ ਉੱਚਾ ਕਰ ਸਕਦਾ ਹੈ। ਕੇਂਦਰ ਦੀ ਈਮਾਨਦਾਰੀ ਵੇਖੋ, ਥੀਨ ਡੈਮ ਦੀ ਮਨਜ਼ੂਰੀ ਦੇਣ ਲਈ ਪੰਦਰਾਂ ਵਰ੍ਹੇ ਲਾ ਦੇਂਦੀ ਹੈ, ਅਣਖ ਰੱਖਣ ਵਾਲੇ ਪੰਜਾਬੀ-ਕਾਂਗਰਸੀ ਜਵਾਬ ਦੇਣ ਕਿ ਸੈਂਟਰ ਨੇ ਪੰਜਾਬ ਵਿਚ ਇੰਡਸਟਰੀ ਕਿਉਂ ਨਾ ਲਾਈ ? ਜਾਂ ਉਸ ਦਾ ਬਦਲ ਕੀ ਦਿੱਤਾ ਹੈ ? ਜਦੋਂ ਕਿ ਦੂਜੇ ਰਾਜਾਂ ਵਿਚ ਅਰਬਾਂ ਖਰਬਾਂ ਦੀ ਸਨਅਤ ਲਾ ਛੱਡੀ ਹੈ। ਪੰਜਾਬੀ ਬੋਲਦੀ ਤਹਿਸੀਲ ਖਰੜ ਦੇ ਪੰਜਾਬੀਆਂ ਨੂੰ ਉਜਾੜ ਕੇ ਚੰਡੀਗੜ੍ਹ ਵਸਾਇਆ, ਸੈਂਟਰ ਉਸ ਨੂੰ ਕਿਉਂ ਨੱਪੀ ਬੈਠਾ ਹੈ ? ਕੀ ਪੰਜਾਬੀਆਂ ਦਾ ਇਹ ਕਸੂਰ ਹੈ ਕਿ ਫਾਲਤੂ ਅਨਾਜ ਪੈਦਾ ਕਰ ਕੇ ਦੇਸ਼ ਦੀ ਅਰਬਾਂ ਰੁਪਏ ਦੀ ਫਾਰਨ ਐਕਸਚੇਂਜ ਬਚਾ ਦਿੱਤੀ, ਕਸ਼ਮੀਰ ਪਾਕਿਸਤਾਨ ਵਿਚ ਜਾਂਦਾ ਜਾਂਦਾ ਲੜ ਮਰ ਕੇ ਰੱਖ ਲਿਆ ? ਪੈਂਹਠ ਤੇ ਇਕੱਹਤਰ ਦੀਆਂ ਜੰਗਾਂ ਜਿੱਤ ਦਿੱਤੀਆਂ ? ਪੰਜਾਬ ਦੇ ਕਾਂਗਰਸੀਆਂ ਨੂੰ ਇਤਿਹਾਸ ਮੁਜਰਮ ਠਹਿਰਾਏਗਾ। ਇਹ ਪੰਜਾਬ ਦੇ ਹਿੱਤਾਂ ਦੀ ਰਾਖੀ ਨਹੀਂ ਕਰ ਰਹੇ, ਸਗੋਂ ਸੈਂਟਰ ਦੀ ਬੋਲੀ ਬੋਲਦੇ, ਮਾਂ ਨਾਲ ਹੀ ਹੇਜਲੀ ਵਾਲੀ ਗੱਲ ਕਰਦੇ ਹਨ।

ਅਕਾਲੀ ਭਾਈਆਂ ਨੂੰ ਮੈਂ ਆਖਰੀ ਗੱਲ ਕਹਿਣਾ ਚਾਹੁੰਦਾ ਹਾਂ । ਦੂਜੀਆਂ ਪਾਰਟੀਆਂ ਨੇ ਪੰਜਾਬ ਦੇ ਹਿਤਾਂ ਦਾ ਝੰਡਾ ਤਕਰੀਬਨ ਸੁੱਟ ਦਿੱਤਾ ਹੈ । ਕੋਈ ਜਦੋ-ਜਹਿਦ ਨਹੀਂ, ਇਸ ਤੋਂ ਏਹੀ ਸਿੱਟਾ ਨਿਕਲਦਾ ਹੈ, ਤੁਸਾਂ ਪੰਜਾਬ ਨੂੰ ਮਜ਼ਬੂਤ ਤੇ ਸਿੰਕੋਬੰਦ ਪੰਜਾਬ ਰੱਖਣ ਲਈ ਅੰਦਰੂਨੀ ਖੁਦਮੁਖਤਿਆਰੀ ਤੋਂ ਘੱਟ ਸਮਝੌਤਾ ਕੀਤਾ ਤਾਂ ਉਹ ਠੀਕ ਨਹੀਂ ਹੋਵੇਗਾ । ਤਾਕਤ ਦੇ ਕੇਂਦਰੀਕਰਨ ਦਾ ਸਪੱਸ਼ਟ ਮਤਲਬ ਹੈ ਬਹੁਗਿਣਤੀ ਦਾ ਹਿੰਦੂ ਰਾਜ। ਹਿੰਦੂ ਦਾ ਚਿੱਟਾ ਮਤਲਬ ਏ ਘੱਟ-ਗਿਣਤੀਆਂ ਦਾ ਹੌਲੀ-ਹੌਲੀ ਸਫਾਇਆ । ਤੁਹਾਡੀ ਜਾਇਜ਼ ਮੰਗ ਹਿੰਦ ਸਰਕਾਰ ਨਹੀਂ ਮੰਨਦੀ, ਨਾ ਮੰਨੇ । ਇਤਿਹਾਸਕ ਤੇ ਵਰਤਮਾਨ ਸੱਚ ਤੁਹਾਡੇ ਨਾਲ ਹੈ । ਜਿੱਤ ਸੱਚ ਤੇ ਕੁਰਬਾਨੀ ਦੀ ਅਵੱਸ਼ ਹੋਵੇਗੀ । ਉਸ ਸੂਰਤ ਵਿਚ ਫੌਰੀ ਦੋ ਕੰਮ ਕੀਤੇ ਜਾਣ। ਪਹਿਲਾਂ ਹਿੰਦ ਦੀਆਂ ਸਾਰੀਆਂ ਘੱਟ-ਗਿਣਤੀਆਂ ਦੀ ਮਜ਼ਬੂਤ ਜਥੇਬੰਦੀ ਸਥਾਪਤ ਕਰ ਲਈ ਜਾਵੇ, ਦੂਜੀ ਵੱਧ ਅਧਿਕਾਰ ਚਾਹੁਣ ਵਾਲਿਆਂ ਸੂਬਿਆਂ ਨੂੰ ਇਕ ਪਲੇਟ ਫਾਰਮ ਤੇ ਇਕੱਠਾ ਕਰ ਲਿਆ ਜਾਵੇ । ਜਿਹੜੇ ਰਾਜ ਕੇਂਦਰੀ ਬਜਟ ਦਾ ਅਰਬਾਂ ਰੁਪਇਆ ਵੱਢ ਜਾਂਦੇ ਹਨ, ਉਨ੍ਹਾਂ ਕੋਲ ਵੱਧ ਅਧਿਕਾਰ ਹਨ । ਲੋੜ ਘੱਟ-ਗਿਣਤੀਆਂ ਨੂੰ ਹੈ ਜਾਂ ਜਿਨ੍ਹਾਂ ਦੇ ਸੈਂਟਰ ਵਿਚ ਪੈਰ ਨਹੀਂ ਲਗਦੇ । ਸੈਂਟਰ ਇਸ ਮਸਲੇ ਤੇ ਰਾਜਾਂ ਨੂੰ ਪਾੜੇਗਾ, ਜਿਵੇਂ ਹਰਿਆਣੇ ਨੂੰ ਚੁਕ ਦੇ ਰਖੀ ਹੈ, ਪਰ ਘੱਟ-ਗਿਣਤੀਆਂ ਦੀ ਦੇਸ਼ ਪੱਧਰ ਤੇ ਜਥੇਬੰਦੀ ਅਤੇ ਵੱਧ ਅਧਿਕਾਰ ਚਾਹੁਣ ਵਾਲੇ ਸੂਬਿਆਂ ਦੀ ਏਕਤਾ, ਸੈਂਟਰ ਨੂੰ ਫੈਡਰਲ ਢਾਂਚਾ ਬਣਾਉਣ ਤੇ ਮਜਬੂਰ ਕਰ ਦੇਵੇਗੀ, ਅੱਜ ਕਰੇ ਚਾਹੇ ਕਲ੍ਹ ਕਰੇ ।

ਅਕਾਲੀ ਦਲ ਨਾਲ ਕਿਸੇ ਪੱਖ ਤੇ ਮਤਭੇਦ ਹੋਣ ਦੇ ਬਾਵਜੂਦ ਮੈਂ ਉਨ੍ਹਾਂ ਨੂੰ ਅੱਜ ਦੇ ਇਤਿਹਾਸ ਦੇ ਸੂਰਮੇ ਆਖਦਾ ਹਾਂ । ਜਿਹੜੀ ਲੜਾਈ ਉਹ ਲੜ ਰਹੇ ਹਨ, ਉਹ ਖਬੀਆਂ ਪਾਰਟੀਆਂ ਨੂੰ ਲੜਨੀ ਚਾਹੀਦੀ ਸੀ, ਪਰ ਉਹ ਹੱਥ ਤੇ ਹੱਥ ਧਰੀ ਤਮਾਸ਼ਾ ਵੇਖ ਰਹੀਆਂ ਹਨ, ਅੱਜ ਵਰਗੀ ਮਜ਼ਬੂਤੀ ਤੇ ਪੰਜਾਬ ਦੇ ਲੋਕਾਂ ਦੀ ਮਿਲਵਰਤਣ ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚਿਆਂ ਤੋਂ ਉਰੇ ਤੁਹਾਨੂੰ ਕਦੇ ਨਹੀਂ ਮਿਲੀ । ਪਰ ਫਿਰ ਯਾਦ ਰਹੇ, ਨਿਰਾ ਧਾਰਮਕ ਸਮਝੌਤਾ ਪੰਜਾਬ ਨੂੰ ਕਦੇ ਪ੍ਰਵਾਨ ਨਹੀਂ ਹੋਵੇਗਾ ।

ਰੋਜ਼ਾਨਾ ਅਜੀਤ 9.1.83

ਪੰਜਾਬ ਕਿਵੇਂ ਪੰਜਾਬ ਰਹੇ

ਪੰਜਾਬ ਵਿਚ ਦੋ ਮਸਲੇ ਇਤਿਹਾਸਕ ਘੋਲ ਬਣ ਚੁੱਕੇ ਹਨ। ਪੰਜਾਬ ਦੀ ਆਰਥਿਕ ਲੁੱਟ ਅਤੇ ਪੰਜਾਬੀਅਤ ਨੂੰ ਖਤਰਾ। ਮੁਲਕ ਦੀ ਵੰਡ ਸਮੇਂ ਕਾਂਗਰਸ ਨੇ ਹਿੰਦੂ ਕੌਮ ਦੀ ਨੁਮਾਇੰਦਗੀ ਕੀਤੀ ਸੀ, ਮੁਸਲਮ ਲੀਗ ਨੇ ਮੁਸਲਮਾਨਾਂ ਅਤੇ ਅਕਾਲੀ ਦਲ ਨੇ ਸਿੱਖਾਂ ਦੀ, ਇਤਿਹਾਸ ਇਸ ਦਾ ਗਵਾਹ ਹੈ। ਸੈਕੂਲਰਇਜ਼ਮ ਅੱਜ ਦੇ ਭਾਰਤ ਵਿਚ ਇਕ ਢੌਂਗ ਹੈ, ਜਿਸ ਦਾ ਸਰਕਾਰੀ ਪੱਧਰ ਉਤੇ ਢੰਡੋਰਾ ਪਿਟਿਆ ਜਾ ਰਿਹਾ ਹੈ। ਆਏ ਦਿਨ ਫਿਰਕੂ ਫਸਾਦ ਇਸ ਦੇ ਸੁਲਤਾਨੀ ਸਬੂਤ ਹਨ। ਰਾਜ ਕਰ ਰਹੀ ਹੈ-ਹਿੰਦੂ ਬਰੁਜਵਾਜ਼ੀ। ਸਰਮਾਏਦਾਰੀ ਨੇ ਲੁੱਟ ਕਰਨੀ ਹੈ ਹਰ ਹਾਲਤ ਵਿਚ ਤੇ ਉਹ ਸਾਰੇ ਭਾਰਤ ਵਿਚ ਆਰਾਮ ਨਾਲ ਮੋਟੀ ਹੋਈ ਜਾ ਰਹੀ ਹੈ। ਗਵਾਹੀ ਲਈ ਸਰਕਾਰੀ ਅੰਕੜੇ ਵੇਖੇ ਜਾ ਸਕਦੇ ਹਨ।

ਕਿਉਂਕਿ ਬਾਕੀ ਰਾਜਾਂ ਦਾ ਕਿਸਾਨ ਹਿੰਦੂ ਬੁਰਜਵਾਜ਼ੀ ਦੀ ਲੁੱਟ ਅਗੇ ਥਿਰਕਦਾ ਤਕ ਨਹੀਂ, ਪਰ ਪੰਜਾਬ ਦਾ ਕਿਸਾਨ ਸਾਲਮ ਅੜਦਾ ਹੈ। ਵਜਾਹ ਸਾਫ ਹੈ, ਪੰਜਾਬ ਦੇ ਕਿਸਾਨ ਨੇ ਤਲਵਾਰ ਚੁੱਕ ਕੇ ਲੁਟੇਰਿਆਂ ਨੂੰ ਹਾਰ ਦਿੱਤੀ ਹੈ ਅਤੇ ਆਪਣਾ ਇਤਿਹਾਸ ਪੈਦਾ ਕੀਤਾ ਹੈ। ਉਹ ਕਿਸੇ ਤਰ੍ਹਾਂ ਈਨ ਮੰਨਣ ਲਈ ਤਿਆਰ ਨਹੀਂ। ਹਿੰਦੂ ਬੁਰਜਵਾਜ਼ੀ ਨੂੰ ਪੰਜਾਬੀ ਕਿਸਾਨ ਦੀਆਂ ਦੋ ਗੱਲਾਂ ਰੜਕਦੀਆਂ ਹਨ, ਉਸ ਦਾ ਅੜਨਾ ਤੇ ਸਿੱਖ ਹੋਣਾ। ਕਿਉਂਕਿ ਹਿੰਦੂ ਬੁਰਜਵਾਜ਼ੀ ਦਾ ਖਾਸਾ ਫਿਰਕੂ ਹੈ ਤੇ ਉਹ ਸਿੱਖਾਂ ਨੂੰ ਦਾੜ੍ਹੀਆਂ ਕੇਸਾਂ ਵਾਲੇ ਹਿੰਦੂ ਆਖ, ਬੁੱਧ ਤੇ ਜੈਨ ਧਰਮਾਂ ਵਾਂਗ ਆਪਣੇ ਵਿਚ ਖੋਰਨਾ ਚਾਹੁੰਦੀ ਹੈ। ਪੰਜਾਬੀ ਕਿਸਾਨੀ ਵਧੇਰੇ ਕਰਕੇ ਸਿੱਖ ਹੈ ਤੇ ਸਿੱਖ ਹਿੰਦੂਆਂ ਤੇ ਮੁਸਲਮਾਨਾਂ ਨਾਲੋਂ ਹੋਂਦ ਸਿਧਾਂਤ ਤੇ ਇਤਿਹਾਸ ਕਰਕੇ ਵੱਖਰੇ ਹਨ। ਇਥੇ ਗੱਲ ਸਾਫ ਹੋ ਜਾਂਦੀ ਹੈ। ਸਿੱਖ ਕਿਸਾਨੀ ਨੂੰ ਆਪਣੀ

ਵੱਖਰੀ ਹਸਤੀ ਕਾਇਮ ਰੱਖਣ ਲਈ ਅੜਨਾ ਚਾਹੀਦਾ ਹੈ। ਉਹਨਾਂ ਇਹ ਹਸਤੀ ਲੱਖਾਂ ਕੁਰਬਾਨੀਆਂ ਦੇ ਕੇ ਪੈਦਾ ਕੀਤੀ ਹੈ। ਇਸ ਫਿਰਕੂ ਸਰਮਾਏਦਾਰੀ ਨਿਜ਼ਾਮ ਵਿਚ ਹੁਣ ਵੱਖਰੀ ਹਸਤੀ ਨੂੰ ਐਲਾਨੀਆ ਖਤਰਾ ਆ ਪਿਆ ਹੈ। ਕੋਈ ਮਹਿਸੂਸ ਕਰੇ ਜਾਂ ਨਾ। ਮਹਿਸੂਸ ਕੇਵਲ ਅਣਖ ਵਾਲੇ ਕਰਦੇ ਹਨ। ਮੁਰਦੇ ਖਿਜ਼ਦੇ ਵਿਚ ਡਿਗੇ ਕਦੇ ਉਠੇ ਨਹੀਂ।

ਪੰਜਾਬੀ ਸਿੱਖ ਕਿਸਾਨ ਸੁਭਾਵਿਕ ਮਿਹਨਤੀ ਹੈ, ਕੁਰਬਾਨੀ ਦਾ ਜਜ਼ਬਾ ਰੱਖਦਾ ਹੈ। ਆਜ਼ਾਦੀ ਦੀ ਜੰਗ ਵਿਚ ਸਿੱਖ ਕਿਸਾਨ ਨੇ ਹਿੰਦੋਸਤਾਨ ਦੇ ਮੁਕਾਬਲੇ ਤਿੰਨ ਗੁਣਾ ਵਧ ਫਾਂਸੀਆਂ, ਗੋਲੀਆਂ ਖਾਧੀਆਂ ਹਨ। ਲੁੱਟ ਕਰਨ ਦੇ ਬਾਵਜੂਦ ਹਿੰਦੂ ਸਰਮਾਏਦਾਰੀ ਸਿੱਖੀ ਕਿਸਾਨੀ ਉਤੇ ਔਖੀ ਹੈ: ਰਾਜ ਉਹ ਕਰੇ ਤੇ ਅੱਗੇ ਅੜੇ ਸਿੱਖ ਕਿਸਾਨ: ਉਸ ਲਈ ਚੈਲੰਜ ਵਾਲੀ ਗੱਲ ਹੈ। ਉਹ ਪੰਜਾਬੀ ਕਿਸਾਨ ਨੂੰ ਯੂ. ਪੀ. ਤੇ ਬਿਹਾਰ ਦੇ ਕਿਸਾਨ ਵਾਂਗ ਅਸਲੋਂ ਨਸਾਲਿਆ ਚਾਹੁੰਦੀ ਹੈ। ਕਿਸਾਨ ਨੂੰ ਘਸਿਆਰਾ ਬਣਾਉਣ ਲਈ ਦੋ ਉਪਾਅ ਸੋਚੇ ਗਏ। ਪੰਜਾਬ ਦਾ ਬਿਜਲੀ ਪਾਣੀ ਖੋਹ ਕੇ ਦੂਜੇ ਰਾਜਾਂ ਨੂੰ ਦੇ ਦਿਓ, ਪੰਜਾਬ ਦੇ ਹਰੇ ਇਨਕਲਾਬ ਦੀ ਆਕੜ ਨਿਕਲ ਜਾਵੇਗੀ। ਹਰਿਆਣੇ ਤੇ ਰਾਜਸਥਾਨ ਨੂੰ ਸ਼ਰੀਕ ਬਣਾ ਕੇ ਖੜੇ ਕਰ ਦਿਓ। ਪੈਦਾਵਾਰੀ ਵਸੀਲੇ (ਬਿਜਲੀ ਪਾਣੀ ਨੂੰ) ਹਥਿਆ ਲੈਣ ਨਾਲ ਪੰਜਾਬ ਨੂੰ ਆਰਥਕ ਸੋਕੜਾ ਮਾਰ ਜਾਵੇਗਾ। ਪੰਜਾਬ ਵਿਚ ਇੰਡਸਟਰੀ ਉੱਕਾ ਨਾ ਲਾਓ ਤੇ ਇਹਦੀ ਪੈਦਾਵਾਰ ਮਨਮਰਜ਼ੀ ਦੇ ਭਾਅ ਚੁੱਕੋ।

ਯਾਦ ਰਹੇ ਤੇਲ ਉੱਤੇ ਮਹਾਂਰਾਸ਼ਟਰ ਅਤੇ ਅਸਾਮ ਨੂੰ ਸਤਾਰਾਂ ਪ੍ਰਤੀਸ਼ਤ ਰਾਇਲਟੀ ਦਿੱਤੀ ਜਾਂਦੀ ਹੈ। ਕਿਉਂਕਿ ਉਹ ਫਾਰਨ ਐਕਸਚੇਂਜ ਬਚਾਉਂਦੇ ਹਨ। ਪੰਜਾਬ ਕਣਕ ਦੇ ਮਸਲੇ ਵਿਚ ਜਿਹੜੀ ਐਕਸਚੇਂਜ ਬਚਾਉਂਦਾ ਹੈ, ਨੂੰ ਠੂਠਾ ਵਿਖਾ ਦਿੱਤਾ ਹੈ। ਇਉਂ ਸੈਂਟਰ ਵਾਲੇ ਸਮਝਦੇ ਹਨ, ਪੰਜਾਬ ਦੇ ਕਿਸਾਨ ਦੀ ਧੌਣ ਦਾ ਕਿੱਲਾ ਨਿਕਲ ਜਾਵੇਗਾ, ਜਦੋਂ ਪੰਜਾਬ ਦਾ ਗੌਰਵ ਟੁੱਟ ਜਾਵੇ ਭਾਵ ਆਰਥਕ ਪੱਖੋਂ ਕਿਸਾਨ ਘਸਿਆਰਾ ਬਣ ਗਿਆ ਫਿਰ ਇਸ ਦੇ ਧਰਮ, ਸਭਿਆਚਾਰ, ਇਤਿਹਾਸ ਤੇ ਬੋਲੀ ਆਦਿ ਨੂੰ ਮਾਰਨਾ ਕੋਈ ਮੁਸ਼ਕਲ ਨਹੀਂ। ਆਰਥਕ ਪੱਖੋਂ ਹਾਰਿਆ ਮਨੁੱਖ ਕੁਝ ਵੀ ਹੋ ਸਕਦਾ ਹੈ। ਅਫਰੀਕਾ ਵਿਚ ਲੋਕੀ ਈਸਾਈ ਬਣਾਏ ਗਏ, ਅਮਰੀਕਾ ਵਿਚ ਗੁਲਾਮ ਬਣਾ ਕੇ ਇਕ ਤਰ੍ਹਾਂ ਖਤਮ ਕੀਤੇ ਗਏ। ਯਾਦ ਰਹੇ ਸਰਮਾਏਦਾਰ ਜਮਹੂਰੀਅਤਾਂ ਘੱਟ ਗਿਣਤੀਆਂ ਨੂੰ ਹਮੇਸ਼ਾਂ ਥੱਲੇ ਲਾ ਕੇ ਅਥਵਾ ਗੁਲਾਮ ਬਣਾ ਕੇ ਰਖਦੀਆਂ ਹਨ।

ਪੰਜਾਬੀ ਕਿਸਾਨਾਂ ਅਥਵਾ ਸਿੱਖਾਂ ਸਾਹਮਣੇ ਦੋ ਹੀ ਰਾਹ ਹਨ, ਉਹ ਆਜ਼ਾਦ

ਰਹਿਣ ਜਾਂ ਗੁਲਾਮ ਹੋਣ । ਸਿੱਖ ਆਪਣੀ ਹਸਤੀ ਨੂੰ ਕਾਇਮ ਰੱਖਣ ਜਾਂ ਹਿੰਦੂ ਬਣ ਜਾਣ। ਲੁਕ ਲਪੇਟ ਵਾਲੀ ਕੋਈ ਗੱਲ ਨਹੀਂ। ਸੈਂਟਰ ਵਿਚ ਹਿੰਦੂ ਸਰਮਾਏਦਾਰੀ ਕਾਬਜ਼ ਹੈ । ਜਿਹੜੀਆਂ ਪਾਰਟੀਆਂ, ਸੰਸਥਾਵਾਂ, ਕੇਂਦਰ ਅਥਵਾ ਇੰਦਰਾ ਗਾਂਧੀ ਦੇ ਹੱਥ ਮਜ਼ਬੂਤ ਕਰਦੀਆਂ ਹਨ ਉਹ ਪੰਜਾਬ ਨੂੰ ਕਮਜ਼ੋਰ ਕਰਦੀਆਂ ਹਨ । ਉਹ ਸਿੱਖਾਂ ਅੰਗਰੇਜ਼ਾਂ ਦੀ ਟੱਕਰ ਸਮੇਂ ਡੋਗਰਿਆਂ ਵਾਲਾ ਰੋਲ ਅਦਾ ਕਰ ਰਹੀਆਂ ਹਨ । ਜਿਹੜੇ ਪੰਜਾਬੀ ਅਥਵਾ ਸਿੱਖ ਸੈਂਟਰ ਵਲੋਂ ਉੱਚੇ ਅਹੁਦਿਆਂ ਉੱਤੇ ਲਾਏ ਹਨ, ਹਿੰਦੂ ਬੁਰਜ਼ਵਾਜ਼ੀ ਉਹਨਾਂ ਨੂੰ ਬੜੀ ਹੁਸ਼ਿਆਰੀ ਨਾਲ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਵਰਤ ਰਹੀ ਹੈ । ਉਹ ਆਪਣੇ ਇਤਿਹਾਸਕ ਰੋਲ ਨੂੰ ਖੁਦ ਸਮਝਣ ਕਿ ਉਹ ਕੀ ਕਰ ਰਹੇ ਹਨ । ਇਕ ਮਿਸਾਲ: ਗਿ: ਗੁਰਮੁਖ ਸਿੰਘ ਮੁਸਾਫਰ ਦੀ ਪਾਜਕੂ ਵੋਟ ਨਾਲ ਹਿੰਦੀ ਰਾਸ਼ਟਰੀ ਭਾਸ਼ਾ ਬਣੀ ਸੀ । ਮੌਲਾਨਾ ਆਜ਼ਾਦ ਨੇ ਬੜੇ ਦੁੱਖ ਨਾਲ ਆਖਿਆ ਸੀ, 'ਕਿਆ ਯਿਹ ਲੋਗ ਇਨ ਕਾ ਦੀਨ ਈਮਾਨ, ਪਾਰਲੀਮੈਂਟ ਕੀ ਏਕ ਮੈਂਬਰੀ ਪੀਛੇ ਵਿਕ ਗਏ ।' ਮੌਲਾਨਾ ਆਜ਼ਾਦ ਦੀ ਕੌਮ ਪ੍ਰਸਤੀ ਨੂੰ ਚੈਲੰਜ ਨਹੀਂ ਕੀਤਾ ਜਾ ਸਕਦਾ ।

ਇਸ ਗੱਲ ਦਾ ਭੁਲੇਖਾ ਨਾ ਰਹੇ ਕਿ ਪੰਜਾਬ ਘੱਟ ਗਿਣਤੀ ਵਿਚ ਨਹੀਂ ਬਦਲ ਸਕਦਾ । ਜੇ ਇਸ ਤਰ੍ਹਾਂ ਹੀ ਪੰਜਾਬੀ ਦੂਜੇ ਰਾਜਾਂ ਅਤੇ ਪ੍ਰਦੇਸ਼ਾਂ ਨੂੰ ਤੁਰੇ ਰਹੇ ਤੇ ਇਹਦੇ ਉਲਟ ਚਾਰ ਪੰਜ ਗੁਣਾ ਵਧ ਬਿਹਾਰ, ਯੂ. ਪੀ. ਤੇ ਰਾਜਸਥਾਨ ਦੀਆਂ ਧਾੜਾਂ ਪੰਜਾਬ ਤੇ ਚੜ੍ਹੀਆਂ ਰਹੀਆਂ, ਆਉਣ ਵਾਲੇ ਪੰਜ ਸੱਤ ਸਾਲ ਵਿਚ ਵੈਂਗਣੀ ਰੰਗ ਤਾਂ ਉਘੜਿਆ ਹੀ ਲਓ । ਜਿਹੜੇ ਹਿੰਦੂ 37 ਸਾਲ ਵਿਚ ਪੰਜਾਬੀ ਨਹੀਂ ਬਣ ਸਕੇ, ਹੁਣ ਉਹ ਨੈਸ਼ਨਲਿਸਟ ਬਣ ਜਾਣਗੇ ? ਦਰਿਆਦਿਲੀ ਵਾਲੀਆਂ ਸੋਚਾਂ ਨੇ ਪਹਿਲਾਂ ਵੀ ਪੰਜਾਬੀਆਂ ਨੂੰ ਮਰਵਾਇਆ ਸੀ ਤੇ ਹੁਣ ਵੀ ਤਬਾਹ ਕਰਵਾਉਣਗੀਆਂ । ਜੇ ਪੰਜਾਬ ਨੂੰ ਪੰਜਾਬ ਰਖਣਾ ਹੈ, ਪੰਜਾਬੀ ਕੌਮੀਅਤ ਵੱਖਰੀ ਹਸਤੀ ਰਖਦੀ ਹੈ, ਜਿਸ ਵਿਚ ਸਾਲਮ ਸਿੱਖ ਸ਼ਾਮਲ ਹਨ, ਤਦ ਹਰ ਵਿਚਾਰ ਦੇ ਵਿਅਕਤੀ, ਸੰਸਥਾ ਤੇ ਰਾਜਸੀ ਪਾਰਟੀ ਨੂੰ ਅੰਦਰੂਨੀ ਖੁਦਮੁਖਤਿਆਰੀ ਜਾਂ ਫੈਡਰਲ ਢਾਂਚੇ ਦੀ ਮੰਗ ਉੱਤੇ ਇਕਮੁੱਠ ਹੋ ਜਾਣਾ ਚਾਹੀਦਾ ਹੈ । ਇਹ ਹੁਣ ਵੇਲਾ ਹੈ, ਫਿਰ ਕਦੇ ਵੀ ਨਹੀਂ । ਘੱਟ ਗਿਣਤੀ ਵਿਚ ਹੋ ਗਏ ਪੰਜਾਬ ਨੂੰ ਫਿਰ ਫੈਡਰਲ ਢਾਂਚਾ ਵੀ ਨਹੀਂ ਬਚਾ ਸਕੇਗਾ। ਕਿਉਂਕਿ ਫਿਰ ਰਾਜ ਵਿਚ ਗ਼ੈਰ ਪੰਜਾਬੀਆਂ ਦੀ ਬਹੁਗਿਣਤੀ ਰਾਜਸੀ ਤਾਕਤ ਦੀ ਮਾਲਕ ਹੋਵੇਗੀ ।

ਜਿਹੜੇ ਅੰਦਰੂਨੀ ਖੁਦਮੁਖਤਿਆਰੀ ਨੂੰ ਵੱਖਵਾਦ ਦਾ ਨਾਂ ਦਿੰਦੇ ਹਨ, ਉਹ ਸ਼ੈਤਾਨ ਦੇ ਲੱਕੜਦਾਦੇ ਹਨ । ਉਹ ਦੇਸ਼ ਦੀ ਏਕਤਾ ਨੂੰ ਖਤਰਾ ਅਤੇ ਕਮਜ਼ੋਰ

ਹੋਣ ਦਾ ਵਾਵੇਲਾ ਕਰਦੇ ਹਨ । ਫੈਡਰਲ ਢਾਂਚਾ ਰੂਸ, ਅਮਰੀਕਾ ਤੇ ਕਨੇਡਾ ਵਿਚ ਪ੍ਰਚਲਤ ਹੈ । ਕੀ ਉਹ ਦੇਸ਼ ਕਮਜ਼ੋਰ ਹੋਏ ਹਨ ? ਨਹੀਂ, ਉਲਟਾ ਦੋਹਾਂ ਪੱਖਾਂ ਤੋਂ ਮਜ਼ਬੂਤ ਹੋਏ ਹਨ । ਹਿੰਦੂ ਸਰਮਾਏਦਾਰੀ ਦੇ ਮੁਕਾਬਲੇ ਵਿਚ ਸਿੱਖ ਸਰਮਾਏਦਾਰੀ ਪੰਜਾਬ ਵਿਚ ਆਟੇ ਵਿਚ ਲੂਣ ਵੀ ਨਹੀਂ । ਖਾੜਕੂ ਸਿੱਖ ਕਿਸਾਨੀ ਅੱਗੇ, ਸਿੱਖ ਸਰਮਾਏਦਾਰੀ ਮੂੰਹ ਵਿਚ ਘੁੰਗਣੀਆਂ ਪਾ ਲੈਂਦੀ ਹੈ । ਛੋਟੀ ਸਰਮਾਏਦਾਰੀ ਤੇ ਕਿਸਾਨੀ ਨੂੰ ਪਿੱਠ ਦੇ ਕੇ, ਜਿਹੜੇ ਰੂਸ ਦੇ ਇਸ਼ਾਰੇ ਉਤੇ ਵੱਡੀ ਸਰਮਾਏਦਾਰੀ ਅਥਵਾ ਇੰਦਰਾ ਦਾ ਪੱਖ ਪੂਰ ਰਹੇ ਹਨ, ਉਹ ਪੰਜਾਬ ਦੀ ਜਨਤਾ ਦੇ ਹੀ ਨਹੀਂ ਮਾਰਕਸ ਦੇ ਢਿੱਡ ਵਿਚ ਵੀ ਛੁਰਾ ਮਾਰ ਰਹੇ ਹਨ । ਇਥੇ ਲੀਡਰਾਂ ਦੇ ਹੀ ਨਹੀਂ ਰਾਜਸੀ ਪਾਰਟੀਆਂ ਦੇ ਕਿਰਦਾਰ ਵੀ ਨੰਗੇ ਹੋ ਰਹੇ ਹਨ ।

ਇਹਨਾਂ ਹਾਲਤਾਂ ਵਿਚ ਰਾਜਾਂ ਦੇ ਘੱਟ ਗਿਣਤੀ ਵਿਚ ਚਲੇ ਜਾਣ ਅਤੇ ਭਵਿੱਖ ਦੇ ਖਤਰਿਆਂ ਨੂੰ ਮੁੱਖ ਰਖਦਿਆਂ ਹਰ ਸ਼ਹਿਰੀ ਨੂੰ ਵੋਟ ਦਾ ਹੱਕ ਆਪਣੇ ਰਾਜ ਵਿਚ ਹੀ ਦੇਣਾ ਚਾਹੀਦਾ ਹੈ । ਇਸ ਤਰ੍ਹਾਂ ਹਰ ਰਾਜ ਦਾ ਗੌਰਵ ਬਣਿਆ ਰਹੇਗਾ ਤੇ ਉਹ ਆਪਣੀ ਥਾਂ ਮਜ਼ਬੂਤ ਵੀ ਹੋਵੇਗਾ । ਆਜ਼ਾਦ ਦੇਸ਼ ਵਿਚ ਘੱਟ ਗਿਣਤੀਆਂ ਦੇ ਰਾਜ ਦੀ ਜੇ ਲੁੱਟ ਹੀ ਹੋਣੀ ਹੈ, ਉਹਨਾਂ ਦੇ ਧਰਮ, ਸਭਿਅਤਾ, ਇਤਿਹਾਸ ਤੇ ਭਾਸ਼ਾ ਨੂੰ ਢਾਹ ਹੀ ਲਗਣੀ ਹੈ, ਉਹ ਸੁੱਖਚੈਨ ਨਾਲ ਕਿਵੇਂ ਬਹਿ ਸਕਦੇ ਹਨ । ਗਰੰਟੀ ਦਿੱਤੇ ਬਿਨਾਂ ਹਰ ਤਰ੍ਹਾਂ ਦੀਆਂ ਕੀਤੀਆਂ ਅਪੀਲਾਂ ਠੱਗੀ ਤੇ ਧੋਖਾ ਹੁੰਦੀਆਂ ਹਨ । ਜਿਵੇਂ ਇਹ ਠੱਗੀਆਂ ਇਤਿਹਾਸ ਵਿਚ ਪੰਜਾਬੀਆਂ ਨਾਲ ਪਹਿਲਾਂ ਵੀ ਮਾਰੀਆਂ ਜਾਂਦੀਆਂ ਰਹੀਆਂ ਹਨ । ਹਰ ਕੌਮ ਨੂੰ ਜਿਊਂਦੇ ਰਹਿਣ ਲਈ ਜਦੋਜਹਿਦ ਕਰਨੀ ਚਾਹੀਦੀ ਹੈ, ਜਿਵੇਂ ਅੱਜ ਪੰਜਾਬੀ, ਅਸਾਮੀ ਅਤੇ ਕਸ਼ਮੀਰੀ ਕਰ ਰਹੇ ਹਨ ।

ਪੰਜਾਬ ਤੋਂ ਬਾਹਰ ਜਾਣ ਵਾਲਿਆਂ ਖਾਸ ਕਰਕੇ ਦੇਸ਼ ਛੱਡ ਜਾਣ ਵਾਲਿਆਂ ਬਾਰੇ ਇਕ ਗੱਲ ਕਹਿਣੀ ਚਾਹੁੰਦਾ ਹਾਂ । ਉਹਨਾਂ ਪੰਜਾਬ ਛੱਡ ਕੇ ਇਕ ਅਜ਼ੀਮ ਤੇ ਇਤਿਹਾਸਕ ਗੁਨਾਹ ਕੀਤਾ ਹੈ, ਉਨ੍ਹਾਂ ਪੰਜਾਬ ਨੂੰ ਘੱਟ ਗਿਣਤੀ ਦੇ ਮੂੰਹ ਨਹੀਂ ਦਿੱਤਾ ਸਗੋਂ ਪੋਲੀਟੀਕਲ ਬਦਲ ਦੇ ਕੰਢੇ ਲਿਆ ਖਲਾਰਿਆ ਹੈ । ਜਿਹਨਾਂ ਸ਼ਹਿਰੀਅਤ ਹੀ ਬਦਲ ਲਈ ਉਹਨਾਂ ਤਾਂ ਪੰਜਾਬ ਬਾਰੇ ਕੁਝ ਕਹਿਣ ਦਾ ਅਧਿਕਾਰ ਹੀ ਗੁਆ ਲਿਆ ਹੈ । ਉਹਨਾਂ ਆਪਣੀ ਹਾਲਤ ਭਲਾ ਹੀ ਬੇਹਤਰ ਬਣਾ ਲਈ ਹੋਵੇ ਪਰ ਆਪਣੀ ਗਰਜ਼ ਬਦਲੇ ਪੰਜਾਬ ਨੂੰ ਖੂਹ ਟੋਭੇ ਜ਼ਰੂਰ ਪਾ ਦਿੱਤਾ ਹੈ। ਉਹਨਾਂ ਦਾ ਰਵੱਈਆ ਜੇ ਪੰਜਾਬ ਦੇ ਹਿੱਤਾਂ ਨੂੰ ਤਾਕਤ ਨਹੀਂ ਦਿੰਦਾ ਤਾਂ ਅਵੱਸ਼ ਹੀ ਹਿੰਦੂ ਸਰਮਾਏਦਾਰੀ ਦੂਜੇ ਅਰਥਾਂ ਵਿਚ ਇੰਦਰਾ ਗਾਂਧੀ ਦੇ ਹੱਥ ਮਜ਼ਬੂਤ

ਕਰਦਾ ਹੈ। ਜੇ ਉਹ ਇੰਦਰਾ ਗਾਂਧੀ ਦੇ ਪੱਖੀ ਹਨ ਤਾਂ ਪੰਜਾਬ ਦੇ ਕੀ ਲਗਦੇ ਹਨ ? ਪਰ ਇਹ ਨਿਰਣਾ ਉਹ ਆਪ ਕਰਨ। ਪਰ ਇਤਿਹਾਸ ਉਹਨਾਂ ਸਭ ਨੂੰ ਗ਼ਦਾਰ ਆਖੇਗਾ ਜਿਹੜੇ ਕੁੱਟਲ ਚਾਲਾਂ ਨਾਲ ਪੰਜਾਬ ਨੂੰ ਮਰਵਾਉਣ ਉਤੇ ਤੁਲੇ ਹੋਏ ਹਨ। ਬਾਹਰ ਗਏ ਪੰਜਾਬੀਆਂ ਨੂੰ ਇਕ ਗੱਲ ਚਿਤਾਵਨੀ ਵਜੋਂ ਵੀ ਕਹਿਣੀ ਹੈ, ਜੇ ਪੰਜਾਬ ਆਪਣੀ ਆਜ਼ਾਦ ਤੇ ਵਖਰੀ ਹਸਤੀ ਨੂੰ ਕਾਇਮ ਨਾ ਰੱਖ ਸਕਿਆ ਹੁਣ ਤਾਂ ਉਹਨਾਂ ਨੂੰ 'ਬਲੈਕ ਬਾਸਟਰਡ' ਦੀਆਂ ਗਾਹਲਾਂ ਹੀ ਪੈਂਦੀਆਂ ਹਨ ਫਿਰ ਹਰ ਚੌਰਾਹੇ ਤੇ ਗਲੀ ਦੇ ਮੋੜ ਉਤੇ ਠੁੱਡੇ ਖਾਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਅੱਜ ਕੋਈ ਚੀਨੀ ਤੇ ਜਪਾਨੀ ਵੱਲ ਅੱਖ ਚੁੱਕ ਕੇ ਨਹੀਂ ਦੇਖ ਸਕਦਾ ਕਿਉਂਕਿ ਉਹਨਾਂ ਦੇ ਕਿਲੇ ਪਿੱਛੇ ਮਜ਼ਬੂਤ ਹਨ। ਪਰ ਪੰਜਾਬੀਆਂ ਨੂੰ ਤਾਂ ਦੇਸ਼ ਪ੍ਰਦੇਸ਼ ਦੋਹਾਂ ਥਾਵਾਂ ਤੇ ਜਾਣ ਕੇ ਜ਼ਲੀਲ ਕਰਵਾਇਆ ਜਾ ਰਿਹਾ ਹੈ। ਆਪਣੀ ਆਜ਼ਾਦ ਹਸਤੀ ਕਾਇਮ ਰੱਖਣ ਲਈ ਪੰਜਾਬ ਦਾ ਘੋਲ, ਭਵਿੱਖ ਤੇ ਇਤਿਹਾਸ ਬਾਹਰ ਵਸਦੇ ਪੰਜਾਬੀਆਂ ਦੀ ਅਕਲ ਤੇ ਅਮਲ ਦੇ ਇਮਤਿਹਾਨ ਦਾ ਇੰਤਜ਼ਾਰ ਕਰ ਰਿਹਾ ਹੈ। ਮਤ ਭੁੱਲੋ ਤਖਤ ਜਾਂ ਤਖਤੇ ਦੇ ਵਿਚਕਾਰ ਕੋਈ ਹੋਰ ਸਟੇਜ ਵੀ ਹੁੰਦੀ ਹੈ।

ਸੋ ਪੰਜਾਬ ਨੂੰ ਹਰ ਪੱਖੋਂ ਮਜ਼ਬੂਤ ਪੰਜਾਬ ਰੱਖਣ ਅਤੇ ਘੱਟ ਗਿਣਤੀ ਵਿਚ ਜਾਣ ਤੋਂ ਰੋਕਣ ਲਈ ਹਰ ਸਕਾਰਥੇ ਜਤਨ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਦੇਸ਼ ਦੀ ਏਕਤਾ, ਵੱਖਰੀਆਂ ਕੌਮੀਅਤਾਂ ਦੀ ਆਜ਼ਾਦ ਹਸਤੀ ਕੇਵਲ ਫੈਡਰਲ ਢਾਂਚੇ ਵਿਚ ਹੀ ਆਜ਼ਾਦ ਰਹਿ ਸਕਦੀ ਹੈ। ਪੰਜਾਬ ਦਾ ਅੱਜ ਦਾ ਘੋਲ ਬਹੁਤੇ ਹੁਸ਼ਿਆਰਾਂ ਦਾ ਸਿਆਸੀ ਈਮਾਨ ਪਰਖ ਰਿਹਾ ਹੈ। ਉਹ ਲੁਟੇਰੀ ਜਮਾਤ ਦਾ ਸਾਥ ਦਿੰਦੇ ਹਨ ਜਾਂ ਲੁੱਟੇ ਜਾ ਰਹੇ ਪੰਜਾਬ ਦਾ। ਮਨੁੱਖ ਕਿਤੇ ਹੈ, ਕਿਸੇ ਹਾਲਤ ਵਿਚ ਹੈ, ਉਸ ਦਾ ਅਮਲ, ਦੋਸਤ ਨੂੰ ਮਜ਼ਬੂਤ ਕਰਦਾ ਹੈ ਜਾਂ ਦੁਸ਼ਮਣ ਨੂੰ।

ਦੇਸ ਪ੍ਰਦੇਸ 28-10-83

ਮੈਂ ਤੇ ਮੇਰੀ ਰਚਨਾ

ਹਰ ਘਟਨਾ ਕਿਸੇ ਕਾਰਨ ਦਾ ਸਿੱਟਾ ਹੁੰਦੀ ਹੈ । ਮਨੁੱਖ ਦੇ ਬਣਨ ਤੇ ਬਦਲਣ ਵਿਚ ਹਾਲਾਤ ਮਹਾਂਬਲੀ ਰਹੇ ਹਨ । ਅੱਜ ਦਾ ਮਨੁੱਖ ਹਾਲਾਤ ਤੇ ਇਤਿਹਾਸ ਦਾ ਕ੍ਰਿਸ਼ਮਾ ਹੈ । ਕੁਦਰਤ ਪ੍ਰਥਮ ਮਾਂ ਹੈ । ਮਨੁੱਖ ਉਸਦੀ ਗੋਦ ਵਿਚ ਚਾਘੀਆਂ ਪਾਉਂਦਾ ਪਲਿਆ ਹੈ । ਉਹਦੇ ਗੁੱਸੇ ਤੇ ਮਿਹਰ ਨੂੰ ਸਮਝਦਾ ਉਸ ਦਾ ਸਖਾ ਬਣ ਗਿਆ ਹੈ । ਮਨੁੱਖ ਤੇ ਕੁਦਰਤ ਦੀ ਆੜੀ ਨੇ ਵਿਕਾਸੀ ਕਦਮਾਂ ਪੁਟਦਿਆਂ ਖੋਜ, ਕਲਾ ਅਤੇ ਵਿਗਿਆਨ ਆਦਿ ਨੂੰ ਆਪਣੇ ਸਹਾਇਕ ਬਣਾ ਲਿਆ ਹੈ । ਆਕਾਸ਼ ਦਾ ਗੁਣ, ਗੂੰਗ-ਸ਼ਬਦ ਨੂੰ ਅੱਗੇ ਲੈ ਆਇਆ ਤੇ ਭਾਵਨਾ ਦੇ ਇਸ਼ਾਰਿਆਂ ਉਹਨਾਂ ਵਿਚ ਅਰਥ ਭਰ ਦਿੱਤੇ । ਫਿਰ ਗਾਉਂਦੀ ਲਯ ਨੇ ਮਨੁੱਖ ਨੂੰ ਆਪ ਮੁਹਾਰੇ ਨੱਚਣ ਲਾ ਦਿੱਤਾ ਤੇ ਗੀਤ ਸਾਹਿਤ ਦਾ ਜਨਮਦਾਤਾ ਬਣ ਖਲੋਤਾ । ਇਉਂ ਮਨੁੱਖ ਘਟਨਾਵਾਂ ਦਾ ਸਫਰ ਕਰਦਾ ਸਾਹਿਤ ਦਾ ਸਾਥੀ ਆ ਬਣਿਆ।

ਮੈਨੂੰ ਵੀ ਇੰਨ ਬਿੰਨ ਇਉਂ ਹੀ ਇਤਿਹਾਸਕ ਧਾਰਾ ਵਾਂਗ ਸਫਰ ਤਹਿ ਕਰਨਾ ਪਿਆ ਹੈ । ਮਾਂ-ਬਾਪ ਅਨਪੜ੍ਹ ਸਨ । ਆਲਾ-ਦੁਆਲਾ ਅਸਲੋਂ ਅਸਾਹਿਤਕ । ਪ੍ਰਾਇਮਰੀ ਸਕੂਲ, ਸੰਤਾਂ ਦੇ ਡੇਰੇ, ਧਰਮਸ਼ਾਲਾ ਆਦਿ ਥਾਵਾਂ ਉਤੇ ਚਾਰ ਅੱਖਰ ਪੜ੍ਹ ਜਾਣ ਲਈ ਕਈ ਵਾਰ ਪਤਾਸੇ ਵੰਡੇ ਪਰ ਬਿਫਲ । ਬਚਪਨ ਨੂੰ ਖੇਡ ਪਿਆਰੀ ਸੀ । ਮੇਰੇ ਵੱਡੇ ਭਾਈ ਦਾ ਇਕ ਦੋਸਤ ਚੰਨਣ ਸਿੰਘ, ਦੁੱਧ ਚਿੱਟੇ ਕਪੜੇ, ਕਾਲੀ ਪੱਗ, ਲਾਲੀ ਵਿਚ ਦਗ ਦਗ ਕਰਦਾ ਚਿਹਰਾ, ਅਸਲੋਂ ਫਰਿਸ਼ਤਾ ਸੀਰਤ, ਮੈਨੂੰ ਗੁੱਟੋਂ ਫੜ ਕੇ ਪ੍ਰਾਇਮਰੀ ਸਕੂਲ ਮਾਸਟਰ ਕ੍ਰਿਪਾ ਰਾਮ ਦੇ ਹਵਾਲੇ ਕਰ ਆਇਆ। ਨਹਿਥਿਆ, ਅੱਖਰਾ ਵਡੇਰਾ ਚਾਲ ਸਿਰ ਆ ਗਿਆ । ਚੂੜਚੱਕ ਸਕੂਲ ਤੋਂ ਅੱਠਵੀਂ ਕੀਤੀ ਪਰ ਮੋਗੇ ਖਾਲਸਾ ਹਾਈ ਸਕੂਲ ਵਿਚ ਮੁੜ ਵਿਹਰ ਬੈਠਾ । ਅਲਜਬਰਾ

ਹਰ ਤਰ੍ਹਾਂ ਮੱਥਾ ਮਾਰਨ ਦੇ ਬਾਵਜੂਦ ਨਾ ਆਇਆ । ਮੈਂ ਨੌਵੀਂ ਜਮਾਤ ਅੱਧਵਾਟੇ ਛੱਡ ਕੇ ਮਲਾਇਆ ਨੂੰ ਨੱਠ ਗਿਆ । ਸੋਚ ਕੋਈ ਹੈ ਨਹੀਂ ਸੀ । ਜਜ਼ਬੇ ਦਾ ਵਹਿਣ ਆਪ-ਮੁਹਾਰੇ ਰਾਹ ਬਣਾ ਰਿਹਾ ਸੀ । ਓਦੋਂ ਜਜ਼ਬਾ ਪ੍ਰਥਮ ਤੇ ਸੋਚ ਦੋਇਮ ਮੇਰੇ ਅਗਵਾਨ ਸਨ । ਜਜ਼ਬਾ ਤੇ ਸੋਚ ਮੈਨੂੰ ਹਮੇਸ਼ਾਂ ਮਰਦ ਜ਼ਨਾਨੀ ਲੱਗੇ ਹਨ। ਦੋਹਾ ਦੇ ਸੁਹਾਗ ਬਿਨਾਂ ਜ਼ਿੰਦਗੀ ਵਿਧਵਾ । ਦੋਹਾਂ ਦੇ ਖੰਡ-ਖੀਰ ਹੋਏ ਬਿਨਾਂ ਸਾਹਿਤ ਦਾ ਬਾਲ ਕਿਲਕਾਰੀਆਂ ਨਹੀਂ ਮਾਰ ਸਕਦਾ ।

ਮਲਾਇਆ ਦਾ ਸ਼ਹਿਰ ਅਲੋਰਸਟਾਰ, ਗੱਲ 1936 ਦੀ, ਗੁਰਦਵਾਰੇ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਉਤੇ ਜੋੜ ਮੇਲਾ ਸੀ । ਇਕ ਭਾਈ ਨੇ ਬੈਂਤ ਛੰਦ ਵਿਚ ਕਵਿਤਾ ਪੜ੍ਹੀ, ਪਰ ਉਸ ਤੋਂ ਗੱਲ ਨਾ ਬਣੀ । ਮੈਨੂੰ ਬੈਠੇ ਬੈਠੇ ਨੂੰ ਲੂਹਰੀਆਂ ਉਠ ਰਹੀਆਂ ਸਨ । ਇਹ ਕਵਿਤਾ ਕਿਤੇ ਮੇਰੇ ਕੋਲ ਹੁੰਦੀ ਤਾਂ ਬਹਿਜਾ ਬਹਿਜਾ ਕਰਵਾ ਦਿੰਦਾ । ਪਿੰਡ ਮੈਂ ਆਪਣੇ ਸਾਥੀਆਂ ਨੂੰ ਵਾਰਸ ਦੀ ਹੀਰ ਪੜ੍ਹਕੇ ਸੁਣਾਇਆ ਕਰਦਾ ਸਾਂ । ਗਲਾ ਤੁਰਦਾ ਸੀ ਤੇ ਯਾਰਾਂ ਤੋਂ ਦਾਦ ਵੀ ਮਿਲਦੀ ਸੀ । ਮਾਤਰਿਕ ਬੋਧ ਤੋਂ ਅਣਜਾਣ ਬੈਂਤ ਦਾ ਵਜ਼ਨ ਮੇਰੀ ਜ਼ਬਾਨ ਤੇ ਸੀ । ਉਹਦੇ ਆਧਾਰ ਤੇ ਮੈਂ ਪਹਿਲੀ ਧਾਰਮਿਕ ਕਵਿਤਾ ਗੁਰੂ ਗੋਬਿੰਦ ਸਿੰਘ ਦੇ ਜੋੜ ਮੇਲੇ ਲਈ ਲਿਖੀ ਅਤੇ ਗਾ ਕੇ ਪੜ੍ਹਦਿਆਂ ਵਾਹ ਵਾਹ ਖੱਟ ਲਈ। ਜਿਥੇ ਰੁੱਖ ਨਾ, ਮੈਂ ਓਥੇ ਰਿੰਡ ਪ੍ਰਧਾਨ ਬਣ ਗਿਆ । ਇਉਂ ਮੈਂ ਸਮਝਦਾ ਹਾਂ, ਮੇਰਾ ਮੁੱਢਲਾ ਪ੍ਰੇਰਕ ਵਾਰਸਸ਼ਾਹ ਹੈ ।

ਜੋੜ ਮੇਲਾ ਮੁਕਿਆ ਤਾਂ ਇਕ ਹੋਰ ਚੰਨਣ ਸਿੰਘ ਭਾਈਕੇ ਫਫੜੇ ਵਾਲਾ ਆ ਮਿਲਿਆ । ਉਸ ਮੇਰੇ ਕੋਲੋਂ ਕਵਿਤਾ ਲੈ ਕੇ ਦੇਖਦਿਆਂ ਆਖਿਆ,

'ਤੂੰ ਮਾਤਰਾਂ ਗਿਣੀਆਂ ਸੀ ?'

ਮੈਂ ਸਮਝਿਆ, ਭਾਈ ਵਾਧੂ ਗਿਆਨ ਰੱਖਦਾ ਹੈ, ਝਟ ਇਕਬਾਲ ਕਰ ਲਿਆ।

'ਤੁਕਾਂਗ ਰਲਾ ਕੇ ਮੈਂ ਤਾਂ ਚਾਰ ਬੰਦ ਜੋੜ ਲਏ ਐ, ਬਾਕੀ ਮੈਨੂੰ ਕੁਝ ਨਹੀਂ ਪਤਾ ।'

'ਕੋਈ ਨਾ ਮੈਂ ਦੱਸਾਂਗਾ ਤੈਨੂੰ । ਮਾਤਰਾ ਦੀ ਗਿਣਤੀ ਬਿਨਾਂ ਸਖਤੇ ਪੈਂਦੇ ਐ, ਸੁਰ ਤੇ ਲਯ ਨਹੀਂ ਬਣਦੀ ।'

ਉਸ ਮੈਨੂੰ ਪਿੰਗਲ ਅੱਗੇ ਰੱਖ ਕੇ ਮਾਤਰਾ ਤੇ ਛੰਦਾਂ ਬਾਰੇ ਸਮਝਾਇਆ । ਵੱਧ ਤੋਂ ਵੱਧ ਪੜ੍ਹਨ ਦੀ ਤਾਕੀਦ ਕੀਤੀ ।

'ਜਿਸ ਭਾਂਡੇ ਵਿਚ ਵਸਤੂ ਪਾਈਏ ਹੀ ਨਾ ਤੇ ਕੱਢੀ ਜਾਈਏ, ਇਕ ਦਿਨ ਖਾਲੀ ਹੋ ਜਾਂਦਾ ਹੈ । ਇਹੋ ਹਾਲ ਦਿਮਾਗ ਦਾ ਹੈ । ਇਸ ਨੂੰ ਭਰੀ ਵੀ ਚਲੋ

ਤੇ ਨਾਲ ਨਾਲ ਖਰਚੀ ਵੀ ਜਾਵੇ, ਇਉਂ ਕਦੇ ਤੋਟ ਨਹੀਂ ਆਵੇਗੀ ।'

ਸ੍ਰ. ਚੰਨਣ ਸਿੰਘ ਕੋਲ ਆਪਣੀ ਚੰਗੀ ਲਾਇਬ੍ਰੇਰੀ ਸੀ । ਮੈਂ ਜੰਗਲ ਵਿਚ ਰਹਿੰਦਾ ਸਾਂ ਤੇ ਉਹ ਸ਼ਹਿਰ । ਮੈਂ ਸਾਇਕਲ ਤੇ ਆਉਂਦਾ ਤੇ ਸਾਹਿਤਕ ਚਰਚਾ ਚਲਦੀ ਹੀ ਰਹਿੰਦੀ । ਉਸਦੀ ਲਾਇਬਰੇਰੀ ਮੈਂ ਅੱਠ ਦੱਸ ਮਹੀਨਿਆਂ ਵਿਚ ਪੜ੍ਹ ਮਾਰੀ । ਪੜ੍ਹਨ ਦਾ ਇਕ ਤਰ੍ਹਾਂ ਨਸ਼ਾ ਹੋ ਗਿਆ । ਕਿਤਾਬ ਮੈਂ ਚੀਨਿਆਂ ਦੇ ਕਬਰਸਤਾਨ ਲੈ ਜਾਂਦਾ ਤੇ ਖਤਮ ਕਰਕੇ ਹੀ ਵਾਪਸ ਮੁੜਦਾ । ਉਹਨਾਂ ਦਿਨਾਂ ਵਿਚ 'ਏਸ਼ੀਆ ਦਾ ਚਾਨਣ' ਪ੍ਰੀਤਲੜੀ ਵਿਚ ਅਨੁਵਾਦ ਹੋ ਕੇ ਛਪ ਰਿਹਾ ਸੀ। ਉਹ ਮੈਨੂੰ ਬਹੁਤ ਚੰਗਾ ਲਗਾ ਸੀ । ਮੈਂ ਮਹਿਸੂਸ ਕਰਨ ਲੱਗਾ; ਪੜ੍ਹਾਈ ਛੱਡ ਕੇ ਚੰਗਾ ਨਹੀਂ ਕੀਤਾ । ਸਕੂਲ ਮੁੜ ਦਾਖਲ ਹੋ ਕੇ ਅਗਾਂਹ ਪੜ੍ਹਨ ਅਤੇ ਵਧਦੀ ਸਾਹਿਤ ਭੁੱਖ ਪੂਰੀ ਕਰਨ ਲਈ ਮੈਂ ਮਲਾਇਆ ਛੱਡ ਦਿੱਤਾ ।

ਪਿੰਡ ਆਇਆ ਤਾਂ ਘਰ ਹਾਲੋਂ ਬੇਹਾਲ ਸੀ । ਮੈਂ ਘਰੋਂ ਕਰਾਇਆ ਲੈ ਕੇ ਗਿਆ ਸਾਂ ਤੇ ਤਕਰੀਬਨ ਖਾਲੀ ਹੱਥ ਹੀ ਵਾਪਸ ਮੁੜਿਆ ਸਾਂ । ਮੰਦਵਾੜਾ ਸਿਖਰਾਂ ਤੇ ਸੀ । ਵਾਚਮੈਨੀ ਕਰਦਿਆਂ ਮੈਨੂੰ ਕੁਲ ਪੰਦਰਾਂ ਡਾਲਰ ਮਹੀਨੇ ਦੇ ਮਿਲਦੇ । ਏਧਰ ਵੱਡੇ ਭਾਈ ਨੇ ਡਿਸਟ੍ਰਿਕ ਬੋਰਡ ਦੀ ਇਲੈਕਸ਼ਨ ਲੜਕੇ ਵਾਹਵਾ ਕਰਜ਼ਾ ਚੜ੍ਹਾ ਲਿਆ ਸੀ । ਜਿੱਤ ਤਾਂ ਉਹ ਗਿਆ, ਪਰ ਵਾਹੀ ਅਸਲੋਂ ਟੁੱਟ ਭੱਜ ਗਈ । ਜਦੋਂ ਘਰ ਵਿਚ ਕਮਜ਼ੋਰੀ ਆ ਜਾਵੇ; ਭਾਂਡੇ ਖੜਕਨ ਲਗ ਪੈਂਦੇ ਹਨ । ਅਸੀਂ ਅੱਡ ਹੋ ਗਏ । ਛੋਟਾ ਮੇਰੇ ਨਾਲ ਸੀ । ਅਸਾਂ ਕਰਜ਼ਾ ਚੁੱਕ ਕੇ ਮੁੜ ਵਾਹੀ ਤੋਰੀ । ਖਾਲੀ ਖੁਰਲੀਆਂ ਤੇ ਟੱਲੀਆਂ ਦੀ ਰੌਣਕ ਆ ਗਈ । ਸਕੂਲ ਕਿਸ ਦਾਖਲ ਹੋਣਾ ਸੀ । ਪਰ ਪੜ੍ਹਨ ਦਾ ਸ਼ੌਂਸ ਮੇਰੇ ਕੋਲੋਂ ਨਾ ਛੁੱਟਿਆ । ਮੈਂ ਕਿਤੇ ਪੜ੍ਹਿਆ ਸੀ : 'ਕਾਲਜ ਤੇ ਯੂਨਿਵਰਸਿਟੀ ਤੁਹਾਨੂੰ ਉਹ ਕੁਝ ਨਹੀਂ ਸਿਖਾ ਸਕਦੀਆਂ; ਜੋ ਤੁਸੀਂ ਆਪਣੇ ਆਪ ਤੋਂ ਸਿੱਖ ਸਕਦੇ ਹੋ ।' ਇਸ ਫਿਕਰੇ ਨੇ ਮੈਨੂੰ ਬੜੀ ਤਾਕਤ ਦਿੱਤੀ । ਜਦੋਂ ਵੀ ਦਸ ਪੰਦਰਾਂ ਰੁਪਏ ਮੇਰੇ ਹੱਥ ਲੱਗਦੇ; ਮੈਂ ਸਵਾ ਰੁਪਈਏ ਨਾਲ ਮਾਲਵਾ ਬੱਸ ਰਾਹੀਂ ਲਾਹੌਰ ਪੁਜ ਜਾਂਦਾ ਅਤੇ ਦੁਨੀਆਂ ਦੇ ਮਸ਼ਹੂਰ ਲੇਖਕਾਂ ਦੀਆਂ ਰਚਨਾਵਾਂ ਲੈ ਆਉਂਦਾ । ਇਕ ਹੋਰ ਫਿਕਰਾ ਸੀ : 'None is born a master' ਇਸ ਮੇਰੇ ਇਰਾਦਿਆਂ ਨੂੰ ਜਰਬਾਂ ਦੇ ਦਿੱਤੀਆਂ। ਓਦੋਂ ਮੇਰੇ ਉਤੇ ਖਲੀਲ ਜਿਬਰਾਨ ਦਾ ਬੜਾ ਅਸਰ ਹੋਇਆ । ਧਾਰਮਿਕ ਤੇ ਰੋਮਾਂਟਿਕ ਕਵਿਤਾਵਾਂ ਤੋਂ ਬਿਨਾਂ ਮੈਂ ਜ਼ਿੰਦਗੀ ਬਾਰੇ ਛੋਟੇ-ਛੋਟੇ ਖਿਆਲ ਲਿਖਣੇ ਸ਼ੁਰੂ ਕਰ ਦਿੱਤੇ । ਇਉਂ ਮੇਰੀ 'ਜੀਵਨ ਕਣੀਆਂ' ਨਾਂ ਦੀ ਪਹਿਲੀ ਕਿਤਾਬ 'ਸਿੰਘ ਬ੍ਰਦਰਜ਼, ਅਨਾਰਕਲੀ ਲਾਹੌਰ' ਵਾਲਿਆਂ ਛਾਪੀ । ਮੇਰੀ ਵਾਰਤਕ ਬਾਰੇ ਇਕ

ਚਰਚਾ ਹਿਲ ਪਈ। ਭਾਈ ਹਰਨਾਮ ਸਿੰਘ ਮਾਈ ਸੇਵਾਂ ਵਾਲੇ ਨੇ ਸਲਾਹ ਦਿੱਤੀ ਕਿ ਮੈਂ ਨਾਵਲ ਲਿਖਾਂ।

ਉਸ ਸਮੇਂ ਮੈਨੂੰ ਨਾਵਲ ਦੀ ਅਲਫ ਬੇ ਵੀ ਨਹੀਂ ਆਉਂਦੀ ਸੀ। ਵਿਕਟਰ ਹਿਊਗੋ, ਚਾਰਲਸ ਡਿਕਨਜ਼, ਮੇਰੀ ਸਕਾਟ, ਹਾਰਡੀ, ਗੋਰਕੀ ਤੇ ਬਲਜ਼ਾਕ ਮੇਰੇ ਹਰਮਨ ਪਿਆਰੇ ਲੇਖਕ ਸਨ। ਭਾਈ ਹਰਨਾਮ ਸਿੰਘ ਦੀ ਸਲਾਹ ਸੀ ਕਿ ਪੰਜਾਬ ਦੇ ਵਾਤਾਵਰਣ ਉਤੇ ਢੁਕਦੀ ਕਹਾਣੀ ਭਾਲਾਂ। ਪੜ੍ਹ ਚੁੱਕੇ ਨਾਵਲ ਦੋਬਾਰਾ ਧਿਆਨ ਨਾਲ ਪੜ੍ਹਨੇ ਸ਼ੁਰੂ ਕੀਤੇ। ਮਿੰਟਗੁਮਰੀ ਮੇਰੇ ਨਾਨਕੇ ਚੱਕ ਵਿਚ ਇਕ ਸਰਦਾਰ ਦਾ ਕਤਲ ਹੋ ਗਿਆ। ਮੈਂ ਉਸ ਘਟਨਾ ਨਾਲ ਸਾਰਾ ਹਿਲ ਗਿਆ। ਇਹ ਸਭ ਕੁਝ ਮੇਰੇ ਸਾਹਮਣੇ ਵਾਪਰਿਆ ਸੀ। ਪੰਜਾਬ ਦੇ ਮਾਹੌਲ ਵਿਚੋਂ ਹੌਲੀ-ਹੌਲੀ ਯਥਾਰਥ ਦੇ ਪੈਰਾਂ ਤੋਂ ਉਠਦੀ ਮੇਰੀ ਕਹਾਣੀ ਉਸਰਦੀ ਗਈ। ਇਉਂ ਯਥਾਰਥ ਤੇ ਕਲਪਨਾ ਦੇ ਸੰਜੋਗ ਨਾਲ ਮੇਰਾ ਪਹਿਲਾ ਨਾਵਲ 'ਸੱਚ ਨੂੰ ਫਾਂਸੀ' ਆਪਣੇ ਵੱਖਰੇ ਵਜੂਦ ਨਾਲ ਛਪ ਗਿਆ। ਜ਼ਾਹਰ ਹੈ ਕਲਾ ਆਦਿ ਪੱਖਾਂ ਵਿਚ ਊਣਤਾਈਆਂ ਹੋਣੀਆਂ ਹੀ ਸਨ। ਪਰ ਉਸ ਦੀ ਫਿਰ ਵੀ ਪ੍ਰਸ਼ੰਸਾ ਹੋਈ। ਉਹ ਨਾਵਲ ਅੱਜ ਤਕ ਲਗਾਤਾਰ ਛਪਦਾ ਆ ਰਿਹਾ ਹੈ। ਪੰਜਾਬੀ ਹਲਕਿਆਂ ਦੇ ਹੌਸਲਾ ਦੇਣ ਤੋਂ ਬਿਨਾਂ ਇਕ ਹੋਰ ਕਾਰਨ ਵੀ ਸੀ; ਜਿਸਦੀ ਮੈਨੂੰ 'ਪਾਲੀ' ਨਾਵਲ ਲਿਖੇ ਜਾਣ ਪਿਛੋਂ ਸਮਝ ਪਈ। ਪੰਜਾਬੀ ਨਾਵਲ ਉਤੇ ਉਦੋਂ ਚਾਚਾ ਨਾਨਕ ਸਿੰਘ ਜੀ ਬੋਹੜ ਵਾਂਗ ਛਾਏ ਹੋਏ ਸਨ। ਮੈਨੂੰ ਉਹਨਾਂ ਦੇ 'ਚਿੱਟਾ ਲਹੂ' ਨੇ ਮਲਾਇਆ ਵਿਚ ਵਾਹਵਾ ਝੰਜੋੜਿਆ ਸੀ। ਬਜ਼ਾਰ ਮਾਈ ਸੇਵਾਂ ਉਹਨਾਂ ਦੇ ਮੁਕਾਬਲੇ ਤੇ ਕਿਸੇ ਪੱਠੇ ਨੂੰ ਅੱਗੇ ਲਿਆਉਣਾ ਚਾਹੁੰਦਾ ਸੀ। ਤੂਤ ਨੇ ਬੋਹੜ ਦਾ ਤਾਂ ਕੀ ਮੁਕਾਬਲਾ ਕਰਨਾ ਸੀ; ਪਰ 'ਪਾਲੀ' ਨਾਵਲ ਨਾਲ ਮੇਰੀ ਥੋੜ੍ਹੀ ਥੋੜ੍ਹੀ ਚਰਚਾ ਜ਼ਰੂਰ ਛਿੜ ਪਈ। ਉਦੋਂ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਿਚ ਬਾਲਗ ਵਿਦਿਆ ਸਕੀਮ ਅਧੀਨ ਮੁਲਾਜ਼ਮ ਸਾਂ। ਕੁਝ ਕੁਝ ਯਾਦ ਪੈਂਦਾ ਹੈ, ਸ: ਨਾਨਕ ਸਿੰਘ ਪ੍ਰੀਤ ਨਗਰ ਛੱਡਕੇ ਅੰਮ੍ਰਿਤਸਰ ਆ ਗਏ ਸਨ। ਮੈਂ ਉਹਨਾਂ ਨੂੰ ਘਰ ਮਿਲਣ ਗਿਆ। ਰਿਸ਼ੀਆਂ ਵਰਗੀ ਸ਼ਖਸੀਅਤ ਨੇ ਮੈਨੂੰ ਪਿਆਰ ਨਾਲ ਬੁੱਕਲ ਵਿਚ ਲੈ ਲਿਆ। ਸ: ਨਰਿੰਦਰ ਸਿੰਘ ਸੋਚ ਉਹਨਾਂ ਕੋਲ ਮੇਰਾ ਜ਼ਿਕਰ ਪਹਿਲਾਂ ਵੀ ਕਰ ਚੁੱਕੇ ਸਨ। ਚਾਚੇ ਨੇ ਥਾਪੀ ਦਿਤੀ: 'ਪੁੱਤਰਾ ! ਲਿਖੀ ਚਲ, ਕਿਸੇ ਦੀ ਪ੍ਰਵਾਹ ਕਰੇ ਬਿਨਾਂ। ਹਾਥੀ ਤੁਰਦਾ ਰਹਿੰਦਾ ਏ, ਕੁੱਤੇ ਭੌਂਕਦੇ ਰਹਿੰਦੇ ਐ,' ਮੇਰੀ ਗੱਡੀ ਰਿੜ੍ਹ ਪਈ ਸੀ।

ਰਾਵਲਪਿੰਡੀ ਡਵੀਜ਼ਨ ਵਿਚ ਫਿਰਕੂ ਫਸਾਦ ਫੁਟ ਪਏ। ਮੇਰੀ ਤੇ ਸੁਜਾਨ

ਸਿੰਘ ਦੀ ਡਿਊਟੀ ਰਾਵਲਪਿੰਡੀ ਲੱਗ ਗਈ । ਮੈਂ ਸ਼੍ਰੋਮਣੀ ਕਮੇਟੀ ਵੱਲੋਂ ਕੁਝ ਮਾਲੀ ਇਮਦਾਦ ਝੁਛਿਆਲ ਲੈ ਕੇ ਗਿਆ ਸਾਂ । ਫਸਾਦਾਂ ਦੇ ਪਿਛੋਕੜ ਤੇ ਆਜ਼ਾਦੀ ਬਾਰੇ ਚਰਚਾ ਕਰਦਿਆਂ ਸਾਡੀ ਆੜੀ ਪੈ ਗਈ । ਮੈਂ ਗਿ: ਸ਼ਾਦੀ ਸਿੰਘ ਤੇ ਅਮਰ ਸਿੰਘ ਦੋਸਾਂਝ, ਗਿ: ਕਰਤਾਰ ਸਿੰਘ ਦੇ ਵਿਚਾਰਾਂ ਨਾਲ ਸਹਿਮਤ ਸਾਂ ਕਿ ਮਿਸਟਰ ਜਿਨਾਹ ਦੀ ਪਾਕਿਸਤਾਨ ਵਿਚ ਆਜ਼ਾਦ ਸਟੇਟ ਦੀ ਥਾਂ, ਹਿੰਦੁਸਤਾਨ ਵਿਚ ਇਹੋ ਸਟੇਟ ਲਈ ਜਾਵੇ । ਪਰ ਬਲਦੇਵ ਸਿੰਘ ਨੂੰ ਜਵਾਹਰ ਲਾਲ ਨਹਿਰੂ ਨੇ ਵਜ਼ੀਰ ਜੰਗ ਬਣਾ ਕੇ ਹੱਥੀਂ ਚੜ੍ਹਾ ਲਿਆ ਸੀ । ਮਾਸਟਰ ਤਾਰਾ ਸਿੰਘ ਸਟੇਟ ਚਾਹੁੰਦਾ ਹੋਇਆ ਵੀ ਬਲਦੇਵ ਸਿੰਘ ਦੇ ਪਿੱਛੇ ਦੜ ਵੱਟ ਗਿਆ ਤੇ ਸਿੱਖ ਲੀਡਰਸ਼ਿਪ ਸਿਆਸੀ ਠੱਗੀ ਖਾ ਗਈ ।

ਮੈਂ ਅੰਮ੍ਰਿਤਸਰ ਛੱਡ ਕੇ ਪਿੰਡ ਆ ਗਿਆ । ਨਿਆਏ ਤੇ ਵੈਦਾਂਤ ਦੇ ਪੱਖ ਪ੍ਰਾਚੀਨ ਸਿਧਾਂਤ ਵਜੋਂ ਮਲਾਇਆ ਤੋਂ ਮੁੜਦਿਆਂ ਥੋੜ੍ਹਾ ਬਹੁਤ ਸਮਝ ਲਏ ਸਨ। 'ਪਾਲੀ' ਨਾਵਲ ਵਿਚ ਗੁਰੂ ਦੇਵ ਵਾਕ ਦਾ ਪਰਛਾਵਾਂ ਉਸ ਸਿਧਾਂਤ ਕਾਰਨ ਹੀ ਹੈ । ਪਰ ਹੁਣ ਕਾਰਨਾਂ ਕਾਰਜਾਂ ਤੋਂ ਤੁਰਕੇ ਮਾਰਕਸਿਜ਼ਮ ਦੇ ਵਿਰੋਧ ਵਿਕਾਸ ਨੇ ਨਵਾਂ ਗਿਆਨ ਦਿੱਤਾ । ਫਿਰਕੂ ਫਸਾਦਾਂ ਕਾਰਨ ਜਾਮ ਹੋਏ ਸਿਰ ਨੂੰ ਇਸ ਸਿਧਾਂਤ ਨੇ ਤੁਰਦਾ ਕੀਤਾ । ਦੋ ਸਾਲ ਮੈਂ ਕੁਝ ਨਹੀਂ ਲਿਖਿਆ ਸੀ । ਸ਼ਾਂਤ ਪਿੰਡ ਦੇ ਮਾਹੌਲ ਵਿਚ 'ਪੂਰਨਮਾਸ਼ੀ' ਲਿਖੀ । ਨਿਰੋਲ ਪੇਂਡੂ ਸਭਿਆਚਾਰ ਉੱਤੇ ਹੋਣ ਕਾਰਨ ਛਪਦੇ ਸਾਰ ਨਾਵਲ ਦੀ ਗੁੱਡੀ ਚੜ੍ਹ ਗਈ । ਮੈਂ ਵੀ ਆਪਣਾ ਵਧਦਾ ਕੱਦ ਮਹਿਸੂਸ ਕੀਤਾ । ਫਸਾਦਾਂ ਦੇ ਮੁੱਢ ਵਿਚ ਹੀ ਕਮਿਊਨਿਸਟ ਪਾਰਟੀ ਦੋਫਾੜ ਹੋ ਗਈ ਸੀ । ਮੈਨੂੰ ਸਿਆਸੀ ਸੂਝ ਗਦਰੀ ਬਾਬਾ ਅਰੂੜ ਸਿੰਘ ਚੂਹੜ ਚੱਕ ਤੋਂ ਮਿਲੀ ਸੀ । ਫਿਰ ਲਾਲ ਪਾਰਟੀ ਦੇ ਆਗੂ ਵਾਰੰਟਡ ਤੇਜਾ ਸਿੰਘ ਸੁਤੰਤਰ ਨਾਲ ਵਾਹ ਪੈ ਗਿਆ । ਪੈਪਸੂ ਦੀ ਮੁਜ਼ਾਰਾ ਲਹਿਰ ਆਪਣੇ ਜੋਬਨ ਤੇ ਸੀ । ਉਸ ਲਹਿਰ ਦੇ ਪ੍ਰਭਾਵ ਕਾਰਨ 'ਰਾਤ ਬਾਕੀ ਹੈ' ਨਾਵਲ ਲਿਖਿਆ ਗਿਆ । ਅਗਾਂਹਵਧੂ ਜਮਾਤਾਂ ਉਸਦੀ ਪ੍ਰਸ਼ੰਸਾ ਕਰ ਰਹੀਆਂ ਸਨ ਤੇ ਪਿਛਾਂਹ ਖਿਚੂ ਉਸ ਨੂੰ ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ ਤੱਕ ਆਖ ਰਹੇ ਸਨ । ਹਾਲਾਂ ਕਿ ਉਹ ਪਿਆਰ ਦਾ ਨਾਵਲ ਸੀ । ਭਾਵੇਂ ਉਸ ਵਿਚ ਇਨਕਲਾਬੀ ਚੇਤਨਾ ਦੇ ਸੰਕੇਤ ਵੀ ਭਾਰੂ ਸਨ । ਅਸਲ ਤੇ ਦ੍ਰਿਸ਼ਟਾ ਮੇਰੀ ਲੇਖਣੀ ਦੀ ਰੀੜ੍ਹ ਰਹੇ ਹਨ । ਭਾਵੇਂ ਕਲਪਨਾ ਬਿਨਾਂ ਕਿਵੇਂ ਵੀ ਸਰਦਾ ਨਹੀਂ । ਮੈਂ ਉਹ ਥਾਵਾਂ ਬਾਰ ਬਾਰੇ ਵੇਖਦਾ ਹਾਂ, ਜਿਥੇ ਕਿਹਾਣੀ ਨੂੰ ਸਟੇਜ ਕਰਨਾ ਹੁੰਦਾ ਹੈ । 'ਰਾਤ ਬਾਕੀ ਹੈ' ਲਈ ਵੀ ਮੈਨੂੰ ਭਾਦੋਂ ਦੇ ਸਾੜ ਵਿਚ ਭਦੌੜ, ਵੀਹਲਾ, ਸੰਗਰੂਰ ਤੇ ਬਠਿੰਡਾ

ਕਈ ਥਾਵਾਂ ਗਾਹੁਣੀਆਂ ਪਈਆਂ ਸਨ । ਮੈਂ ਕਈ ਮਹੀਨੇ ਨੋਟ ਤਿਆਰ ਕਰਦਾ ਰਹਿੰਦਾ ਹਾਂ । ਜਦੋਂ ਕਹਾਣੀ ਸ਼ੁਰੂ ਤੋਂ ਅੰਤ ਤੱਕ ਸਾਫ ਹੋ ਜਾਂਦੀ ਹੈ, ਫਿਰ ਇਕ ਬੈਠਕ ਵਿਚ ਵਾਰ ਦੇਂਦਾ ਹਾਂ । ਨਾਵਲ ਲਿਖਣ ਦੇ ਵਿਚਕਾਰ ਕੋਈ ਕੰਮ ਨਹੀਂ ਕਰਦਾ ।

ਜਚਦੇ ਕਰੈਕਟਰ ਕਈ ਵਾਰ ਅਚਾਨਕ ਮਿਲ ਜਾਂਦੇ ਹਨ । ਮਸਲਨ `ਰਾਤ ਬਾਕੀ ਹੈ' ਦਾ ਜਾਗੀਰਦਾਰ ਮੇਰੇ ਨਾਲ ਬੱਸ ਵਿਚ ਸਫਰ ਕਰ ਰਿਹਾ ਸੀ । ਬੱਸ ਪਟਿਆਲੇ ਤੋਂ ਫਰੀਦਕੋਟ ਜਾ ਰਹੀ ਸੀ । ਉਸ ਨਾਲ ਗੱਲਾਂ ਕਰਨ ਤੇ ਉਸਨੂੰ ਅੰਦਰੋਂ ਸਮਝਣ ਲਈ ਮੈਂ ਚਾਲੀ ਮੀਲ ਦਾ ਸਫਰ ਕੋਟਕਪੂਰੇ ਤੱਕ ਫਾਲਤੂ ਕੀਤਾ । ਜਦ ਕਹਾਣੀ ਉਸਰ ਰਹੀ ਹੁੰਦੀ ਹੈ, ਪਾਤਰ ਵੀ ਅੰਦਰ ਨਿੱਖਰ ਰਹੇ ਹੁੰਦੇ ਹਨ । ਉਹਨਾਂ ਨਾਲ ਮਿਲਦੀ-ਜੁਲਦੀ ਸੂਰਤ-ਸੀਰਤ ਪਾਤਰਤਾ ਉਘਾੜਨ ਵਿਚ ਸੋਨੇ ਤੇ ਸੁਹਾਗੇ ਦਾ ਕੰਮ ਕਰਦੀ ਹੈ । ਰਾਣੀ ਨਾਵਲ ਦੀ ਧੋਤੋ ਦਾ ਕੇਸ ਜਦ ਮੈਜਿਸਟਰੇਟ ਦੇ ਪੇਸ਼ ਹੋਇਆ, ਮੈਂ ਉਸ ਦੇ ਬਰਾਬਰ ਖਲੋਤਾ ਸਾਂ । ਉਹਦੇ ਸਾਰੇ ਝਗੜਿਆਂ ਵਿਚ ਪੰਚਾਇਤੀ ਸਾਂ । ਗੂੜ੍ਹੀ ਮਿਤਰਤਾ ਬਿਨਾਂ ਪਾਤਰਾਂ ਵਿਚ ਜਾਨ ਨਹੀਂ ਧੜਕਦੀ। ਜਾਨ ਵਾਲੇ ਪਾਤਰ ਹੀ ਜ਼ਿੰਦਗੀ ਦੀ ਤਰਜਮਾਨੀ ਕਰਦੇ ਹਨ । ਸਾਰਾ ਸਾਹਿਤ ਜ਼ਿੰਦਗੀ ਦਾ ਪਰਛਾਵਾਂ ਹੁੰਦਾ ਹੈ । ਮੁਰਦੇ ਪਾਤਰ ਜਿਉਂਦੇ ਮਨੁੱਖਾਂ ਨੂੰ ਸਾਰਥਕ ਪ੍ਰੇਰਨਾ ਨਹੀਂ ਦੇ ਸਕਦੇ ।

ਮੇਰੇ ਵਿਚਾਰ ਵਿਚ ਨਾ ਲੇਖਕ ਪੈਦਾ ਹੁੰਦੇ ਹਨ ਤੇ ਨਾ ਹੀ ਪੈਦਾ ਕੀਤੇ ਜਾ ਸਕਦੇ ਹਨ । ਮੌਲਿਕਤਾ ਨਿਰੀ ਖੁਦਾ ਦਾ ਬਖਸ਼ਿਸ਼ ਨਹੀਂ, ਮਿਹਨਤ, ਲੰਮੀ ਸਾਧਨਾ ਤੇ ਹਾਲਾਤ ਆਪਣੀ ਥਾਂ ਵੱਡਾ ਕਾਰਨ ਹੁੰਦੇ ਹਨ । ਅੰਦਰਲੇ ਸਭ ਸੋਮੇ ਬਾਹਰਲੇ ਮੀਂਹ ਦੇ ਪ੍ਰਤਾਪ ਕਾਰਨ ਹੀ ਵਗਦੇ ਹਨ । ਕੋਈ ਕਿਤੋਂ ਅਲਹਾਮ ਨਹੀਂ ਉਤਰਤਾ, ਆਪਣੀ ਚੇਤਨਾ ਨਾਲ ਇਕ ਸੁਰ ਹੋਇਆ ਮਨ ਕਰਾਮਾਤਾਂ ਵਰਗੀਆਂ ਗੱਲਾਂ ਕਰ ਜਾਂਦਾ ਹੈ । ਲਿਖਣ ਲਈ ਮੈਨੂੰ ਇਕਾਂਤ ਲੋੜੀਂਦੀ ਹੈ । `ਰੂਪਧਾਰਾ' ਨਾਵਲ ਮੈਂ ਸਿਵਿਆਂ ਦੀ ਖਾਮੋਸ਼ੀ ਵਿਚ ਲਿਖਿਆ ਸੀ । ਚਾਹ ਵਾਲੀ ਥਰਮਸ ਮੇਰੇ ਕੋਲ ਹੁੰਦੀ ਸੀ । ਹੇਠਾਂ ਚਟਾਈ ਤੇ ਸਿਰ ਤੇ ਬੋਹੜ ਦੀ ਛਾਂ, ਬਸ ਚਲ ਸੋ ਚਲ । ਨਾਵਲ ਲਿਖ ਲੈਣ ਤੋਂ ਬਾਅਦ ਵੀ ਉਹ ਮੇਰੇ ਸਿਰ ਵਿਚ ਚਲਦਾ ਰਹਿੰਦਾ ਹੈ । ਕਈ ਤਰਮੀਮਾਂ ਕਰਦਾ ਹੈ । ਸਵੈ-ਪੜਚੋਲ ਕਾਰੇ ਆਉਂਦੀ ਹੈ । ਕਈ ਮਹੀਨਿਆਂ ਦੇ ਆਰਾਮ ਪਿੱਛੋਂ ਉਸ ਨੂੰ ਫਾਈਨਲ ਵਜੋਂ ਲਿਖਦਾ ਹਾਂ । ਰਗੜਾਈ ਤੇ ਘਸਾਈ ਵਸਤੂਆਂ ਵਿਚ ਚਮਕ ਲਿਅਉਂਦੀਆਂ ਹਨ ।

ਵਿਆਕਰਨ ਜਬਾਨ ਨੂੰ ਸ਼ੁੱਧੀ ਤਾਂ ਬਖਸ਼ਦਾ ਹੈ ਪਰ ਪੈਦਾ ਨਹੀਂ ਕਰਦਾ ।

ਮੈਂ ਆਪਣੀ ਜ਼ਬਾਨ ਨੂੰ ਪੇਂਡੂ ਗੀਤਾਂ ਤੋਂ ਤੋਰ ਕੇ ਵਾਰਸ ਦੀ ਹੀਰ, ਸੂਫ਼ੀ ਸਾਹਿਤ ਅਤੇ ਗੁਰਬਾਣੀ ਦੇ ਰਸ ਵਿਚ ਰੁੱਲਦਿਆਂ ਲੋਕਾਂ ਦੀ ਆਮ ਬੋਲਚਾਲ ਵਿਚ ਖੰਡ ਖੀਰ ਕੀਤਾ ਹੈ । ਮੈਂ ਪੰਜਾਬੀ ਨੂੰ ਮਾਂ ਵਾਂਗ ਸਤਿਕਾਰਿਆ ਤੇ ਮਹਿਬੂਬ ਵਾਂਗ ਪਿਆਰਿਆ ਹੈ । ਜਿਵੇਂ ਕੁਝ ਹਾਸਲ ਕਰਨ ਲਈ ਪਹਿਲਾਂ ਦੇਣਾ ਪੈਂਦਾ ਹੈ, ਇਉਂ ਮੈਨੂੰ ਆਪਣੀ ਵਾਰਤਕ ਸੁਧਾਰਨ ਲਈ ਖ਼ਾਸੀ ਤਪੱਸਿਆ ਕਰਨੀ ਪਈ ਹੈ । ਪੇਂਡੂ ਮੁਹਾਵਰਾ ਹੈ : ਜਿੰਨਾ ਗੁੜ ਪਾਓਗੇ ਓਨਾ ਹੀ ਮਿੱਠਾ ਹੋਵੇਗਾ । ਲਿਖਣਾ ਵੀ ਇਸ਼ਕ ਹੈ । ਆਸ਼ਕੀ ਦੇ ਸਾਰੇ ਪੜਾਅ ਜਿੰਨਾ ਚਿਰ ਲੇਖਕ ਤਹਿ ਨਹੀਂ ਕਰਦਾ, ਵਾਰਤਕ ਉਸ ਦੀ ਮਹਿਬੂਬਾ ਨਹੀਂ ਬਣਦੀ । ਮਹਿਬੂਬ ਵਿਚ ਜ਼ਿੰਦਗੀ ਦੇ ਸਭ ਹਾਵ-ਭਾਵ ਸਮੋਏ ਹਨ । ਭਾਵ ਹੀ ਪਾਠਕ ਨੂੰ ਪ੍ਰਭਾਵਤ ਕਰੇਗਾ । ਸਾਹਿਤ ਨੇ ਜ਼ਿੰਦਗੀ ਦੇ ਰੁਕੇ ਸਾਹਾਂ ਨੂੰ ਮੁੜ ਤਰਤੀਬ ਦੇਣੀ ਹੁੰਦੀ ਹੈ । ਬੇਰਸ ਅਥਵਾ ਫਿੱਕੀ ਚੀਜ਼ ਕੋਈ ਕਿਉਂ ਪੜ੍ਹੇਗਾ । ਸਮਰਥਾ ਸ਼ਕਤੀ ਹੀ ਹਲੂਣਾ ਦੇ ਸਕਦੀ ਹੈ । ਸੇਧ ਤੇ ਸੁੰਦਰਤਾ ਦੋਹਾਂ ਨੂੰ ਸਾਹਿਤ ਵਿਚ ਆੜੀ ਪਾ ਕੇ ਮਟਕ-ਮਟਕ ਸੁਰਸਾਰ ਤੁਰਨਾ ਚਾਹੀਦਾ ਹੈ । ਇਕ ਦਾ ਉਖੇੜਾ ਦੂਜੇ ਨੂੰ ਮੂੰਹ ਭਾਰ ਡੇਗਦਾ ਹੈ, ਮੈਂ ਵਾਰਤਕ ਵਿਚ ਹੀ ਕਵਿਤਾ ਦੇ ਸਾਰੇ ਸੁਆਦ ਮਾਣ ਲੈਂਦਾ ਹਾਂ ।

ਸਿਆਸੀ ਤੌਰ ਤੇ ਕਾਂਗਰਸ ਮੈਨੂੰ ਮੁੱਢ ਤੋਂ ਹੀ ਵਪਾਰੀ ਜਮਾਤ ਲਗੀ ਹੈ। ਆਪਣਾ ਅਸਲਾ ਕਿਸਾਨੀ ਹੋਣ ਤੇ ਲੁਟਿਆ ਜਾਣ ਕਾਰਨ ਇਸ ਜਮਾਤ ਨੂੰ ਨਫ਼ਰਤ ਕਰਦਾ ਆਇਆ ਹਾਂ । ਅਕਾਲੀ ਪਾਰਟੀ ਭੋਲੇ ਕਿਸਾਨਾਂ ਦੀ ਜਮਾਤ ਹੈ, ਜਿਸ ਨੂੰ ਕਈ ਖ਼ੁਦਗਰਜ਼ ਲੀਡਰ ਵਾਹ ਜਾਂਦੇ ਰਹੇ ਹਨ । ਕਮਿਊਨਿਸਟ ਪਾਰਟੀ ਦਾ ਮੁੱਢ ਹੌਸਲਾ ਵਧਾਊ ਸੀ । ਪਰ ਹੁਣ ਪਾਟੋ-ਧਾੜ ਤੇ ਲੀਰੋ-ਲੀਰ, ਅੰਨ੍ਹੀ ਗਾਂ ਵਾਂਗ ਜਬ੍ਹਾਕੇ ਖਾ ਰਹੀ ਹੈ । ਪਾਕਿਸਤਾਨ ਦੀ ਹਮਾਇਤ ਤੋਂ ਲੈ ਕੇ ਅੱਜ ਤੱਕ ਭੰਬਲ ਭੂਸਿਆਂ ਵਿਚ ਪਈ ਰਹੀ ਹੈ । ਲੋਕਾਂ ਨੂੰ ਭੁੱਖ ਤੇ ਗਰੀਬੀ ਕਾਰਨ ਇਨਕਲਾਬ ਤੇ ਆਸ ਬਝੀ ਸੀ ਪਰ ਪਾਰਟੀ ਖੱਬੇ ਨਾਅਰੇ ਚੁਕ ਕੇ ਵੀ ਨਹਿਰੂ-ਇੰਦਰਾ ਦੀ ਝੋਲੀ ਵਿਚੋਂ ਨਹੀਂ ਨਿਕਲ ਸਕੀ । ਲੋਕਾਂ ਦਾ ਵਿਸ਼ਵਾਸ ਗੁਆ ਲੈਣ ਵਾਲੀ ਕੋਈ ਵੀ ਸੰਸਥਾ, ਵਿਅਕਤੀ ਤੇ ਲੇਖਕ ਉਖੜੇ ਕੁਹਾੜੇ ਹੀ ਮਾਰੇਗਾ । ਲੇਖਕ ਨੂੰ ਰਾਜਨੀਤੀ ਵਿਚ ਲੱਕ ਤਕ ਖਲੋਣਾ ਚਾਹੀਦਾ ਹੈ ਪਰ ਨਿਰਾ ਰਾਜਨੀਤਗ ਨਹੀਂ ਬਣਨਾ ਚਾਹੀਦਾ ਸੇਧ ਤੇ ਈਮਾਨ ਬਦਲ ਲੈਣ ਵਾਲੀਆਂ ਪਾਰਟੀਆਂ ਤੋਂ ਵੱਖਰਾ ਹੋ ਕੇ ਲੇਖਕ ਨੂੰ ਕਿਰਤੀ ਲੋਕਾਂ ਨਾਲ ਖਲੋਣਾ ਤੇ ਵਚਨਬੱਧ ਹੋਣਾ ਚਾਹੀਦਾ ਹੈ । ਮੈਂ ਇਹਨਾਂ ਭਾਵਾਂ ਨਾਲ ਆਪੇ ਨੂੰ ਅਡੋਲ ਤੇ ਭਰਿਆ-ਭਰਿਆ ਮਹਿਸੂਸ ਕੀਤਾ ਹੈ । ਚੇਤੰਨ ਲੇਖਕ ਆਪਣੇ ਕਿਰਤੀ ਲੋਕਾਂ ਦਾ ਅਸਲ ਵਿਚ ਕਰਜ਼ਾਈ ਹੁੰਦਾ ਹੈ । ਉਨ੍ਹਾਂ

ਦੇ ਹਿੱਤਾਂ ਲਈ ਲਿਖਣਾ ਤੇ ਲੜਨਾ ਉਸ ਦੇ ਊਣੇ ਮਨ ਨੂੰ ਹੀ ਭਰਨਾ ਹੁੰਦਾ ਹੈ। ਲੋਕਾਂ ਦੀਆਂ ਭਾਵਨਾਵਾਂ ਤੋਂ ਮੈਂ ਹਮੇਸ਼ਾਂ ਅਗਵਾਈ ਲਈ ਹੈ। ਜ਼ਿੰਦਗੀ ਤੋਂ ਪਾਸੇ ਜਾਣਾ ਮੈਨੂੰ ਕਾਇਰ ਹੋਣ ਵਰਗਾ ਲੱਗਾ ਹੈ।

ਮੁਲਕ ਵੰਡ ਹੋ ਜਾਣ ਸਮੇਂ ਅਕਾਲੀਆਂ ਦਾ ਸਿੱਖਾਂ ਲਈ ਘੱਟ ਗਿਣਤੀ ਹੋਣ ਕਾਰਨ ਕੋਈ ਸੁਰ ਪਤਾ ਨਾ ਲੈਣਾ ਮੈਂ ਵੱਡੀ ਸਿਆਸੀ ਭੁੱਲ ਤੇ ਹਾਰ ਮਹਿਸੂਸ ਕੀਤੀ ਸੀ। ਕਮਿਊਨਿਸਟ ਪਾਰਟੀ ਨੇ ਪਾਟ ਕੇ ਡੂੰਘਾ ਜ਼ਖਮ ਦਿੱਤਾ: ਇਹ ਇਨਕਲਾਬ ਤੋਂ ਗਏ, ਲੋਕਾਂ ਤੋਂ ਗਏ ਤੇ ਆਪਣੇ ਆਪ ਤੋਂ ਵੀ। ਨਕਸਲੀ ਲਹਿਰ ਦੇ ਤੰਦ-ਤੰਦ ਹੋ ਜਾਣ ਨੇ ਲੋਕਾਂ ਦੇ ਵਿਸ਼ਵਾਸ ਨੂੰ ਬੁਰੀ ਤਰ੍ਹਾਂ ਸੱਟ ਮਾਰੀ। ਬਾਕੀ ਪਾਰਟੀਆਂ ਲੋਕਾਂ ਦੀਆਂ ਪਾਰਟੀਆਂ ਹੀ ਨਹੀਂ ਸਨ। ਬਾਹਰਲੇ ਪ੍ਰਭਾਵ ਲੇਖਕ ਨੂੰ ਪ੍ਰੇਰਨਾ ਦੇਂਦੇ ਹਨ। ਉਹਨਾਂ ਦੇ ਨਿਰਾਸ਼ ਪੈ ਜਾਣ ਨਾਲ ਸਾਹਿਤ ਵਿਚ ਖੜੋਤ ਆ ਜਾਂਦੀ ਹੈ। ਸਾਹਿਤ ਦਾ ਧਰਮ ਹੈ, ਮਨੁੱਖ ਦੇ ਮਨੋਬਲ ਨੂੰ ਜ਼ਰਬਾਂ ਦੇਵੇ ਪਰ ਅਜਿਹੀ ਲੰਮੀ ਪੱਤਝੜ 'ਚ ਲੇਖਕ ਕੀ ਕਰੇ। ਪਰ ਮੈਨੂੰ ਗੁਰੂ ਗੋਬਿੰਦ ਸਿੰਘ ਦੀ ਕੁਰਬਾਨੀ ਤੇ ਚੜ੍ਹਦੀ ਕਲਾ ਨੇ ਲੜਖੜਾਉਣ ਨਹੀਂ ਦਿੱਤਾ। ਇਤਿਹਾਸ ਤੇ ਵਿਰਸਾ ਕਿਸੇ ਕੌਮ ਦਾ ਸੋਨਾ ਸਰਮਾਇਆ ਹੁੰਦਾ ਹੈ। ਜਿਹੜੇ ਲੇਖਕ ਅਥਵਾ ਲੀਡਰ ਆਪਣੇ ਇਨਕਲਾਬੀ ਵਿਰਸੇ ਨੂੰ ਪਿੱਠ ਦੇ ਕੇ ਤੁਰਦੇ ਹਨ, ਕੁਰਾਹੇ ਹੀ ਜਾਂਦੇ ਹਨ। ਮੈਂ ਆਪਣੀ ਵਿਰਾਸਤ ਤੋਂ ਹਮੇਸ਼ਾ ਬਲ ਲਿਆ ਹੈ। ਮੇਰੇ ਸਾਹਿਤਕ ਵਿਸ਼ਵਾਸ ਨੇ ਸਿਆਸੀ ਪੈਂਤੜੇ ਤੋਂ ਇਉਂ ਹੀ ਕਦਮਾਂ ਪੁੱਟੀਆਂ।

ਕੁਝ ਪਾਰਟੀਆਂ ਨੇ ਆਪਣੀ ਸਿਆਸੀ ਕਿੜ ਕੱਢਣ ਲਈ ਨਕਸਲੀਆਂ ਨੂੰ ਸ਼ਹੀਦ ਮੰਨਣ ਤੋਂ ਨਾਂਹ ਕਰ ਦਿੱਤੀ। ਮੈਨੂੰ ਇਹ ਈਮਾਨਦਾਰੀ ਨਾ ਲੱਗੀ। ਮੈਂ ਕਈ ਸਾਲ ਲਾ ਕੇ 'ਲਹੂ ਦੀ ਲੋਅ' ਲਿਖਿਆ। ਸਿਆਸੀ ਕਰੋਧ ਕਾਰਨ ਲੋਕਾਂ ਦੇ ਹਿੱਤਾਂ ਲਈ ਮਰਨ ਵਾਲਿਆਂ ਨੂੰ ਸ਼ਹੀਦ ਨਾ ਮੰਨਣਾ ਪਾਰਟੀ ਦੇ ਕਿਰਦਾਰ ਨੂੰ ਉਹਦੇ ਅਸਲੀ ਰੂਪ ਵਿਚ ਨੰਗਾ ਕਰ ਦੇਂਦਾ ਹੈ। ਮੈਨੂੰ ਵੀ ਇਹਨਾਂ ਵਿਰੋਧਾਂ ਦਾ ਸਾਹਮਣਾ ਕਰਨਾ ਪਿਆ ਹੈ। ਵਿਰੋਧ ਬਿਨਾਂ ਤੁਹਾਡੀ ਵਿਚਾਰ ਨਿਖਰ ਕੇ ਲੋਕਾਂ ਸਾਹਮਣੇ ਨਹੀਂ ਆਉਂਦੀ। ਹੱਕ ਸੱਚ ਦਾ ਫੈਸਲਾ ਆਖਰ ਨੂੰ ਲੋਕਾਂ ਕਰਨਾ ਹੁੰਦਾ ਹੈ। 'ਲਹੂ ਦੀ ਲੋਅ' ਦੀਆਂ ਤਿੰਨ ਐਡੀਸ਼ਨਾਂ ਛਪੀਆਂ ਤੇ ਲਗਾਤਾਰ ਲੋਕ ਉਸ ਨੂੰ ਪੜ੍ਹੀ ਜਾ ਰਹੇ ਹਨ। ਮੈਂ ਜਦੋਜਹਿਦ ਕਰ ਰਹੇ ਲੋਕਾਂ ਵਿਚ ਘਿਉ ਖਿਚੜੀ ਹਾਂ। ਝੱਖੜ ਝੋਰੀਆਂ ਮੈਨੂੰ ਹਿਲਾ ਨਹੀਂ ਸਕੀਆਂ। ਆਪਣੇ ਵਿਚਾਰਾਂ ਉਤੇ ਪਹਿਰਾ ਦੇਣ ਬਿਨਾਂ ਲੇਖਕ ਥੋਥਾ ਹੁੰਦਾ ਹੈ।

ਕੇਂਦਰੀ ਲੇਖਕ ਸਭਾ ਬਣਾਉਣ ਵਿਚ ਮੈਂ ਗਿ: ਹੀਰਾ ਸਿੰਘ ਦਰਦ ਨਾਲ

ਬਰਾਬਰ ਖਲੋਤਾ ਸਾਂ। ਪੰਜਾਬੀ ਨੂੰ ਦੇਵਨਾਗਰੀ ਲਿਪੀ ਵਿਚ ਲਿਖਣ ਦੀ ਸਰਕਾਰੀ ਸਾਜ਼ਿਸ਼ (ਭਾਈ ਜੋਧ ਸਿੰਘ ਤੇ ਜੈ ਚੰਦ ਵਿਦਿਆਲੰਕਾਰ ਦੀ ਸਦਭਾਵਨਾ ਕਮੇਟੀ ਰਾਹੀਂ) ਵਿਰੁੱਧ ਮੈਂ ਤੇ ਹੀਰਾ ਸਿੰਘ ਦਰਦ ਅਸਲੋਂ ਡਟ ਗਏ ਸਾਂ। ਜਦੋਂ ਕਿ ਮੋਹਨ ਸਿੰਘ ਤੇ ਸ੍ਰ. ਗੁਰਬਖਸ਼ ਸਿੰਘ ਨੇ ਕੇਂਦਰੀ ਲੇਖਕ ਸਭਾ ਦੀ ਐਗਜ਼ੈਕਟਿਵ ਵਿਚ ਹਾਮੀ ਭਰ ਲਈ ਸੀ। ਜ਼ਬਾਨ ਦੇ ਆਧਾਰ ਤੇ ਪੰਜਾਬੀ ਸੂਬੇ ਦਾ ਪਹਿਲਾ ਰੈਜ਼ੂਲੇਸ਼ਨ ਮੈਂ ਲਿਖਿਆ ਅਤੇ ਢੁੱਡੀਕੇ ਲਿਖਾਰੀ ਸੰਮੇਲਨ ਵਿਚ ਪੇਸ਼ ਕੀਤਾ, ਜਿਸ ਦੀ ਤਾਈਦ ਗਿ: ਹੀਰਾ ਸਿੰਘ ਦਰਦ ਨੇ ਅਤੇ ਮਜੀਦ ਸੰਤ ਸਿੰਘ ਸੇਖੋਂ ਨੇ ਕੀਤੀ। ਉਸ ਤੋਂ ਪਿੱਛੋਂ ਹੀ ਕਮਿਊਨਿਸਟ ਪਾਰਟੀ ਨੇ ਇਸ ਨੂੰ ਅਪਣਾਇਆ। ਪੰਜਾਬੀ ਜ਼ਬਾਨ ਨੂੰ ਹਿੰਦੀ ਸੰਸਕ੍ਰਿਤ ਢੰਗ ਨਾਲ ਚਲਾਏ ਸ਼ਬਦ ਜੋੜਾਂ ਦੇ ਖਿਲਾਫ ਮੈਂ ਵਿਸ਼ਵਾਨਾਥ ਤਿਵਾੜੀ ਤੇ ਸਹਿੰਸਰਾ ਜੀ ਨਾਲ ਰਲ ਕੇ ਅਠ ਪੰਜਾਬੀ ਕਨਵੈਨਸ਼ਨਾਂ ਕੀਤੀਆਂ। 'ਲਹੂ ਦੀ ਲੋਅ' ਉਦੋਂ ਲਿਖਿਆ ਤੇ ਸਿੰਘਾਪੁਰ ਜਾ ਕੇ ਛਾਪਿਆ, ਜਦੋਂ ਐਮਰਜੈਂਸੀ ਨੇ ਲੋਕਾਂ ਦੇ ਨੱਕ ਵਿਚ ਦਮ ਲਿਆਂਦੇ ਹੋਏ ਸਨ ਤੇ ਕਮਿਊਨਿਸਟ ਪਾਰਟੀ ਇੰਦਰਾ ਦੀ ਪਿੱਠ ਠੋਕ ਰਹੀ ਸੀ। ਅੱਜ ਪੰਜਾਬ ਦੇ ਆਰਥਿਕ ਤੇ ਸਭਿਆਚਾਰਕ ਹਿੱਤਾਂ ਲਈ ਅਕਾਲੀ ਪਾਰਟੀ ਘੋਲ ਕਰ ਰਹੀ ਹੈ। ਮੈਂ ਅਕਾਲੀ ਨਾ ਹੁੰਦਾ ਹੋਇਆ ਵੀ ਪੰਜਾਬੀਆਂ ਦੀਆਂ ਹੱਕੀ ਮੰਗਾਂ ਦੀ ਹਮਾਇਤ ਕਰ ਰਿਹਾ ਹਾਂ। ਮੇਰੇ ਸਾਹਮਣੇ ਸਵਾਲ ਰਿਹਾ ਹੈ, ਸੱਚ ਕੀਹਦੇ ਨਾਲ ਹੈ ? ਏਸੇ ਰੋਸ਼ਨੀ ਵਿਚ ਹੱਕ ਸੱਚ ਅੱਜ ਅਕਾਲੀਆਂ ਨਾਲ ਹੈ, ਇੰਦਰਾ ਨਾਲ ਨਹੀਂ। ਛੋਟੀ ਸਰਮਾਏਦਾਰੀ ਦੀ ਹਮਾਇਤ ਛੱਡ ਕੇ ਜਿਹੜੇ ਵੱਡੀ ਸਰਮਾਏਦਾਰੀ ਦੀ ਬੁੱਕਲ ਵਿਚ ਜਾ ਬੈਠੇ ਹਨ, ਸਭ ਸਮਾਜ ਦੁਸ਼ਮਣ ਹਨ, ਲੋਕ ਵਿਰੋਧੀ। ਉਹ ਸਭ ਇਤਿਹਾਸ ਦੀ ਗਦਾਰ ਉਪਾਧੀ ਨਾਲ ਸਨਮਾਨੇ ਜਾਣਗੇ। ਜੇ ਇਕ ਲੇਖਕ ਦੀ ਕਲਮ ਲੋਕਾਂ ਦੇ ਹੱਕ ਸੱਚ ਨਾਲ ਭਿਆਲੀ ਨਹੀਂ ਪਾਉਂਦੀ, ਤੋੜ ਦੇਣ ਜੋਗ ਹੈ-ਚੁਬਾਰੇ ਬੈਠੀ ਮਾਲਜ਼ਾਦੀ ਹੈ।

ਸਾਹਿਤ ਸੱਚ ਹੈ, ਗੁਰਬਾਣੀ ਹੈ। ਸਾਹਿਤ ਅਨੰਦ ਹੈ, ਨਿਰਾ ਮਾਖੋ। ਇਹਦੇ ਵਿਚ ਵਿਹੁ ਪਾਉਣ ਵਾਲਾ ਦੋਸ਼ ਤੇ ਕਲੰਕ ਤੋਂ ਨਹੀਂ ਬਚ ਸਕਦਾ। ਜਿਹੜਾ ਲੇਖਕ ਲੋਕਾਂ ਦੀ ਹਮਾਇਤ ਵਿਚ ਨਹੀਂ ਖਲੋਤਾ, ਮੈਨੂੰ ਵਿਭਚਾਰੀ ਲੱਗਾ ਹੈ। ਮੈਂ ਆਪੇ ਨੂੰ ਸੁਰਖਰੂ ਵੇਖਿਆ ਚਾਹੁੰਦਾ ਹਾਂ। ਪਰ ਲੋਕਾਂ ਦਾ ਉਧਾਰ ਲਾਹੇ ਬਿਨਾਂ ਕੋਈ ਬਰੀ ਕਿਵੇਂ ਹੋ ਸਕਦਾ ਹੈ ? ਲੋਕਾਂ ਦੀ ਕਲਿਆਣ ਮੇਰੀ ਮੰਜ਼ਿਲ ਹੈ। ਮੈਂ ਆਖਰੀ ਦਮ ਤਕ ਕਲਮ ਚਲਾਵਾਂਗਾ। ਗੁਰੂ ਗੋਬਿੰਦ ਸਿੰਘ ਨੇ ਮੈਨੂੰ ਇਉਂ ਹੀ ਪ੍ਰੇਰਨਾ ਦਿੱਤੀ ਹੈ।

ਰੋਜ਼ਾਨਾ ਅਜੀਤ 11-12-83

ਜੱਦੋਜਹਿਦ ਜਾਰੀ ਰਹੇ

ਆਰਥਿਕ ਤੇ ਸਭਿਆਚਾਰਕ ਪੱਖੋਂ ਅਕਾਲੀ ਮੋਰਚਾ ਸਾਰੇ ਪੰਜਾਬੀਆਂ ਦਾ ਹੋ ਗਿਆ ਹੈ । ਮਜ਼ਬੂਤ ਆਰਥਿਕਤਾ ਬਿਨਾਂ ਜ਼ਿੰਦਗੀ ਦਾ ਕੋਈ ਪੱਖ ਵੀ ਤਰੱਕੀ ਨਹੀਂ ਕਰ ਸਕਦਾ । ਬਿਜਲੀ ਪਾਣੀ ਅਤੇ ਅੰਦਰੂਨੀ ਖ਼ੁਦਮੁਖਤਾਰੀ ਵਰਗੀਆਂ ਮੰਗਾਂ ਅੱਜ ਬੁਨਿਆਦੀ ਲੋੜਾਂ ਬਣ ਗਈਆਂ ਹਨ, ਜਿਹੜੀਆਂ ਪੰਜਾਬ ਨੂੰ ਖੜ੍ਹਾ ਰੱਖ ਸਕਦੀਆਂ ਹਨ । ਇਹਨਾਂ ਮੰਗਾਂ ਬਾਰੇ ਸਭ ਤੋਂ ਵੱਧ ਉਲਝੇਵਾਂ ਮਾਰਕਸੀ ਵਿਚਾਰਧਾਰਾ ਵਾਲਿਆਂ ਵਿਚ ਹੈ ।

ਇਹ ਮੋਰਚਾ ਬਾਹਰੋਂ ਵੇਖਣ ਨੂੰ ਅਕਾਲੀਆਂ ਤੇ ਸੈਂਟਰ ਸਰਕਾਰ ਵਿਚ ਲਗਦਾ ਹੈ। ਪਰ ਅਸਲ ਵਿਚ ਪੰਜਾਬ ਦੇ ਮੱਧ-ਵਰਗ ਜਮਾਂਹ ਟੁੱਟਦੀ ਕਿਸਾਨੀ ਤੇ ਕਿਸਾਨੀ ਨਾਲ ਸੰਬੰਧਿਤ ਖੇਤ ਮਜ਼ਦੂਰ ਤਬਕਾ ਅਤੇ ਦੂਜੇ ਬੰਨੇ ਵੱਡੀ ਸਰਮਾਏਦਾਰੀ ਵਿਚਕਾਰ ਅੜਿਆ ਹੋਇਆ ਹੈ। ਪੰਜਾਬ ਵਿਚ ਟੁੱਟਦੀ ਜਗੀਰਦਾਰੀ ਨੇ ਆਪੇ ਨੂੰ ਸਰਮਾਏਦਾਰੀ ਵਿਚ ਵਟਾ ਲਿਆ ਹੈ । ਅਜਿਹੀ ਸਰਮਾਏਦਾਰੀ ਉਂਗਲਾਂ ਤੇ ਗਿਣਨ ਜੋਗੀ ਰਹਿ ਗਈ ਹੈ । ਦਸ ਪੰਦਰਾਂ ਕਿਲੇ ਵਾਲੇ ਮੱਧ ਵਰਗ ਵਿਚ ਆ ਜਾਂਦੇ ਹਨ । ਪਰ ਸਭ ਤੋਂ ਭਾਰੂ ਪੰਜ ਤੋਂ ਦਸ ਕਿਲੇ ਵਿਚਕਾਰਲਾ ਕਿਸਾਨ ਤਬਕਾ ਹੈ । ਅਕਾਲੀ ਪਾਰਟੀ ਵਿਚ ਵਧੇਰੇ ਕਰਕੇ ਇਸ ਵਰਗ ਦਾ ਪੇਂਡੂ ਕਿਸਾਨ ਹੈ । (ਜਿਸ ਨੂੰ ਅਕਸਰ ਚਾਰ ਸਰਮਾਏਦਾਰ ਵਾਹ ਜਾਂਦੇ ਹਨ) ਇਹ ਤਬਕਾ ਗਹਿਣੇ ਤੋਂ ਥੈ ਹੁੰਦਾ ਜਾ ਰਿਹਾ ਹੈ । ਦੇਸਾਂ ਪਰਦੇਸਾਂ ਅਤੇ ਦੂਜੇ ਰਾਜਾਂ ਵਿਚ ਧੱਕੇ ਧੋੜੇ ਖਾ ਰਿਹਾ ਹੈ। ਇਸ ਮੋਰਚੇ ਵਿਚ ਕਿਸਾਨ ਅਤੇ ਹੋਰ ਟੁੱਟੀਆਂ ਜਾਤਾਂ ਦੇ ਹਿਤ, ਧਰਮ ਤੋਂ ਚਲ ਕੇ ਆਰਥਿਕ ਤੇ ਸਭਿਆਚਾਰਕ ਪੱਖ ਮੱਲ ਬੈਠੇ ਹਨ ।

ਸੈਂਟਰ ਵਿਚ ਰਾਜ ਕਰ ਰਹੀ ਹੈ ਵੱਡੀ ਸਰਮਾਏਦਾਰੀ, ਜਿਹੜੀ ਹਰ ਵਰਗ

ਦੇ ਕਿਸਾਨ ਨੂੰ ਲੁੱਟਦੀ ਹੈ। ਜਿਸ ਦੀ ਨੁਮਾਇੰਦਗੀ ਕਰਦੀ ਹੈ ਇੰਦਰਾ ਕਾਂਗਰਸ। ਇਸੇ ਸਰਮਾਏਦਾਰੀ ਵਿਚ ਵੱਡਾ ਤਬਕਾ ਹਿੰਦੂ ਵਪਾਰੀ ਦਾ ਹੈ। ਸੋ ਇਸ ਮੋਰਚੇ ਦੇ ਇਕ ਪਾਸੇ ਹਿੰਦੂ ਸਰਮਾਏਦਾਰ ਅਤੇ ਦੂਜੇ ਪਾਸੇ ਲੁਟਿਆ ਜਾ ਰਿਹਾ ਕਿਸਾਨ ਹੈ। ਪੰਜਾਬ ਦਾ ਕਿਸਾਨ ਬਹੁ ਗਿਣਤੀ ਵਿਚ ਸਿੱਖ ਹੈ। ਇਹ ਮੋਰਚਾ ਘੱਟ ਗਿਣਤੀ ਕਿਸਾਨ ਬਨਾਮ ਸੈਂਟਰ ਸਰਕਾਰ ਅਥਵਾ ਸਰਮਾਏਦਾਰੀ (ਜਿਹੜੀ ਸਾਰੇ ਹਿੰਦੂਆਂ ਨੂੰ ਆਪਣੇ ਵਿਚ ਗਿਣਦੀ ਹੈ) ਵਿਚ ਪੰਜਾ ਪਾਈ ਾਂਠਾ ਹੈ। ਇਹ ਕਿਸੇ ਇਨਕਲਾਬ ਦਾ ਸੂਚਕ ਨਹੀਂ। ਇਹ ਕਿਸੇ ਨੂੰ ਭੁਲੇਖਾ ਨ ਰਹੇ। ਇੰਦਰਾ ਜੀ ਤੇ ਸੰਤ ਲੌਂਗੋਵਾਲ ਇਸ ਦੇ ਵੇਦਨੇਤ ਪ੍ਰਤੀਨਿਧ ਬਣ ਗਏ ਹਨ। ਇਹਨਾਂ ਜਮਾਤਾਂ ਦੀ ਹੋਰ ਵੀ ਕੋਈ ਅਗਵਾਈ ਕਰ ਸਕਦੇ ਸਨ।

ਮਾਰਕਸੀ ਵਿਚਾਰਧਾਰਾ ਅਨੁਸਾਰ ਕੋਈ ਰਾਏ ਅਥਵਾ ਅਮਲ ਕਿਸੇ ਇਕ ਜਮਾਤ ਦੇ ਹਿਤ ਵਿਚ ਹੁੰਦਾ ਹੈ। ਮੋਰਚੇ ਦਾ ਵਿਰੋਧ ਕਰਨ ਵਾਲੇ ਜਾਂ ਇਸ ਨੂੰ ਮੁਲਤਵੀ ਕਰਾਉਣ ਵਾਲੇ ਨੰਗੇ ਨਾ ਹੁੰਦੇ ਵੀ ਸਰਮਾਏਦਾਰੀ ਅਥਵਾ ਇੰਦਰਾ ਜੀ ਦੇ ਹੱਥ ਮਜ਼ਬੂਤ ਕਰ ਰਹੇ ਹਨ। ਜੇ ਆਪੇ ਨੂੰ ਅਗਾਂਹ ਵਧੂ ਅਖਵਾਉਣ ਵਾਲੇ ਵੱਡੀ ਸਰਮਾਏਦਾਰੀ ਦੀ ਤਰਜਮਾਨ ਇੰਦਰਾ ਜੀ ਦੀ ਧਿਰ ਬਣ ਰਹੇ ਹਨ ਤਾਂ ਮਾਰਕਸਿਜ਼ਮ ਕਿਹੜੇ ਖੂਹ-ਖਾਤੇ ਪੈ ਗਈ ? ਜੇ ਥੋੜੀ ਜਿੰਨੀ ਵੀ ਈਮਾਨਦਾਰੀ ਨੂੰ ਮੁੱਖ ਰੱਖਿਆ ਜਾਵੇ, ਇਹ ਮੋਰਚਾ ਖੱਬੇ ਫਰੰਟ ਨੂੰ ਲੜਨਾ ਚਾਹੀਦਾ ਸੀ। ਹੁਣ ਜੇ ਮੋਰਚਾ ਅਕਾਲੀਆਂ ਲਾ ਲਿਆ ਤਾਂ ਉਹ ਮਾੜੇ ਕਿਉਂ ? ਉਹਨਾਂ ਪੰਜਾਬ ਦੇ ਕਿਸਾਨ ਦੀ ਬਾਂਹ ਫੜ ਲਈ, ਇਸ ਵਾਸਤੇ। ਉਠਿਆ ਆਪ ਤੋਂ ਨਾ ਜਾਵੇ ਫਿੱਟੇ ਮੂੰਹ ਗੋਡਿਆਂ ਦੇ। ਜਿਹੜੇ ਜਨਤਾ ਦੇ ਹਿੱਤਾਂ 'ਚ ਜਦੋਜਹਿਦ ਕਰਨਗੇ, ਕੁਰਬਾਨੀ ਦੇਣਗੇ, ਉਹੀ ਲੋਕਾਂ ਦੇ ਲੀਡਰ ਹੋਣਗੇ। ਬਿਨਾਂ ਕੁਝ ਹਾਸਲ ਕਰਨ ਦੇ ਮੋਰਚਾ ਛੱਡ ਦੇਣ ਦਾ ਸਿੱਧਾ ਮਤਲਬ ਹੋਵੇਗਾ, ਅਕਾਲੀ ਆਗੂਆਂ ਦੀ ਸਿਆਸੀ ਮੌਤ। ਅਜਿਹਾ ਉਹ ਕਿਉਂ ਕਰਨਗੇ ?

ਇਸ ਮੋਰਚੇ ਨੇ ਦੁਨੀਆਂ ਸਾਹਮਣੇ ਇਕ ਸਵਾਲ ਖੜਾ ਕਰ ਦਿੱਤਾ ਹੈ ਕਿ ਪੰਜਾਬ ਵਿਚ ਵਗਦਾ ਪਾਣੀ ਅਤੇ ਬਿਜਲੀ ਪੰਜਾਬ ਦੀ ਹੈ ਜਾਂ ਨਹੀਂ ? ਖੇਤ ਵਿਚ ਪੈਦਾ ਹੁੰਦੀ ਜਿਣਸ ਕਾਮੇ ਕਿਸਾਨ ਦੀ ਹੈ ਜਾਂ ਨਹੀਂ ? ਪੰਜਾਬ ਦੀ ਪੈਦਾਵਾਰ ਕਿਸ ਭਾਅ ਦੇਣੀ ਹੈ, ਇਹਦਾ ਫੈਸਲਾ ਪੰਜਾਬ ਆਪ ਕਿਉਂ ਨਾ ਕਰੇ ? ਸੈਂਟਰ ਕਿਉਂ ਮਨਮਰਜ਼ੀ ਦੇ ਭਾਅ ਚੁਕੇ ? ਪੰਜਾਬ ਦਾ ਬਿਜਲੀ ਪਾਣੀ ਸੈਂਟਰ ਧੱਕੇ ਨਾਲ ਰਾਜਿਸਥਾਨ ਤੇ ਹਰਿਆਣੇ ਨੂੰ ਕਿਉਂ ਦੁਆਵੇ ? ਪੰਜਾਬ ਇਹਨਾਂ ਪੈਦਾਵਾਰੀ ਸਾਧਨਾਂ ਦਾ ਮਾਲਕ ਹੈ। ਆਪਣੀ ਲੋੜ ਤੋਂ ਫਾਲਤੂ ਜਿਣਸ, ਬਿਜਲੀ ਪਾਣੀ ਆਦਿ ਦੇਣ

ਦਾ ਉਹ ਖੁਦ ਫੈਸਲਾ ਕਿਉਂ ਨਾ ਕਰੇ ? ਮੋਰਚਾ ਹੈ ਇਸ ਮਾਲਕੀ ਦੇ ਹੱਕ ਦਾ, ਜਿਸ ਨੂੰ ਸੈਂਟਰ ਚੋਰ ਪਿਛਾਣੇ ਦੱਬੀ ਬੈਠਾ ਹੈ । ਏਸੇ ਕਾਰਨ ਮੋਰਚਾ ਲੱਗਾ ਹੈ ਤੇ ਜਾਰੀ ਹੈ । ਹੱਕ ਸੱਚ ਦੀ ਅਸਲ ਮੰਗ ਨੂੰ, ਪ੍ਰੈਸ ਅਤੇ ਹੋਰ ਸਾਧਨ ਵਰਤ, ਲੋਕਾਂ ਦੀ ਅੱਖੀਂ ਘੱਟਾ ਪਾ ਕੇ ਲੁਕਾਇਆ ਨਹੀਂ ਜਾ ਸਕਦਾ ।

ਮੋਰਚਾ ਮੁਲਤਵੀ ਕਰਵਾਉਣ ਵਾਲੇ ਇਹ ਦਸਣ ਦੀ ਖੇਚਲ ਕਰਨ ਕਿ ਸੈਂਟਰ ਨੇ ਹੁਣ ਤਕ ਪੰਜਾਬ ਨੂੰ ਦਿੱਤਾ ਹੀ ਕੀ ਹੈ । ਜਦ ਲੁੱਟ ਖਸੁੱਟ ਦੀ ਇੰਤਹਾ ਹੋ ਗਈ, ਮੋਰਚੇ ਦਾ ਧਾਰਾ ਫੁੱਟ ਪਿਆ । ਕੁਦਰਤ ਆਪੂੰ ਅਜਿਹੇ ਹਾਲਾਤ ਪੈਦਾ ਕਰਦੀ ਹੈ । ਇਹ ਮੋਰਚਾ ਪੰਜਾਬ ਦੇ ਕਿਰਤੀਆਂ ਲਈ ਜ਼ਿੰਦਗੀ ਮੌਤ ਦਾ ਸਵਾਲ ਬਣ ਚੁਕਾ ਹੈ । ਅਕਾਲੀ ਪਾਰਟੀ ਮੋਰਚਾ ਲੜਨ ਕਾਰਨ ਹੀ ਲੋਕਾਂ ਦੀ ਪਾਰਟੀ ਬਣ ਗਈ ਹੈ । ਸੋਲਾਂ ਮਹੀਨਿਆਂ ਤੋਂ ਮੋਰਚਾ ਐਵੇਂ ਨਹੀਂ ਚੜ੍ਹਦੀ ਕਲਾ ਵਿਚ ਜਾ ਰਿਹਾ । ਕੀ ਪੰਜਾਬ ਨੂੰ ਇੰਡਸਟਰੀ ਨਹੀਂ ਚਾਹੀਦੀ ? ਤੇ ਇੰਡਸਟਰੀ ਬਿਜਲੀ ਬਿਨਾਂ ਕਿਵੇਂ ਚਲੇਗੀ ? ਪੰਜਾਬ ਦੇ ਜਿਹੜੇ ਕਾਂਗਰਸੀ ਐਮ. ਪੀਜ਼ ਅਤੇ ਐਮ. ਐਲ. ਏਜ਼. ਬਿਜਲੀ ਪਾਣੀ ਦੇ ਮਸਲੇ ਵਿਚ ਦੂਜੇ ਰਾਜਾਂ ਦੀ ਹਮਾਇਤ ਕਰ ਰਹੇ ਹਨ, ਉਹ ਅਸਲ ਵਿਚ ਇੰਦਰਾ ਦੀ ਝੋਲੀ ਚੁਕ ਕੇ ਆਉਂਦੀ ਚੋਣ ਲਈ ਟਿਕਟਾਂ ਖਰੀਆਂ ਕਰ ਰਹੇ ਹਨ । ਰਾਜਿਸਥਾਨ ਤੇ ਹਰਿਆਣੇ ਦੇ ਕਾਂਗਰਸੀ ਆਪਣੇ ਰਾਜਾਂ ਦੇ ਹਿਤਾਂ ਲਈ ਅਪੋਜ਼ੀਸ਼ਨ ਨਾਲ ਜੁੜ ਕੇ ਲੜ ਰਹੇ ਹਨ । ਪਰ ਪੰਜਾਬ ਦੇ ਕਾਂਗਰਸੀ ਟਿਕਟਾਂ ਪਿਛੇ ਸਿਆਹੀ ਨਾਲ ਸੱਜੇ ਅੰਗੂਠੇ ਲਬੇੜੀ ਸੈਂਟਰ ਦੇ ਅੱਗੇ ਪਿੱਛੇ ਭਜੇ ਫਿਰ ਰਹੇ ਹਨ । ਜਿੱਥੇ ਮਰਜ਼ੀ ਲੁਆ ਲਵੇ । ਕਾਂਗਰਸ ਦਾ ਇਹ ਘਰ ਮਾਰੂ ਰੋਲ ਲੋਕਾਂ ਤੋਂ ਕਿਸੇ ਤਰ੍ਹਾਂ ਗੁੱਝਾ ਨਹੀਂ ਰਿਹਾ । ਇਕ ਗ਼ਦਾਰੀ, ਕਦੇ ਅੰਭੀ ਰਾਜੇ ਨੇ ਪੋਰਸ ਦੇ ਖਿਲਾਫ ਸਿਕੰਦਰ ਦਾ ਸਾਥ ਦੇ ਕੇ ਕੀਤੀ ਸੀ ਉਸ ਦੇ ਨਤੀਜੇ ਗੁਲਾਮੀ ਤੇ ਹੱਲਿਆਂ ਦੀ ਸ਼ਕਲ ਵਿਚ ਸਦੀਆਂ ਲੋਕਾਂ ਨੂੰ ਭੁਗਤਣੇ ਪਏ । ਫਿਰ ਜੈ ਚੰਦ ਨੇ ਭਰਾ ਵਿਰੁੱਧ ਮੁਹੰਮਦ ਗੌਰੀ ਦਾ ਸਾਥ ਦਿੱਤਾ । ਜੰਮੂ ਦੇ ਡੋਗਰਿਆਂ ਅੰਗਰੇਜ਼ਾਂ ਨਾਲ ਸਿਖ ਰਾਜ ਤਬਾਹ ਕਰਵਾਇਆ । ਕੀ ਉਹੀ ਗ਼ੱਦਾਰੀ ਅੱਜ ਪੰਜਾਬ ਦੇ ਕਾਂਗਰਸੀ ਨਹੀਂ ਕਰ ਰਹੇ ? ਵਾਹ ਪੰਜਾਬ ! ਤੇਰੀਆਂ ਸ਼ਾਨਾਂ ਦੇ ਕੀ ਕਹਿਣੇ । ਕੁਰਬਾਨੀ ਲਾਮਿਸਾਲ ਤੇ ਗ਼ਦਾਰੀਆ ਵੀ ਕਮਾਲ; ਕਮਾਲ

ਇੰਦਰਾ ਜੀ ਆਥਣ ਸਵੇਰ ਪਬਲਿਕ ਜਲਸਿਆਂ ਤੇ ਟੀ. ਵੀ. ਰਾਹੀਂ ਫਰਮਾ ਰਹੇ ਹਨ । ਭਾਸ਼ਾ ਤੇ ਇਲਾਕਾਈ ਝਗੜੇ ਛੋਟੀਆਂ ਗੱਲਾਂ ਹਨ, ਭਾਰਤੀਆਂ ਨੂੰ ਇਹਨਾਂ ਤੋਂ ਉਤਾਂਹ ਉੱਠਣਾ ਚਾਹੀਦਾ ਹੈ । ਇੰਦਰਾ ਜੀ ਹੀ ਦੱਸਣ ਦੀ ਖੇਚਲ ਕਰਨ, ਭਾਸ਼ਾ ਤੇ ਆਪਣੇ ਇਲਾਕੇ ਕੋਈ ਸੁੱਟਦਾ ਫਿਰਦਾ ਏ ? ਉਹਨਾਂ ਦੇ ਖਿਆਲ

ਅਨੁਸਾਰ ਘੱਟ ਗਿਣਤੀ ਨੂੰ ਭਾਸ਼ਾ ਤੇ ਇਲਾਕਾਈ ਮੰਗਾਂ ਤੇ ਹੱਥ ਧੋ ਲੈਣੇ ਚਾਹੀਦੇ ਹਨ । ਜੇ ਇੰਦਰਾ ਜੀ ਇਹਨਾਂ ਗੱਲਾਂ ਨੂੰ ਛੋਟੀਆਂ ਤੇ ਮਾਮੂਲੀ ਸਮਝਦੇ ਹਨ, ਤਦ ਪੰਜਾਬੀ ਬੋਲਦੇ ਇਲਾਕੇ ਪੰਜਾਬ ਨਾਲ ਲਾ ਦੇਣ ਅਤੇ ਹਰਿਆਣੇ ਤੇ ਦਿੱਲੀ ਵਿਚ ਦੂਜੀ ਭਾਸ਼ਾ ਪੰਜਾਬੀ ਬਣਾ ਦੇਣ । ਦਿੱਲੀ ਵਿਚ ਪੰਜਾਬੀਆਂ ਦੀ ਬਹੁ ਗਿਣਤੀ ਹੈ ਤੇ ਹਰਿਆਣੇ ਵਿਚ ਤੀਜੀ ਭਾਸ਼ਾ ਤਾਮਲ ਤਾਂ ਪੜ੍ਹਾਈ ਜਾ ਸਕਦੀ ਹੈ, ਪੰਜਾਬੀ ਨਹੀਂ । ਇਹ ਵਿਤਕਰਾ ਨਹੀਂ ? ਕੀ ਪੰਜਾਬੀਆਂ ਦਾ ਸਿਰ ਦੁਖਦਾ ਹੈ ਕਿ ਉਹ ਐਵੇਂ ਮੋਰਚੇ ਲਾਈ ਰੱਖਣ ? ਮੋਰਚੇ ਲਾਉਣੇ ਤੇ ਚਲਾਉਣੇ ਕੋਈ ਸੁਖਾਲੀ ਗੱਲ ਐ । ਇਹ ਤਾਂ ਮਰਦਿਆਂ ਨੂੰ ਅੱਕ ਚੱਬਣਾ ਪਿਆ ਹੈ । ਜਦੋ ਕੋਈ ਮਾਂ ਜਾਣ ਬੁਝ ਕੇ ਮਤਰੇਈ ਬਣ ਜਾਵੇ, ਪੁੱਤਰਾਂ ਵਿਚ ਪੁਆੜੇ ਦੀ ਜ਼ੁੰਮੇਵਾਰ ਉਹ ਆਪ ਹੁੰਦੀ ਹੈ ।

ਮੇਰੇ ਖਿਆਲ ਵਿਚ ਤਿੰਨ ਗੱਲਾਂ ਪੰਜਾਬ ਦੇ ਮਾਹੌਲ ਨੂੰ ਸੁਖਾਵਾਂ ਬਣਾ ਸਕਦੀਆਂ ਹਨ ।

(1) ਫੈਡਰਲ ਢਾਂਚਾ, (2) ਬਿਜਲੀ ਪਾਣੀ ਉੱਤੇ ਪੰਜਾਬ ਦੀ ਮਾਲਕੀ, (3) ਪੰਜਾਬ ਦਾ ਹਿੰਦੂ ਸੱਚੇ-ਦਿਲੋਂ ਪੰਜਾਬੀ ਬਣੇ ਮਦਰਾਸੀਆਂ, ਬੰਗਾਲੀਆਂ ਵਾਂਗ ਆਪਣੇ ਵਿਰਸੇ ਨੂੰ ਪਿਆਰ ਕਰੇ ।

(1) ਫੈਡਰਲ ਢਾਂਚੇ ਨਾਲ ਸੈਂਟਰ ਹੋਰ ਮਜ਼ਬੂਤ ਹੋਵੇਗਾ । ਅਮਰੀਕਾ, ਕਨੇਡਾ, ਰੂਸ ਤੇ ਮਲੇਸ਼ੀਆ ਆਦਿ ਦੇਸ਼ਾਂ ਦੀਆਂ ਮਿਸਾਲਾਂ ਸਾਹਮਣੇ ਹਨ । ਸੈਂਟਰ ਦੀ ਨੀਤੀ ਹੁਣ ਤਕ ਪੰਜਾਬ ਨੂੰ ਕਮਜ਼ੋਰ ਕਰਨ ਵਾਲੀ ਰਹੀ ਹੈ । ਰਾਜਾਂ ਨੂੰ ਕਮਜ਼ੋਰ ਕਰਕੇ ਸੈਂਟਰ ਆਪ ਕਿਵੇਂ ਤਾਕਤਵਰ ਹੋ ਸਕਦਾ ਹੈ ? ਰਾਜ ਸੈਂਟਰ ਨੂੰ ਫੀਡ ਕਰਦੇ ਹਨ । ਏਥੇ ਉਲਟੀ ਗੰਗਾ, ਸਭ ਕੁਝ ਆਪਣੇ ਗੋਡੇ ਮੁੱਢ ਦੱਬ ਰੱਖਣਾ ਤੇ ਮੁੜ ਰਾਜਾਂ ਨੂੰ ਸੁਲਾਹ ਮਾਰਨੀ 'ਤੁਹਾਨੂੰ ਕੀ ਚਾਹੀਦਾ ਹੈ ? ਹੱਛਾ ਸੋਚਾਂਗਾ।'

ਚੁਕਣਾ ਪੰਡਾਂ ਬੰਨ੍ਹ ਕੇ, ਦੇਣਾ ਮੁੱਠੀ-ਮੁੱਠੀ ਕਰ ਕੇ, ਉਹ ਵੀ ਤਰਸਾ ਤਰਸਾ। (ਥੀਨ ਡੈਮ ਦੀ ਉਸਾਰੀ ਲਈ ਫੰਡ) ਨਾ ਇਹ ਇਮਾਨਦਾਰੀ ਹੈ ਤੇ ਨਾ ਹੀ ਭਾਈਚਾਰਕ ਕੌਮੀ ਸਾਂਝ । ਫੈਡਰਲ ਸਿਸਟਮ ਹੀ ਰਾਜਾਂ ਤੇ ਸੈਂਟਰ ਨੂੰ ਹਰ ਤਰ੍ਹਾਂ ਨਵਾਂ ਨਰੋਆ ਬਣਾ ਸਕਦਾ ਹੈ ।

(2) ਪੰਜਾਬ ਦੀ ਪੈਦਾਵਾਰ ਤੇ ਉਹਦੇ ਸਾਧਨਾਂ ਉੱਤੇ ਜੇ ਪੰਜਾਬ ਦੀ ਮਾਲਕੀ ਨਹੀਂ, ਤਾਂ ਉਹ ਗੁਲਾਮ ਹੈ । ਕੀਹਦਾ ਗੁਲਾਮ ਹੈ ? ਜਿਹੜੇ ਉਹਦੇ ਸਾਧਨ ਹੜੱਪਦੇ ਹਨ । ਇਸ ਤਰ੍ਹਾਂ ਦੇ ਗੁਲਾਮ ਜੀਵਨ ਲਈ ਤਾਂ ਦੇਸ਼ ਆਜ਼ਾਦ ਕਰਵਾਉਣ ਲਈ ਕੁਰਬਾਨੀਆਂ ਨਹੀਂ ਦਿੱਤੀਆਂ ਸਨ । ਇਹ ਮੋਰਚਾ ਆਨ ਅਣਖ ਵਾਲੇ

ਆਜ਼ਾਦ ਜੀਵਨ ਦੀ ਪ੍ਰਾਪਤੀ ਲਈ ਹੀ ਚਲ ਰਿਹਾ ਹੈ ।

(3) ਪੰਜਾਬ ਦੇ ਹਿੰਦੂਆਂ ਵਿਚੋਂ ਇਕ ਤਬਕੇ ਨੇ ਆਪਣੀ ਮਾਂ ਬੋਲੀ ਨਾ ਅਪਣਾ ਕੇ ਪੰਜਾਬ ਦਾ ਵਿਸ਼ਵਾਸ ਗੁਆ ਲਿਆ ਹੈ । ਉਹ ਵਿਸ਼ਵਾਸ ਹੀ ਨਹੀਂ ਮੁੜਨਾ ਚਾਹੀਦਾ, ਸਗੋਂ ਉਨ੍ਹਾਂ ਨੂੰ ਸਿੱਕੇਬੰਦ ਪੰਜਾਬੀਆਂ ਵਾਲਾ ਸਬੂਤ ਦੇਂਦਿਆਂ, ਪੰਜਾਬ ਦੇ ਹਿਤਾਂ ਲਈ ਅੱਗੇ ਵਧ ਕੇ ਲੜਨਾ ਚਾਹੀਦਾ ਹੈ । ਸਾਰੇ ਧੁਆੜਿਆਂ ਦੀ ਬੁਨਿਆਦੀ ਜੜ੍ਹ ਹੀ ਇਹ ਫਿਰਕੂ ਸੋਚ ਰਹੀ ਹੈ ਕਿ ਉਹਨਾਂ ਨਿੱਜ ਨੂੰ ਛੱਡ ਕੇ ਪਰ ਨੂੰ ਅਪਣਾਈ ਰਖਿਆ । ਸਿੱਖਾਂ ਤੇ ਹਿੰਦੂਆਂ ਦਾ ਆਪਸੀ ਲੜਨਾ ਬੜਾ ਮੁਹਾਲ ਹੈ । ਲਹੂ ਦੀ ਸਾਂਝ ਬਿਨਾਂ ਇਹਨਾਂ ਦਾ ਹੋਰ ਬੜਾ ਕੁਝ ਸਾਂਝਾ ਹੈ । ਲੜਾਉਣ ਵਾਲਿਆਂ ਆਪਣੀ ਸਾਰੀ ਵਾਹ ਲਾ ਲਈ । ਉਹਨਾਂ ਆਪਣੀਆਂ ਵੋਟਾਂ ਪੱਕੀਆਂ ਕਰ ਲਈਆਂ । ਪਰ ਕੂਟ ਨੀਤੀ ਲੋਕਾਂ ਵਿਚ ਨੰਗੀ ਹੋਣੋਂ ਨਹੀਂ ਰਹਿ ਸਕੀ, ਭਾਵੇਂ ਇੰਦਰਾ ਜੀ ਸੈਕੂਲਰਿਜ਼ਮ ਦੀ ਲੱਖ ਦੁਹਾਈ ਦੇਈ ਜਾਣ । ਦੋਹਾਈ ਤਾਂ ਆਖਰ ਨੂੰ ਦੋਹਾਈ ਹੀ ਹੁੰਦੀ ਹੈ, ਪੰਜਾਬੀ, ਪੰਜਾਬੀ ਦਾ ਵਿਸ਼ਵਾਸ ਪੱਕਾ ਹੋ ਜਾਵੇ, ਸ਼ਾਇਦ ਸਾਰੇ ਹੀ ਝਗੜੇ ਮੁੱਕ ਜਾਣ (ਕਹਿ ਦੇ ਬੁੜ੍ਹੇ ਨੂੰ ਬਾਬਾ, ਨਿੱਤ ਦਾ ਕਲੇਸ਼ ਮੁੱਕ ਜੇ) ਇਹ ਗੱਲ ਆਰੀਆ ਸਮਾਜ ਭਰਾਵਾਂ ਦੇ ਕੰਨੇ ਆ ਪਈ ਹੈ ।

ਜਿਹੜੇ ਆਪਣੇ ਬੁਨਿਆਦੀ ਹੱਕਾਂ ਲਈ ਨਹੀਂ ਲੜ ਸਕਦੇ, ਉਹ ਅੱਜ ਵੀ ਮੋਏ, ਤੇ ਕਲ੍ਹ ਵੀ ਮੋਏ । ਆਜ਼ਾਦ ਤੇ ਗੁਲਾਮ ਦੋਸਤ ਤੇ ਦੁਸ਼ਮਣ, ਹਮਾਇਤੀ ਜਾਂ ਵਿਰੋਧੀ ਦੋ ਹੀ ਤਾਂ ਧੜੇ ਹੁੰਦੇ ਹਨ । ਜੇ ਪੰਜਾਬੀ ਕਿਸਾਨ (ਅਕਾਲੀ) ਹੱਕ ਸੱਚ ਤੇ ਹਨ, ਤਦ ਹਰ ਆਦਮੀ ਤੇ ਰਾਜਸੀ ਪਾਰਟੀ, ਖਾਸ ਕਰ ਪੰਜਾਬ ਦੀ, ਨੂੰ ਆਪਣਾ ਫਰਜ਼ ਸਮਝ ਕੇ ਸਾਥ ਦੇਣਾ ਚਾਹੀਦਾ ਹੈ, ਜਿਹੜੇ ਵਿੰਗੇ ਟੇਢੇ ਤਰੀਕੇ ਨਾਲ ਇੰਦਰਾ ਸਰਕਾਰ ਨੂੰ ਹਾਮੀ ਭਰ ਰਹੇ ਹਨ, ਤਾਰੀਖ ਵਿਚ ਉਹਨਾਂ ਦਾ ਰੋਲ ਰਾਜੇ ਅੰਬੀ, ਜੈ ਚੰਦ ਤੇ ਡੋਗਰਿਆਂ ਵਾਲਾ ਵਟ ਤੇ ਪਿਆ ਹੈ । ਹੱਕ ਸੱਚ ਦਾ ਸਾਥ ਦੇਣ ਵਾਲੇ ਤਾਰੀਖ਼ ਦੇ ਹੀਰੋ ਹੁੰਦੇ ਹਨ । ਇਹ ਨਿਰਣਾ ਹਮੇਸ਼ਾਂ ਇਤਿਹਾਸ ਦਾ ਰਿਹਾ ਹੈ । ਜਿੰਨਾ ਚਿਰ ਪੰਜਾਬ ਦਾ ਕਿਸਾਨ ਤੇ ਹੋਰ ਟੁਟੀਆਂ ਜਮਾਤਾਂ ਆਰਥਿਕ_ਤੇ ਸਭਿਆਚਾਰਕ ਹੱਕਾਂ ਨੂੰ ਪ੍ਰਾਪਤ ਨਹੀਂ ਕਰ ਲੈਂਦੀਆਂ, ਮੋਰਚਾ ਜਾਰੀ ਰਹਿਣਾ ਚਾਹੀਦਾ ਹੈ ਤੇ ਉਸ ਦੀ ਹਰ ਤਰ੍ਹਾਂ ਡਟ ਕੇ ਹਮਾਇਤ ਹੁੰਦੀ ਰਹਿਣੀ ਚਾਹੀਦੀ ਹੈ । ਪੰਜਾਬ ਦੀ ਕਿਸਮਤ ਦਾ ਫੈਸਲਾ ਇਹ ਮੋਰਚਾ ਹੈ ।

ਇਸ ਮੋਰਚੇ ਦਾ ਸਾਥ ਜੇ ਖਬੀਆਂ ਪਾਰਟੀਆਂ ਤਨੋਂ, ਮਨੋਂ ਤੇ ਧਨੋਂ ਦੇਣ ਤਾਂ ਅਕਾਲੀਆਂ ਵਿਚ ਲੁਕਿਆ ਸਰਮਾਏਦਾਰ ਭਜਾਇਆ ਜਾ ਸਕਦਾ ਹੈ, ਜੋ

ਮੈਦਾਨ ਖਾਲੀ ਛੱਡੀ ਰਖਿਆ-ਗਲਤ ਸਿੱਟੇ ਵੀ ਨਿਕਲ ਸਕਦੇ ਹਨ । ਮੋਰਚੇ ਵਿਚ ਜਾਣ ਵਾਲੇ ਕਿਸਾਨਾਂ ਦਾ ਕੋਈ ਦੋਸ਼ ਨਹੀਂ ਹੋਵੇਗਾ । ਸਹੀ ਸੋਚ ਇਹ ਹੈ ਕਿ ਮੋਰਚੇ ਵਿਚ ਸ਼ਾਮਲ ਹੋ ਕੇ ਧਾਰਮਕ ਪ੍ਰਾਪਤੀਆਂ ਕੀਤੀਆਂ ਜਾਣ । ਜੇ ਅਕਾਲੀਆਂ ਨਾਲ ਕੋਈ ਵਿਤਕਰਾ ਹੱਲ ਨਹੀਂ ਹੁੰਦਾ, ਪੰਜਾਬ ਦੇ ਕਿਰਤੀਆਂ ਲਈ ਨਵਾਂ ਮੁਹਾਜ ਖੋਲ੍ਹ ਲਵੇ । ਅਮਲ ਕੋਈ ਹੋਵੇ ਨਾ, ਨਿਜੀ ਨੁਕਤਾਚੀਨੀ ਨੂੰ ਲੋਕ ਕੀ ਸਮਝਣ ? ਪੰਜਾਬੀ ਕਿਸਾਨ ਮੋਰਚਾ ਹੀ ਨਹੀਂ ਲੜ ਰਿਹਾ, ਵੱਖ-ਵੱਖ ਰਾਜਸੀ ਪਾਰਟੀਆਂ ਦਾ ਇਮਾਨ ਤੇ ਵਫ਼ਾ ਵੀ ਪਰਖ ਰਿਹਾ ਹੈ ।

ਅਕਾਲੀ ਭਾਈਆਂ ਵਿਚ ਫੁਟ ਦੀਆਂ ਖਬਰਾਂ ਦਾ ਧੂੰਆਂ ਵੀ ਉਡਦਾ ਰਹਿੰਦਾ ਹੈ । ਦੁਸ਼ਮਣ ਦਾ ਵੱਡਾ ਹਥਿਆਰ ਹੀ ਫੁੱਟ ਹੁੰਦਾ ਹੈ । ਏਕਾ ਮਜ਼ਬੂਤ ਰਿਹਾ, ਪੰਜਾਬ ਨੂੰ ਸਭ ਕੁਝ ਮਿਲੇਗਾ । ਪਾਟ ਗਏ, ਸਤਿਆਨਾਸ । ਦੂਜੇ ਬੰਨੇ ਤਾਰੀਖ਼ ਆਪਣਾ ਪੰਜਾ ਤਵੇ ਦੇ ਪੁਠੇ ਪਾਸੇ ਲਈ ਤਿਆਰ ਬੈਠੀ ਹੈ । ਪੰਜਾਬ ਦੇ ਹਿੱਤਾਂ ਨਾਲ ਗਦਾਰੀ ਕਰਨ ਵਾਲੇ ਅੰਬੀ, ਜੈ ਚੰਦ ਤੇ ਡੋਗਰਿਆਂ ਵਾਲੀ ਕਤਾਰ ਵਿਚ ਖਲੋਣਗੇ । ਪੰਜਾਬ ਦਾ ਕਿਰਤੀ ਵਰਗ ਉਹਨਾਂ ਨੂੰ ਕਦੇ ਮੁਆਫ਼ ਨਹੀਂ ਕਰੇਗਾ, ਭਾਵੇਂ ਉਹ ਕਿੰਨੇ ਧਰਮੱਗ ਹੋਣ ।

ਅੰਦਰੂਨੀ ਖੁਦ ਮੁਖਤਾਰੀ ਤੋਂ ਉਰੇ ਕੀਤਾ ਕੋਈ ਵੀ ਸਮਝੌਤਾ ਪੰਜਾਬ ਦੇ ਲੋਕਾਂ ਨੂੰ ਪ੍ਰਵਾਨ ਨਹੀਂ ਹੋਵੇਗਾ, ਸਗੋਂ ਇਕ ਨਵੇਂ ਮੋਰਚੇ ਦਾ ਰਾਹ ਖੋਲ੍ਹੇਗਾ । ਗਲਤ ਸਮਝੌਤਾ ਕਰਕੇ ਲੀਡਰ ਆਪਣੀ ਪਾਰਟੀ ਤੇ ਲੋਕਾਂ ਨੂੰ ਮੂੰਹ ਨਹੀਂ ਵਿਖਾ ਸਕਣਗੇ, ਜਿਹਨਾਂ ਮੋਰਚੇ ਵਿਚ ਤਨ, ਮਨ ਤੇ ਧਨ ਨਾਲ ਹੀ ਨਹੀਂ, ਲਹੂ ਦੇ ਕੇ ਵੀ ਕੁਰਬਾਨੀ ਕੀਤੀ ਹੈ । ਹੁਣ ਲੋਹਾ ਗਰਮ ਹੈ, ਹੁਣੇ ਹੋਰ ਸੱਟਾਂ ਲਾਈਆਂ ਜਾਣ । ਅਜਿਹੇ ਮੋਰਚੇ ਨਿੱਤ ਨਿੱਤ ਨਹੀਂ ਵਿੱਢੇ ਜਾ ਸਕਦੇ, ਨਾਅਰਾ ਹੀ ਇਹ ਹੋਣਾ ਚਾਹੀਦਾ ਹੈ । ਪੰਜਾਬ ਮਜ਼ਬੂਤ, ਸੈਂਟਰ ਮਜ਼ਬੂਤ । ਦੇਸ਼ ਆਜ਼ਾਦ, ਪੰਜਾਬ ਆਜ਼ਾਦ ।

ਰੋਜ਼ਾਨਾ ਅਜੀਤ 21-11-83

ਪੰਜਾਬ ਦਾ ਅਮਨ
(ਖ਼ਾਸ ਕਰਕੇ ਹਿੰਦੂਆਂ ਨੂੰ ਸੰਬੋਧਤ)

ਅਮਨ, ਆਰਥਿਕ ਤੇ ਸਭਿਆਚਾਰਕ ਪੱਖਾਂ ਤੋਂ ਕੌਮ ਤੇ ਦੇਸ਼ ਦੀ ਤਰੱਕੀ ਦਾ ਜ਼ਾਮਨ ਹੁੰਦਾ ਹੈ । ਘਰ ਵਿਚ ਗਰੀਬੀ ਆਵੇ, ਭਾਂਡੇ ਠਹਿਕਣ ਲਗ ਜਾਂਦੇ ਹਨ ਤੇ ਭਰਾ ਅੱਡ ਹੁੰਦੇ ਹਨ । ਵੱਡਾ ਛੋਟੇ ਨਾਲ ਧੱਕੇ ਤੇ ਬੇਇਨਸਾਫੀ ਕਰੇ, ਛੋਟੇ ਦੇ ਮਨ ਵਿਚ ਪ੍ਰਤੀਕਰਮ ਤੇ ਵਿਦਰੋਹ ਕੁਦਰਤੀ ਜਾਗਦੇ ਹਨ, ਜਿਵੇਂ ਭਾਰਤ ਵਿਚ ਅਛੂਤਾਂ ਨੂੰ ਭਰਾ ਤਾਂ ਕਿਤੇ ਬਰਾਬਰ ਦੇ ਵੀ ਨਹੀਂ ਸਮਝਿਆ ਗਿਆ । ਵੱਖ ਵੱਖ ਧਰਮ ਵੀ ਟਕਰਾ ਵਿਚ ਆ ਜਾਂਦੇ ਰਹੇ ਹਨ । ਅਮਨ ਭੰਗ ਕਰਨ ਦੇ ਚਾਰ ਵੱਡੇ ਕਾਰਨ ਆਰਥਿਕ ਤੰਗੀ, ਤਕੜੇ ਦਾ ਮਾੜੇ ਨੂੰ ਨਿਆਂ ਨਾ ਦੇਣਾ, ਭਰਾ ਨੂੰ ਭਰਾ ਨਾ ਸਮਝਣਾ ਤੇ ਧਰਮ ਦੀ ਵਿਖਮਤਾ, ਹਰ ਕੌਮ ਤੇ ਦੇਸ਼ ਉੱਤੇ ਤਕਰੀਬਨ ਸਮਾਨ ਢੁਕਦੇ ਰਹੇ ਹਨ । ਵੱਖ ਵੱਖ ਧਰਮਾਂ ਦਾ ਲੜਨਾ ਬੁਨਿਆਦੀ ਕਾਰਨ ਨਹੀਂ । ਇਨ੍ਹਾਂ ਵਿਚ ਸੁਮੇਲ ਸਾਰਥਿਕਤਾ ਵੀ ਰਹੀ ਹੈ ।

ਪੰਜਾਬ ਦਾ ਅਮਨ ਪਹਿਲੀ ਵਾਰ ਨਹੀਂ ਟੁੱਟਾ । ਇਤਿਹਾਸ ਨੂੰ ਫੋਲੀਏ ਤਾਂ ਹਕੀਕਤ ਸਾਹਮਣੇ ਆਉਂਦੀ ਹੈ । ਜਦੋਂ ਵੀ ਦਿੱਲੀ ਦੇ ਹੁਕਮਰਾਨਾਂ ਪੰਜਾਬ ਨਾਲ ਧੱਕਾ ਕੀਤਾ, ਜਬਰ ਜ਼ੁਲਮ ਤੇ ਆਰਥਿਕ ਲੁੱਟ ਚਾੜ੍ਹੀ ਉਦੋਂ ਹੀ ਉਸ ਬਗਾਵਤ ਕੀਤੀ ਤੇ ਬਾਹਰਲੇ ਹਮਲਾਵਰਾਂ ਨੂੰ ਹਿੰਦ ਉੱਤੇ ਚੜ੍ਹਾਈ ਦਾ ਸੱਦਾ ਦਿੱਤਾ । ਪੰਜਾਬ ਦੇ ਸੂਬੇਦਾਰਾਂ ਨੂੰ ਦਿੱਲੀ ਬੁਲਾ ਕੇ ਭਰੇ ਦਰਬਾਰ ਉਨ੍ਹਾਂ ਦੀ ਹੇਠੀ ਕੀਤੀ ਤੇ ਮੁੜ ਕਤਲ ਕਰ ਦਿੱਤੇ ਗਏ । ਇਉਂ ਪੰਜਾਬ ਦਵੱਲੀ ਮਾਰ ਵਿਚ ਉਜੜਦਾ ਤੇ ਤਬਾਹ ਹੁੰਦਾ ਰਿਹਾ। ਪਰ ਪੰਜਾਬ ਦੀ ਮਿੱਟੀ ਅਕਸੀਰ-ਤਾਸੀਰ ਰੱਖਦੀ ਹੈ। ਬੜੀ ਛੇਤੀ ਜ਼ਿੰਦਗੀ ਦੇ ਗੌਰਵ ਵਿਚ ਉੱਠ ਖਲੋਂਦੀ ਰਹੀ । ਉੱਥਲ ਪੁੱਥਲ ਦੇ

ਖੰਡਰਾਂ ਉੱਤੇ ਮੁੜ ਸਭਿਅਤਾ ਦੀ ਅਟਾਰੀ ਖੜੀ ਕਰ ਲੈਂਦੇ। ਅੱਜ ਪੰਜਾਬ ਇਨ੍ਹਾਂ ਕਾਰਨਾਂ ਤੇ ਤੱਥਾਂ ਦੀ ਲਪੇਟ ਵਿਚ ਆਇਆ, ਫਿਰ ਲਹੂ ਲੁਹਾਣ ਸੰਕਟ ਵਿਚੋਂ ਗੁਜਰ ਰਿਹਾ ਹੈ। ਜਾਨ ਮਾਲ ਦੀ ਤਬਾਹੀ ਨੂੰ ਮੋੜਿਆ ਨਹੀਂ ਜਾ ਸਕਦਾ। ਪਰ ਮਾਰੂ ਸ਼ਕਤੀਆਂ ਦੇ ਮੁਕਾਬਲੇ ਉਸਾਰੂ ਸ਼ਕਤੀਆਂ ਨੂੰ ਉਭਾਰਿਆ ਜਾ ਸਕਦਾ ਹੈ। ਇਸ ਹੰਭਲੇ ਦੀ ਪੰਜਾਬ ਨੂੰ ਫੌਰੀ ਤੇ ਬੁਨਿਆਦੀ ਲੋੜ ਹੈ।

ਅਮਨ ਨੂੰ ਕਾਇਮ ਕਰੇ ਬਿਨਾਂ ਉਸਾਰੂ ਤਾਕਤਾਂ ਨੂੰ ਜੋੜਿਆ ਨਹੀਂ ਜਾ ਸਕਦਾ ਤੇ ਪੰਜਾਬ ਦਾ ਅਮਨ ਹਿੰਦੂ ਭਰਾਵਾਂ ਦੀ ਈਮਾਨਦਾਰ ਨੀਅਤ ਉੱਤੇ ਆਧਾਰ ਰੱਖਦਾ ਹੈ। ਤਾਰੀਖ਼ ਪੱਖੋਂ ਸਿੱਖ ਲੀਡਰਾਂ ਵੀ ਗ਼ਲਤੀਆਂ ਕੀਤੀਆਂ ਹਨ। ਪਰ ਉਹ ਹਿੰਦੂ ਆਗੂਆਂ ਵਰਗੀਆਂ ਬੁਨਿਆਦੀ ਨਹੀਂ। ਅਮਨ ਨੂੰ ਲੰਬੇ ਸਮੇਂ ਲਈ ਸਥਾਪਤ ਕਰਨ ਵਾਸਤੇ ਅਸਾਂ ਗਲਤ ਨੂੰ ਨਫੀ ਕਰਨਾ ਹੈ। ਤੇ ਸਹੀ ਨੂੰ ਅਮਲ ਲਿਆਉਣਾ ਹੈ। ਨਿਰਣਾ ਇਮਾਨਦਾਰੀ ਨਾਲ ਹੋਣਾ ਚਾਹੀਦਾ ਹੈ। ਅਮਨ ਭੰਗ ਕਰਨ ਦੇ ਚਾਰ ਕਾਰਨਾਂ ਵਿਚੋਂ ਪਹਿਲੋਂ ਧਰਮ ਨੂੰ ਹੀ ਲੈਂਦੇ ਹਾਂ। ਹਾਲਾਂਕਿ ਧਰਮ ਆਪੇ ਵਿਚ ਸ਼ਾਂਤੀ ਦਾ ਪੁੰਜ ਹੈ। ਪਰ ਖ਼ੁਦਗਰਜ਼ ਲੀਡਰਾਂ ਇਹਦੀ ਆੜ ਵਿਚ ਨਵੇਂ ਨਵੇਂ ਸਿਆਪੇ ਛੇੜ ਕੇ ਅੱਗ ਧੁੱਖਦੀ ਕਰ ਰੱਖੀ ਹੈ।

ਹਿੰਦੂ ਵਦੇਕ ਧਰਮ ਸਦੀਆਂ ਪੁਰਾਣਾ ਹੈ। ਸਰਗੁਣ ਤੇ ਨਿਰਗੁਣ ਬ੍ਰਹਮ ਨੂੰ ਮੰਨਣ ਦੇ ਨਾਲ ਨਾਲ ਹਿੰਦੂ ਹਜ਼ਾਰਾਂ ਦੇਵੀ ਦੇਵਤਿਆਂ ਦੀ ਵੀ ਪੂਜਾ ਕਰਦੇ ਹਨ। ਪਰ ਸਿੱਖ ਧਰਮ ੧ਓ ਅਥਵਾ ਇਕ ਰੱਬ ਤੇ ਵਿਸ਼ਵਾਸ਼ ਰੱਖਦਾ ਹੈ। ਸਿੱਖ ਧਰਮ ਨੂੰ ਇਕ ਗੁਰੂ ਨੇ ਨਹੀਂ, ਦਸ ਪਾਤਸ਼ਾਹੀਆਂ ਨੇ ਪੁਰਾਣੇ ਸਭ ਮਤਾਂ ਦੇ ਅਧਿਅਨ ਪਿੱਛੋਂ ਮਨੁੱਖਤਾ ਦੀ ਸੇਵਾ ਤੇ ਉਸਰ ਲਈ ਸਾਜਿਆ। ਗੁਰੂ ਗੋਬਿੰਦ ਸਿੰਘ ਨੇ 'ਕਿਸ਼ਨ ਬਿਸ਼ਨ ਕਬਹੂ ਨਾ ਧਿਆਊਂ' ਲਿਖਕੇ ਸਿੱਖ ਧਰਮ ਨੂੰ ਹਿੰਦੂ ਧਰਮ ਤੋਂ ਨਿਆਰਾ ਕਰ ਦਿਤਾ। ਗੁਰੂ ਅਮਰਦਾਸ ਨੇ ਸੰਗਤ, ਪੰਗਤ ਤੇ ਸਾਂਝੇ ਲੰਗਰ ਦੀ ਪ੍ਰਥਾ ਚਲਾਈ। 'ਏਕ ਨੂਰ ਤੇ ਸਭ ਜੱਗ ਉਪਜਿਆ' ਦਾ ਸਿੱਖ ਸਿਧਾਂਤ, ਸਾਰੀ ਮਨੁੱਖਤਾ ਨੂੰ ਬਰਾਬਰ ਦਾ ਭਾਈਚਾਰਾ ਸਮਝਦਾ ਹੈ। ਪਰ ਮਨੂ ਸਿਮਰਤੀ ਮਨੁੱਖਤਾ ਨੂੰ ਚਾਰ ਵਰਨਾਂ ਵਿੱਚ ਵੰਡ ਕੇ ਉੱਚੇ ਨੀਵੇਂ ਦਾ ਅਜੋੜ ਖੜਾ ਕਰਦੀ ਹੈ। ਭਾਵੇਂ ਓਦੋਂ ਕੰਮ ਵੰਡ ਨੂੰ ਮੁੱਖ ਰੱਖਿਆ ਗਿਆ ਸੀ, ਪਰ ਇਹਦੇ ਖਤਰਨਾਕ ਸਿੱਟਿਆਂ ਬਾਰੇ ਕਿਸੇ ਵੀ ਨਾ ਸੋਚਿਆ। ਬੁੱਧ ਭਗਵਾਨ ਨੇ ਮਨੁੱਖੀ ਏਕਤਾ ਨੂੰ ਅੱਗੇ ਲਿਆਂਦਾ : ਪਰ ਬ੍ਰਾਹਮਣਵਾਦ ਨੇ ਬੁੱਧ ਧਰਮ ਹੀ ਭਾਰਤ ਵਿਚੋਂ ਉਖਾੜ ਸੁੱਟਿਆ।

ਉਚੇ ਨੀਵੇਂ ਦਾ ਭੇਦ ਭਾਵ ਤੇ ਅਜੋੜ ਨੂੰ ਹਕੀਕਤ ਵਿਚ ਵੇਖ ਕੇ ਅੰਗਰੇਜ਼

ਸਾਮਰਾਜ ਨੇ ਧਰਮ ਰਾਹੀਂ ਪਾੜ ਪਾਉਣ ਦੀ ਨੀਤੀ ਅਪਣਾ ਲਈ । ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਇਸਲਾਮ ਹਿੰਦੂ ਤੇ ਸਿੱਖ ਧਰਮ ਆਪਸ ਵਿਚ ਘਿਉ ਖਿਚੜੀ ਸਨ । ਸਭ ਤੋਂ ਪਹਿਲਾਂ ਇਸਾਈ ਮਿਸ਼ਨਰੀਆਂ ਦੱਬੇ ਕੁਚਲੇ ਲੋਕਾਂ ਨੂੰ ਬਰਾਬਰ ਦੇ ਇਸਾਈ ਭਰਾ ਬਣਾਉਣਾ ਸ਼ੁਰੂ ਕਰ ਦਿੱਤਾ । ਨੀਵੀਆਂ ਜਾਤਾਂ ਬ੍ਰਾਹਮਣਾਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਗੀਆਂ । ਇਸ ਧਰਮ ਬਦਲੀ ਨੂੰ ਵੇਖਦਿਆਂ ਹਿੰਦੂਆਂ ਮੁਸਲਮਾਨਾਂ ਤੇ ਸਿੱਖਾਂ ਨੂੰ ਫਿਕਰ ਪੈ ਗਿਆ । ਸਾਰਿਆਂ ਆਪਣੇ ਧਰਮਾਂ ਦੀ ਰਾਖੀ ਲਈ ਆਰੀਆ ਸਮਾਜ, ਜਮਾਏ-ਤੇ-ਇਸਲਾਮੀ ਤੇ ਸਿੰਘ ਸਭਾ ਸੰਸਥਾਵਾਂ ਖੜੀਆਂ ਕਰ ਲਈਆਂ । ਦਿਆਨੰਦ ਸੀ ਤਾਂ ਗੁਜਰਾਤੀ, ਪਰ ਉਸ ਆਰੀਆ ਸਮਾਜ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਵੇਦਾਂ ਦੀ ਧਰਤੀ ਪੰਜਾਬ ਨੂੰ ਆਪਣਾ ਅੱਡਾ ਬਣਾਇਆ । ਹਿੰਦੂ ਭਰਾ ਖਿਮਾਂ ਕਰਨਗੇ, ਜੇ ਮੈਂ ਆਖਾਂ 'ਸਤਿਆਰਥ ਪ੍ਰਕਾਸ਼' ਵਿਚ ਦਿਆ ਨੰਦ ਗੁਰੂਆਂ ਤੇ ਪੈਗੰਬਰਾਂ ਬਾਰੇ ਹੋਛੀ ਵਾਲੇ ਸ਼ਬਦ ਨਾ ਲਿਖਦਾ; ਵਿਰੋਧ ਦੀ ਅੱਗ ਪੰਜਾਬ ਵਿਚ ਐਨੀ ਕਦੇ ਨਾ ਭੜਕਦੀ ਭਾਵੇਂ ਸਾਂਝਾ ਦੁਸ਼ਮਣ ਅੰਗਰੇਜ਼ ਆਪਣੀ ਕਿੰਨੀ ਵਾਹ ਲਾ ਲੈਂਦਾ । ਅਸੀਂ ਤਿੰਨੇ ਹੁਣ ਤੱਕ ਇਕ ਰਹੇ ਸਾਂ । ਇਸ ਭੜਕੀ ਵਿਚੋਂ ਹੀ 'ਰੰਗੀਲਾ ਮੁਹੰਮਦ' ਕਿਤਾਬ ਲਿਖੀ ਗਈ ਤੇ ਲਾਹੌਰ ਵਿਚ ਸ਼ਰਧਾ ਨੰਦ ਦਾ ਕਤਲ ਇਕ ਮੁਸਲਮਾਨ ਹੱਥੋਂ ਹੋਇਆ । ਦਿਆ ਨੰਦ ਨੇ 'ਗੁਰੂ ਗ੍ਰੰਥ ਸਾਹਿਬ' ਨੂੰ ਕੇਵਲ ਵੇਦਾਂ ਦੀ ਵਿਆਖਿਆ ਅਤੇ ਗੁਰੂ ਨਾਨਕ ਨੂੰ ਅਨਪੜ੍ਹ ਆਖਿਆ । ਇਉਂ ਗੁਰੂ ਗ੍ਰੰਥ ਸਾਹਿਬ ਨੂੰ ਹਿੰਦੂ ਗ੍ਰੰਥ ਤੇ ਸਿੱਖਾਂ ਨੂੰ ਜੈਨੀਆਂ ਬੋਧੀਆਂ ਵਾਂਗ ਹਿੰਦੂ ਧਰਮ ਦਾ ਹੀ ਇਕ ਫਿਰਕਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ । ਸਿੱਖ ਧਰਮ ਭਾਵੇਂ ਹਿੰਦੂ ਕੱਚੀ-ਧਾਤ ਵਿਚੋਂ ਹੀ ਅਸਪਾਤ ਨਿਕਲਿਆ ਹੈ, ਪਰ ਉਸ ਵਿਚ ਗੁਣਾਤਮਕ ਪੱਖੋਂ ਸਿਫਤੀ ਤਬਦੀਲੀ ਆ ਗਈ ਸੀ । ਦੇਖਿਆ ਜਾਵੇ ਤਾਂ ਹਿੰਦੋਸਤਾਨ ਦਾ ਪਚਾਨਵੇਂ ਫੀਸਦੀ ਮੁਸਲਮਾਨ ਹਿੰਦੂਆਂ ਵਿਚੋਂ ਹੀ ਆਇਆ ਹੈ । ਪਰ ਅੱਜ ਚਰਨ ਸਿੰਘ ਵਰਗੇ ਲੀਡਰ ਸਿੱਖਾਂ ਨੂੰ ਹੀ ਹਿੰਦੂ ਆਖ ਰਹੇ ਹਨ । ਸਿੰਘ ਸਭਾ ਵਲੋਂ ਭਾਈ ਕਾਹਨ ਸਿੰਘ ਨਾਭਾ ਨੇ ਲਿਖ ਕੇ ਸਪਸ਼ਟ ਕਰ ਦਿੱਤਾ ਸੀ ਕਿ 'ਹਮ ਹਿੰਦੂ ਨਹੀਂ' । ਧਰਮ ਪੱਖੋਂ ਖਿਆਲਾਂ ਦਾ ਵਿਰੋਧ ਫਿਰਕੂ ਦੰਗਿਆਂ ਵਿਚ ਬਦਲ ਗਿਆ, ਜਿਸ ਦੇਸ਼ ਨੂੰ ਪਾੜ ਕੇ ਹਿੰਦੁਸਤਾਨ ਤੇ ਪਾਕਿਸਤਾਨ ਬਣਾ ਦਿੱਤਾ । ਮਿਡਲ ਈਸਟ ਵਿਚ ਕਿੰਨੀਆਂ ਹੀ ਸਲੀਬੀ ਜੰਗਾਂ ਧਰਮ ਦੇ ਨਾਂ ਤੇ ਲੜੀਆਂ ਗਈਆਂ ।

ਕੋਈ ਮੰਨੇ, ਭਾਵੇਂ ਨਾ ਮੰਨੇ, ਅਜ਼ਾਦੀ ਅੱਸੀ ਫੀਸਦੀ ਸਿੱਖਾਂ ਦੇ ਸੂਲੀ ਚੜ੍ਹੇ ਸਿਰਾਂ ਅਤੇ ਉਮਰ ਕੈਦਾਂ ਦਾ ਵਰਦਾਨ ਹੈ । ਇਤਿਹਾਸ ਇਸਦੀ ਪੁਸ਼ਟੀ ਕਰਦਾ

ਹੈ। ਕਿਉਂਕਿ ਸਿੱਖ ਜਬਰ-ਜ਼ੁਲਮ ਦੇ ਵਿਰੁੱਧ ਇਨਕਲਾਬ ਕਰ ਚੁੱਕੇ ਸਨ। ਭਗਤੀ ਤੇ ਸ਼ਕਤੀ ਦੋਹਾਂ ਬਰਕਤਾਂ ਦੇ ਧਾਰਨੀ ਸਨ। ਉਨ੍ਹਾਂ ਪਿਛਾਂਹ ਭੌਂ ਕੇ ਨਹੀਂ ਤਕਿਆ, ਸਿੱਧੇ ਫਾਂਸੀਆਂ ਨੂੰ ਗਏ। ਮਹਾਤਮਾ ਗਾਂਧੀ ਦਾ, ਸਤਿ ਅਹਿੰਸਾ ਦਾ ਅਸੂਲ ਦੁਨੀਆਂ ਜਾਣਦੀ ਹੈ। ਸਿੱਖਾਂ ਦੀਆਂ ਕੁਰਬਾਨੀਆਂ ਸਾਹਮਣੇ ਧਰਿਆ ਧਰਾਇਆ ਰਹਿ ਜਾਣਾ ਸੀ। ਰਾਜਨੀਤੀ ਦੇ ਪਲੂਖੇ ਦੇਖੋ, ਅਜ਼ਾਦ ਹੋ ਜਾਣ ਪਿੱਛੋਂ ਇਸ ਸ਼ਕਤੀਸ਼ਾਲੀ ਕੌਮ ਨੂੰ ਖੇਰੂੰ ਖੇਰੂੰ ਕਰਨ ਤੇ ਮੁੜ ਹਿੰਦੂਆਂ ਵਿਚ ਮਿਲਾ ਲੈਣ ਦੇ ਮਸ਼ਵਰੇ ਕੀਤੇ ਜਾਣ ਲਗੇ। ਮਹਾਤਮਾ ਗਾਂਧੀ ਤੇ ਜਵਾਹਰ ਲਾਲ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਮੁੱਖ ਰਖਦਿਆਂ, ਦਿੱਤੇ ਵਾਅਦਿਆਂ ਤੋਂ ਮੁੱਕਰ ਗਏ। ਸਿੱਖਾਂ ਵਿਚੋਂ ਨਿਕਲੇ ਨਿਰੰਕਾਰੀਆਂ ਵਰਗੇ ਫਿਰਕਿਆਂ ਦੀ ਪਿੱਠ ਠੋਕਣੀ ਸ਼ੁਰੂ ਕਰ ਦਿੱਤੀ। ਜਵਾਹਰ ਲਾਲ ਤੇ ਪਟੇਲ ਦੀ ਸੋਚ ਸੀ; ਜਦੋਂ ਵੀ ਰਾਜ ਨੂੰ ਖਤਰਾ ਹੋਇਆ, ਪੰਜਾਬ ਵਲੋਂ ਹੋਵੇਗਾ। ਉਹਨਾਂ ਸਾਹਮਣੇ ਇਤਿਹਾਸ ਗਵਾਹੀ ਭਰਦਾ ਸੀ। ਪਰ ਸਿੱਖਾਂ ਨੇ ਇਸ ਦੇ ਉਲਟ, ਹਰ ਬਾਹਰਲੇ ਹਮਲੇ ਵਿਚ ਦੇਸ਼ ਨਾਲ ਵਫ਼ਾਦਾਰੀ ਤੇ ਸਿਦਕ ਨਿਭਾਇਆ। ਸਭ ਤੋਂ ਪਹਿਲਾਂ ਪਟਿਆਲਾ ਸਿੱਖ ਰਜਮੈਂਟ ਨੇ ਕਬਾਇਲੀ ਹਮਲੇ ਨੂੰ ਠਲ੍ਹ ਪਾਈ ਤੇ ਕਸ਼ਮੀਰ ਹੱਥੋਂ ਜਾਂਦਾ ਜਾਂਦਾ ਬਚਾ ਲਿਆ। 1962 ਈ: ਵਿਚ ਨੇਫਾ ਦੀ ਸਰਹੱਦ ਉਤੇ ਸਿੱਖ ਤਾਂ ਲੜਦੇ ਮਰਦੇ ਰਹੇ, ਬਾਕੀ ਸਭ ਨੱਠ ਗਏ। ਨਹਿਰੂ ਖਾਨਦਾਨ ਦਾ ਵਫ਼ਦਾਰ ਚਹੇਤਾ ਕੌਲ ਜਲਾਬ ਲੈ ਕੇ ਹਸਪਤਾਲ ਆ ਪਿਆ ਸੀ। 1965 ਵਿਚ ਪੈਟਨ ਟੈਂਕਾਂ ਦੇ ਤਬਾਹਕੁੰਨ ਹਮਲੇ ਨੂੰ ਜਨਰਲ ਹਰਬਖਸ਼ ਸਿੰਘ ਨੇ ਖੇਮਕਰਨ ਸੈਕਟਰ ਵਿਚ ਸਿੱਖ ਨੌਜਵਾਨਾਂ ਦੀਆਂ ਭਾਰੀ ਕੁਰਬਾਨੀਆਂ ਨਾਲ ਰੋਕਿਆ। ਇਸ ਹਮਲੇ ਸਮੇਂ ਅਮਰੀਕੀ ਜੰਗੀ ਮਾਹਰ ਆਪਣੇ ਪੈਟਨ ਟੈਂਕ ਦੀ ਮਜ਼ਬੂਤੀ ਪਿਛਾਂਹ ਰਹਿ ਕੇ ਤਾੜ ਰਹੇ ਸਨ। ਪਰ ਸਿੱਖ ਨੌਜਵਾਨ ਅਫ਼ਸਰਾਂ ਆਪਣੀਆਂ ਛਾਤੀਆਂ ਨਾਲ ਬੰਬ ਬੰਨ੍ਹ, ਟੈਂਕਾਂ ਹੇਠ ਪੈ ਪੈ, ਪੈਟਨਾਂ ਦਾ ਖੇਮਕਰਨ ਵਿਚ ਕਬਰਸਤਾਨ ਬਣਾ ਧਰਿਆ। ਹਿੰਦ ਸਰਕਾਰ ਦੇ ਮਾਣ ਆਦਰ ਵਾਲੇ ਮਰਹੱਠੇ ਤੇ ਮਦਰਾਸੀ ਮਾਝੇ ਦੇ ਕਮਾਦਾਂ ਵਿਚ ਨੀਕਰਾਂ ਤੇ ਬੰਦੂਕਾਂ ਸੁੱਟ ਕੇ ਮੋਰਚੇ ਤੋਂ ਭੱਜ ਆਏ ਸਨ। ਇਹ ਗੱਲਾਂ ਭੀ ਸਾਹਮਣੇ ਆ ਰਹੀਆਂ ਸਨ ਕਿ ਪੈਟਨ ਟੈਂਕਾਂ ਤੋਂ ਬਚਾ ਲਈ ਬਿਆਸ ਦਰਿਆ ਤੱਕ ਪੰਜਾਬ ਖਾਲੀ ਕਰਨਾ ਸੋਚ ਲਿਆ ਸੀ। ਪਰ ਪੌਂਡੂ ਤੇ ਫੌਜੀ ਸਿੱਖ ਗੱਭਰੂਆਂ ਮਰ ਕੇ ਹਿੰਦੁਸਤਾਨ ਦੀ ਰੱਖ ਵਖਾਈ। 1971 ਵਿਚ ਜਨਰਲ ਸੁਬੇਗ ਸਿੰਘ ਨੇ ਮੁਕਤੀ ਬਾਹਿਨੀ ਨੂੰ ਟਰੇਂਡ ਕੀਤਾ ਅਤੇ ਜਨਰਲ ਜਗਜੀਤ ਸਿੰਘ ਅਰੋੜਾ ਨੇ ਤਰਾਨਵੇਂ ਹਜ਼ਾਰ ਪਾਕੀ ਫੌਜੀਆਂ ਤੋਂ ਹਥਿਆਰ ਸੁਟਵਾ ਲਏ। ਵੇਰਵਾ ਇਸ ਲਈ ਦਿੱਤਾ ਹੈ ਕਿ ਇਸ ਲੜਾਕੂ ਕੌਮ ਅਥਵਾ

ਦੇਸ਼ ਦੀ ਬਚਾਊ ਸ਼ਕਤੀ ਨੂੰ ਫਿਰ ਵੀ ਖੋਰਨ ਦੀਆਂ ਸਕੀਮਾਂ ਜਾਰੀ ਰਹੀਆਂ। ਚਾਹੀਦਾ ਸਨਮਾਨ ਸੀ, ਪਰ ਮਿਲਿਆ ਅਪਮਾਨ । ਮਰੇ ਕੋਈ ਕੁਰਬਾਨੀ ਦਾ ਫਲ ਕੋਈ ਖਾਵੇ । ਮੋਰਚੇ ਖਾਲੀ ਕਰ ਆਏ ਮਦਰਾਸੀ ਤੇ ਮਰਹੱਟੇ ਫੌਜੀਆਂ ਨੂੰ ਕੋਈ ਸਜ਼ਾ ਨਹੀਂ ਦਿੱਤੀ, ਪਰ ਹਰਿਮੰਦਰ ਸਾਹਿਬ ਦੇ ਹਮਲੇ ਸਮੇਂ ਧਾਰਮਿਕ ਜਜ਼ਬੇ ਅਧੀਨ ਬੈਰਕਾਂ ਛੱਡ ਆਏ ਸਿੱਖ ਫੌਜੀਆਂ ਨੂੰ ਕੋਰਟ ਮਾਰਸ਼ਲ ਰਾਹੀਂ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ । ਇਹ ਕੀ ਨਿਆਂ ਦੀ ਇਕ ਵੰਨਗੀ ਹੈ ।

ਇਹ ਇਕ ਹੋਰ ਗੁੱਝਾ ਹਮਲਾ । ਕਾਂਗਰਸ ਸਮਝਦੀ ਸੀ ਕਿ ਸ਼੍ਰੋ: ਗੁ: ਪ੍ਰ: ਕਮੇਟੀ ਉਤੇ ਕਬਜ਼ਾ ਕਰ ਲਿਆ ਜਾਵੇ, ਸਿੱਖਾਂ ਦਾ ਧਾਰਮਿਕ ਪੱਖੋਂ ਲੱਕ ਟੁੱਟ ਜਾਵੇਗਾ । ਏਸੇ ਲਈ ਸਾਧ ਸੰਗਤ ਬੋਰਡ ਬਣਾ ਕੇ, ਅੰਨ੍ਹਾ ਪੈਸਾ ਖਰਚ ਕੇ, ਤਿੰਨ ਵਾਰ ਸ਼੍ਰੋ: ਗੁ: ਪ੍ਰ: ਕਮੇਟੀ ਦੀ ਚੋਣ ਜਿੱਤਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਵਿਚ ਪ੍ਰਤਾਪ ਸਿੰਘ ਕੈਰੋਂ ਬਰਾਬਰ ਦਾ ਭਾਗੀਦਾਰ ਸੀ । ਸਿੱਖ ਆਪਣੇ ਸਿਦਕ ਕਾਰਨ ਹੀ ਇਸ ਇਮਤਿਹਾਨ ਵਿਚੋਂ ਸੁਰਖਰੂ ਹੋ ਕੇ ਨਿਕਲੇ ।

ਦੂਜਾ ਆਰਥਕ ਧੱਕਾ ਪਾਣੀ ਤੇ ਬਿਜਲੀ ਨੂੰ ਪਿਆ । ਤੇਲ ਗੈਸ ਤੇ ਕੋਲਾ ਨਾ ਹੋਣ ਕਾਰਨ, ਪੰਜਾਬ ਵਿਚ ਪੈਦਾਵਾਰ ਦੇ ਸਾਧਨ ਬਿਜਲੀ ਪਾਣੀ ਹੀ ਰਹਿ ਜਾਂਦੇ ਹਨ । ਦਰਿਆ ਪੰਜਾਬ ਦੇ, ਮੁਫ਼ਤ ਵੰਡ ਦਿੱਤੇ ਹਰਿਆਣਾ, ਰਾਜਸਥਾਨ ਤੇ ਦਿੱਲੀ ਵਿਚ । ਪਾਣੀ ਵਾਲੀ ਸਸਤੀ ਬਿਜਲੀ ਦੀਆਂ ਸੈਂਟਰ ਨੇ ਮਨ ਮਰਜ਼ੀ ਨਾਲ ਵੰਡੀਆਂ ਪਾ ਦਿੱਤੀਆਂ । ਰਾਜਸਥਾਨ ਨੇ ਕਲੇਮ ਕੀਤਾ ਮੈਨੂੰ ਨਰਬਦਾ ਨਦੀ ਵਿਚੋਂ ਪਾਣੀ ਮਿਲਣਾ ਚਾਹੀਦਾ ਹੈ, ਪਰ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਨਰਬਦਾ ਤੁਹਾਡੀ ਹੱਦ ਵਿਚੋਂ ਨਹੀਂ ਗੁਜ਼ਰਦੀ ਤੁਹਾਨੂੰ ਪਾਣੀ ਕਾਹਦਾ ? ਹੁਣ ਉਸੇ ਸੁਪਰੀਮ ਕੋਰਟ ਤੇ ਸੈਂਟਰ ਸਰਕਾਰ ਨੂੰ ਕੋਈ ਪੁਛੇ, ਹਰਿਆਣੇ, ਰਾਜਸਥਾਨ ਨੂੰ ਪਾਣੀ ਕਾਹਦਾ ? ਜਦ ਸਤਲੁਜ, ਬਿਆਸ ਤੇ ਰਾਵੀ ਉਨ੍ਹਾਂ ਦੀਆਂ ਹੱਦਾਂ ਤੋਂ ਸੈਂਕੜੇ ਮੀਲ ਦੂਰ ਪੰਜਾਬ ਵਿਚ ਲਗਦੇ ਹਨ । ਹੁਣ ਤੱਕ ਮੁਫ਼ਤ ਗਏ ਪਾਣੀ ਦਾ ਘੱਟ ਤੋਂ ਘੱਟ ਮੁੱਲ ਲਾਇਆ ਜਾਵੇ ਤਾਂ ਦਸ ਦਸ ਚੰਡੀਗੜ੍ਹ ਨਵੇਂ ਉਸਾਰੇ ਜਾ ਸਕਦੇ ਹਨ । ਪੰਜਾਬ ਨੂੰ ਦੇ ਦਿੱਤਾ ਬਠਿੰਡਾ ਥਰਮਲ ਪਲਾਂਟ, ਸਫੈਦ ਹਾਥੀ। ਬਿਹਾਰ ਤੋਂ ਕੋਲਾ ਆਵੇ ਤਾਂ ਚਲੇ । ਇਉਂ ਪੰਜਾਬ ਦਾ ਸਿਰ ਕੋਲੇ ਦੀ ਲੋੜ ਕਾਰਨ ਸੈਂਟਰ ਦੇ ਮੋਢੇ ਹੇਠ ਹਮੇਸ਼ਾਂ ਲਈ ਆ ਗਿਆ। ਇੰਡਸਟਰੀ ਸੈਂਟਰ ਸਰਕਾਰ ਨੇ ਹੁਣ ਤੱਕ ਪੰਜਾਬ ਨੂੰ ਦਿੱਤੀ ਕੋਈ ਨਹੀਂ । ਇਉਂ ਆਰਥਿਕ ਮੰਦਵਾੜਿਆਂ ਦਾ ਰਾਹ ਖੁਲ੍ਹ ਗਿਆ । ਪੜ੍ਹਿਆ ਲਿਖਿਆ ਨੌਜਵਾਨ ਤਬਕਾ ਵੀ ਬੇਰੁਜ਼ਗਾਰੀ ਕਾਰਨ ਆਪ ਹੁਦਰਾ ਹੋ ਤੁਰਿਆ । ਆਰਥਿਕ ਤੰਗੀ ਤੇ ਲਾਲਚ ਮਨੁੱਖ ਨੂੰ ਧਰਮ

ਛੱਡਣ ਲਈ ਤਿਆਰ ਕਰਦੇ ਹਨ । ਸਿੱਖ ਅਫ਼ਸਰਾਂ ਵਿਚ ਮੂੰਹ ਸਿਰ ਮੁਨਾਉਣ ਦਾ ਆਮ ਰਿਵਾਜ ਹੋ ਗਿਆ । ਧਰਮ ਦੇ ਵਿਸ਼ਵਾਸ ਤੋਂ ਡਿੱਗਾ ਮਨੁੱਖ ਕਮਜ਼ੋਰ ਹੀ ਕਮਜ਼ੋਰ ਹੁੰਦਾ ਹੈ । ਸਿੱਖ ਕੌਮ ਜੋ ਅੱਜ ਤੱਕ ਸਬੂਤੀ ਖਲੋਤੀ ਰਹੀ ਹੈ ਤਾਂ ਸਿਰਫ ਆਪਣੇ ਸਿਦਕ ਤੇ ਕਰੜੀ ਮਿਹਨਤ ਦੇ ਆਸਰੇ । ਵਰਨਾ ਇਹ ਥਾਂ ਥਾਂ ਖਿਲਰੀ ਕੌਮ ਕਦੋਂ ਦੀ ਖੁਰ ਚੁੱਕੀ ਹੁੰਦੀ । ਸਿਦਕ ਮਿਹਨਤ ਨੂੰ ਤਾਕਤ ਦਿੰਦਾ ਹੈ । ਮਿਹਨਤ ਆਰਥਕਤਾ ਨੂੰ ਮਜ਼ਬੂਤ ਕਰਦੀ ਹੈ ਤੇ ਨਰੋਈ ਆਰਥਿਕਤਾ ਬੁਨਿਆਦੀ ਤੌਰ ਤੇ ਕਿਸੇ ਕੌਮ ਦੇ ਪੈਰ ਸਥਿਰ ਕਰਦੀ ਹੈ।

ਅਗਲਾ ਕਾਰਨ ਭਾਸ਼ਾ ਤੇ ਸਭਿਆਚਾਰ ਦਾ ਹੈ । ਜੇ ਹਿੰਦੂ ਲੀਡਰ ਪੰਜਾਬੀ ਜ਼ਬਾਨ ਦਾ ਵਿਰੋਧ ਨਾ ਕਰਦੇ, ਸ਼ਾਇਦ ਸਿੱਖਾਂ ਨੂੰ ਪੰਜਾਬੀ ਸੂਬਾ ਲੈਣ ਦੀ ਲੋੜ ਨਾ ਪੈਂਦੀ । ਆਮ ਹਿੰਦੂ ਜਨਤਾ ਦਾ ਇਸ ਵਿਚ ਕੋਈ ਦੋਸ਼ ਨਹੀਂ । ਜਨ ਸੰਘ (ਅੱਜ ਦੀ ਭਾਰਤੀ ਜਨਤਾ ਪਾਰਟੀ) ਵਲੋਂ ਹਿੰਦੀ ਹਿੰਦੂ ਹਿੰਦੋਸਤਾਨ ਦੇ ਨਾਅਰੇ ਲਾਏ ਗਏ । ਰਾਸ਼ਟ੍ਰੀਅਮ ਸਵੈਮ ਸੇਵਕ ਸੰਘ ਨੇ ਆਪੇ ਨੂੰ ਫਾਸਿਸਟ ਤਾਕਤ ਦੇ ਰੂਪ ਵਿੱਚ ਅੱਗੇ ਲਿਆਂਦਾ । 1951 ਦੀ ਮਰਦਮ ਸ਼ੁਮਾਰੀ ਸਮੇਂ ਸਭ ਤੋਂ ਪਹਿਲਾਂ ਲਾਲਾ ਜਗਤ ਨਰਾਇਣ ਨੇ ਪੰਜਾਬ ਕਾਂਗਰਸ ਦਾ ਜਨਰਲ ਸੈਕਟਰੀ ਹੁੰਦਿਆਂ ਸਰਕੂਲਰ ਕੱਢਿਆ ਕਿ ਪੰਜਾਬ ਦੇ ਹਿੰਦੂ ਤੇ ਹਰੀਜਨ ਆਪਣੀ ਜ਼ਬਾਨ ਹਿੰਦੀ ਲਿਖਵਾਉਣ । ਇਸ ਗੱਲ ਨਾਲ ਭੋਲੇ ਭਾਲੇ ਸਿੱਖਾਂ ਦੀਆਂ ਅੱਖਾਂ ਤੋਂ ਪੱਟੀ ਲਹਿ ਗਈ ਕਿ ਹਿੰਦੂ ਕਾਂਗਰਸੀ ਕਿੰਨੇ ਕੁ ਕੌਮ ਪ੍ਰਸਤ ਹਨ । ਮਹਾਸ਼ਿਆਂ ਪੂਰਾ ਟਿੱਲ ਲਾਇਆ ਕਿ ਪੰਜਾਬ ਹਿੰਦੂ ਸੂਬਾ ਬਣ ਜਾਵੇ, ਤੇ ਇਹ ਜਤਨ ਅੱਜ ਤੱਕ ਲਗਾਤਾਰ ਜਾਰੀ ਹਨ । ਇਹਨਾਂ ਇਰਾਦਿਆਂ ਨੂੰ ਨੰਗੇ ਹੋਏ ਵੇਖ ਕੇ ਸਿੱਖ ਸੂਬੇ ਦੀ ਮੰਗ ਅੱਗੇ ਆਈ । ਜਿਹੜੀ ਪੰਜਾਬੀ ਸੂਬੇ ਦੀ ਸ਼ਕਲ ਵਿਚ ਸਾਕਾਰ ਹੋਈ। ਹਿੰਦੀ ਰਖਸ਼ਾ ਸੰਮਤੀ ਬਣਾ ਕੇ ਜਲੂਸ ਕੱਢੇ ਗਏ । ਬੰਦੇ ਮਰਵਾ ਕੇ ਆਪ ਮਹਾਸ਼ੇ ਲੀਡਰ ਸਹੀ ਸਲਾਮਤ ਘਰ ਆ ਗਏ । ਸਿੱਖਾਂ ਹਿੰਦੀ ਨੂੰ ਬਿਨਾਂ ਕਿਸੇ ਸ਼ਰਤ ਦੇਸ਼ ਦੀ ਰਾਸ਼ਟਰ ਭਾਸ਼ਾ ਮੰਨ ਲਿਆ । ਪਰ ਹਿੰਦੀ ਨੂੰ ਹਾਲੇ ਵੀ ਖਤਰਾ ਸੀ। ਕੀਹਤੋਂ ? ਇਸ ਦਾ ਜਵਾਬ ਕੋਈ ਨਹੀਂ । ਹੁਣ ਫਿਰਕੂ ਬਾਂਦਰ ਪੰਜਾਬ ਦੇ ਵਿਹੜੇ ਖੁਲ੍ਹਾ ਫਿਰ ਰਿਹਾ ਸੀ ।

ਭਰਾਵਾਂ ਨਾਲ ਧੱਕਾ, ਉਨ੍ਹਾਂ ਨੂੰ ਨੀਵੇਂ ਸਮਝਣਾ ਅੱਜ ਦਾ ਨਹੀਂ ਮੰਨੂੰ ਵੇਲੇ ਤੋਂ ਤੁਰਿਆ ਆ ਰਿਹਾ ਹੈ । ਇਕ ਰੱਬ ਨੂੰ ਮੰਨਣ ਵਾਲਿਆਂ, ਸਾਰੀ ਇਨਸਾਨੀਅਤ ਨੂੰ ਇਕ ਨੂਰ ਦੀ ਉਪਜ ਦੱਸਣ ਵਾਲਿਆਂ, ਸਾਬਤ ਕਰ ਦਿੱਤਾ ਹੈ ਕਿ ਕਾਲੇ ਗੋਰੇ ਤੇ ਬ੍ਰਾਹਮਣ ਹਰੀਜਨ ਦਾ ਭੇਦ ਭਾਵ ਰੱਖਣ ਵਾਲਾ ਸਿਧਾਂਤ ਗ਼ਲਤ ਹੈ।

ਪੁਆੜਿਆਂ ਦੀ ਜੜ੍ਹ ਹੈ । ਸਾਇੰਸ ਦੇ ਚਾਨਣ ਵਿਚ ਐਨਾ ਧੱਕਾ ਨਹੀਂ ਚਲ ਸਕਦਾ । ਏਸੇ ਲਈ ਇਹਦੇ ਵਿਰੁੱਧ ਵਿਦਰੋਹ ਸੰਸਾਰ ਪੱਧਰ ਤੇ ਉਠ ਪਏ ਹਨ। ਫਿਰਕਿਆਂ ਵਿਚ, ਭੇਦ ਭਾਵ ਰੱਖਣ ਵਾਲਾ ਸਿਧਾਂਤ ਦੇਸ਼ ਨੂੰ ਟੁਕੜਿਆਂ ਵਿਚ ਹੀ ਵੰਡੇਗਾ । ਹਰੀਜਨ ਤੇ ਬ੍ਰਾਹਮਣ ਦੇ ਵਿਰੋਧ ਦੀ ਲੜਾਈ ਹਾਲੇ ਛਿੜਨੀ ਬਾਕੀ ਹੈ । ਦੇਸ਼ ਨੂੰ ਬਰਾਬਰਤਾ ਦਾ ਸਿਧਾਂਤ ਹੀ ਇਕ ਰੱਖ ਸਕਦਾ ਹੈ । ਇਤਿਹਾਸ ਵਾਰ ਵਾਰ ਚਿਤਾਵਨੀਆਂ ਦੇ ਚੁੱਕਾ ਹੈ ।

ਮੈਂ ਪੰਜਾਬੀ ਵਿਰੋਧੀ ਹਿੰਦੂ ਭਾਈਆਂ ਨੂੰ ਪੁਛਦਾ ਹਾਂ, ਸਿੱਖ ਕਿੱਥੇ ਗਲਤ ਸਨ? ਸਿੱਖ ਲੀਡਰਾਂ ਦੇਸ਼ ਨੂੰ ਇਕ ਰੱਖਣ ਲਈ ਦੇਸ਼ ਭਗਤੀ ਦਾ ਸਬੂਤ ਦਿੱਤਾ । ਪਰ ਉਹਨਾਂ ਦੇ ਮੁਕਾਬਲੇ ਕਾਂਗਰਸੀ ਲੀਡਰਾਂ ਦੇਸ਼ ਨੂੰ ਪਾੜ ਕੇ ਸਤਿਆਨਾਸ ਪੁੱਟ ਦਿੱਤਾ । ਸਿੱਖਾਂ ਜ਼ੁੰਮੇਦਾਰ ਲੀਡਰਾਂ ਦੇ ਵਾਅਦਿਆਂ ਅਨੁਸਾਰ ਦੇਸ਼ ਵਿਚ ਅਜਿਹੇ ਖਿੱਤੇ ਦੀ ਮੰਗ ਕੀਤੀ ਜਿੱਥੇ ਆਪਣੀ ਹੋਂਦ (ਧਰਮ, ਜ਼ਬਾਨ, ਕਲਚਰ ਤੇ ਰਵਾਇਤਾਂ ਆਦਿ) ਨੂੰ ਕਾਇਮ ਰੱਖ ਸਕਣ । ਮੁਕਰਿਆ ਕੌਣ ? ਆਪਣੀ ਮਾਂ ਬੋਲੀ ਤੇ ਪੰਜਾਬੀ ਹੋਂਦ ਤੋਂ ਕੀਹਨੇ ਇਨਕਾਰ ਕੀਤਾ ? ਪੰਜਾਬੀ ਸੂਬਾ ਬਣਿਆ ਤਾਂ ਇਸ ਨੂੰ ਵੱਧ ਤੋਂ ਵੱਧ ਸੂਬੀ ਬਣਾਉਣ ਲਈ ਹੋਮ ਮਨਿਸਟਰ ਨੰਦੇ ਕੋਲ ਕੌਣ ਭੱਜਾ-ਭੱਜਾ ਦਿੱਲੀ ਗਿਆ ? ਪਾਣੀ ਬਿਜਲੀ ਦਾ ਝਗੜਾ ਵਧਿਆ, ਕਾਂਗਰਸੀਆਂ ਖੁੱਲ੍ਹੇ ਆਮ ਬਿਆਨ ਦਾਗੇ ਕਿ ਰਾਜਸਥਾਨ ਤੇ ਹਰਿਆਣੇ ਨੂੰ ਪਾਣੀ ਜਾਣਾ ਚਾਹੀਦਾ ਹੈ । ਪੰਜਾਬ ਤੇਲ ਗੈਸ ਤੇ ਕੋਲਾ ਮੁੱਲ ਲੈਂਦਾ ਹੈ ਪਰ ਪੰਜਾਬ ਦਾ ਪਾਣੀ ਮੁਫ਼ਤ ਲੁਟਾਇਆ ਜਾ ਰਿਹਾ ਹੈ । ਇਹ ਧੱਕਾ ਇਸ ਲਈ ਹੋ ਰਿਹਾ ਹੈ ਕਿ ਹਿੰਦੂ ਲੀਡਰ ਪੰਜਾਬ ਦੇ ਨਹੀਂ, ਹਰਿਆਣੇ ਤੇ ਰਾਜਸਥਾਨ ਦੇ ਸੱਕੇ ਸੋਦਰੇ ਹਨ । ਉਨ੍ਹਾਂ ਦੀ ਨੀਅਤ, ਅਮਲ ਤੇ ਵਕਾਲਤ ਹੀ ਇਹ ਕੁਝ ਸਾਬਤ ਕਰਦੀ ਹੈ । ਮੈਂ ਹਿੰਦੂ ਭਾਈਆਂ ਨੂੰ ਪੁਛਦਾ ਹਾਂ, ਇਹ ਪੰਜਾਬ ਤੁਹਾਡਾ ਨਹੀਂ ? ਇਹ ਪੈਦਾਵਾਰੀ ਸਾਧਨ ਤੁਹਾਨੂੰ ਰੋਟੀ ਕਪੜਾ ਨਹੀਂ ਦਿੰਦੇ ? ਜਿਸ ਥਾਲੀ ਵਿਚ ਖਾਂਦੇ ਹੋ ਉਸੇ ਵਿਚ ਛੇਕ ਕਿਉਂ ਕਰਦੇ ਹੋ ? ਤੁਸੀਂ ਕਿਹੜੀ ਗੱਲੋਂ ਪੰਜਾਬ ਦੀ ਦੌਲਤ ਦੋਹੀਂ ਹੱਥੀਂ ਲੁਟਾ ਰਹੇ ਹੋ ? ਇਸ ਨੂੰ ਨਾ ਸ਼ੁਕਰਗੁਜ਼ਾਰੀ ਆਖਿਆ ਜਾਵੇ ਜਾਂ ਗਦਾਰੀ ?. ਸਿੱਖ ਪੰਜਾਬ ਵਿਚ ਵਾਹੀਕਾਰ ਹੈ ਤੇ ਹਿੰਦੂ ਭਰਾ ਵਿਉਪਾਰੀ । ਇਹਦਾ ਇਹ ਮਤਲਬ ਨਹੀਂ ਕਿ ਹਿੰਦੂ ਵਾਹੀ ਨਹੀਂ ਕਰਦੇ ਤੇ ਸਿੱਖ ਵਪਾਰ ਨਹੀਂ ਚਲਾਉਂਦੇ । ਪਰ ਗੱਲ ਕਰਦਿਆਂ ਸਮੁੱਚਤਾ ਨੂੰ ਮੁੱਖ ਰਖਿਆ ਜਾਂਦਾ ਹੈ । ਕੀ ਹਿੰਦੂ ਭਰਾ ਦੱਸਣਗੇ; ਉਹਨਾਂ ਨੂੰ ਪੰਜਾਬ ਨਾਲੋਂ ਅਮੀਰ ਮੰਡੀ ਭਾਰਤ ਵਿਚ ਹੋਰ ਕਿਧਰੇ ਮਿਲੇਗੀ ? ਫਿਰ ਤੁਸੀਂ ਆਪਣਾ ਅਸਾਸਾ ਪੰਜਾਬ ਤੋਂ ਬਾਹਰ ਕਿਉਂ ਕੱਢ ਰਹੇ ਹੋ ? ਤੁਸੀਂ

ਇਹ ਪਾੜ ਵਧਾ ਰਹੇ ਹੋ ਜਾਂ ਸੀਮਿੰਟ ਪਾ ਰਹੇ ਓ ? ਘੱਟ ਗਿਣਤੀ ਆਪਣੇ ਬਚਾਅ ਲਈ ਮਰਨ ਮਾਰਨ ਤੱਕ ਜਾ ਸਕਦੀ ਹੈ ਤੇ ਇਹ ਕੁਦਰਤੀ ਵੀ ਹੈ। ਘੱਟ ਗਿਣਤੀ ਦੇ ਖਦਸ਼ੇ ਦੂਰ ਕਰਨ ਲਈ ਬਹੁ ਗਿਣਤੀ ਨੂੰ ਪਹਿਲ ਕਰਨੀ ਹੀ ਪਵੇਗੀ । ਸਿੱਖਾਂ ਨੂੰ ਬਾਹਾਂ 'ਚ ਲੈਣ ਲਈ ਹਿੰਦੂਆਂ ਨੂੰ ਬਾਹਾਂ ਅੱਡਣੀਆਂ ਹੀ ਪੈਣਗੀਆਂ । ਜੇ ਅਮਨ ਕਾਇਮ ਕਰਨਾ ਏ ਤਾਂ ਦੇਸ਼ ਨੂੰ ਇਕ ਰੱਖਣ ਲਈ ਹਿੰਦੂਆਂ ਨੂੰ ਦਰਿਆਦਿਲੀ ਵਖਾਉਣੀ ਪਵੇਗੀ । ਦੋਹਾਂ ਧਿਰਾਂ ਨੂੰ ਸੱਕੇ ਭਰਾਵਾਂ ਵਾਂਗ ਰਹਿਣਾ ਹੋਵੇਗਾ ।

ਫਿਰਕੂ ਲੀਡਰ ਐਨੀਆਂ ਲਹੂ ਡੋਲਵੀਆਂ ਕੁਰਬਾਨੀਆਂ ਨੂੰ ਸਾਹਮਣੇ ਰੱਖਦਿਆਂ ਇਹ ਗਲਤ ਖਿਆਲ ਦਿਲ ਦਿਮਾਗ ਵਿਚੋਂ ਕੱਢ ਦੇਣ ਕਿ ਉਹ ਸਿੱਖਾਂ ਵਰਗੀ ਕੁਰਬਾਨੀ ਦੀ ਪੁੰਜ ਤੇ ਸ਼ਕਤੀਸ਼ਾਲੀ ਕੌਮ ਨੂੰ ਕਦੇ ਹਿੰਦੂ ਬਣਾ ਲੈਣਗੇ । ਹਰੀਜਨ ਆਰਥਿਕ ਪੱਖੋਂ ਕਮਜ਼ੋਰ ਹੋਣ ਕਾਰਨ ਗੁਲਾਮੀ ਦੀ ਜੂਨ ਜ਼ਰੂਰ ਹੰਢਾਉਂਦੇ ਆਏ ਹਨ । ਉਨ੍ਹਾਂ ਨੂੰ ਆਜ਼ਾਦੀ ਦਾ ਸੁੱਖ ਮਾਨਣ ਲਈ ਮੌਕੇ ਮਿਲਣੇ ਚਾਹੀਦੇ ਹਨ। ਇੰਜਣ ਦਾ ਛੋਟੇ ਤੋਂ ਛੋਟਾ ਪੁਰਜ਼ਾ ਵਿਗੜ ਜਾਵੇ, ਸਾਰੀ ਸ਼ਕਤੀ ਨਸ਼ਟ ਹੋ ਜਾਂਦੀ ਹੈ । ਗੰਗਾ ਡਬੋਏ ਨੂੰ ਨਹੀਂ ਵਗੇਗੀ । ਅਸੀਂ ਬੇਨਤੀ ਕਰਦੇ ਹਾਂ ਕਿ ਈਮਾਨਦਾਰ ਤੇ ਮਾਣਯੋਗ ਪੰਜਾਬੀ ਜ਼ਰੂਰ ਬਣੋ । ਪੰਜਾਬੀ ਨੂੰ ਆਪਣੀ ਸਕੀ ਮਾਂ ਸਮਝੋ । ਇਓਂ ਖੰਡ ਖੀਰ ਹੋਇਆ ਜਾ ਸਕਦਾ ਹੈ ਤੇ ਪੰਜਾਬੀਅਤ ਭਾਰਤ ਦੀ ਨਰੋਈ ਕੜੀ ਬਣ ਸਕਦੀ ਹੈ । ਫਿਰ ਪੰਜਾਬ ਦੀ ਚਟਾਨ ਵਿਚ ਕੋਈ ਦਰਾੜ ਨਹੀਂ ਪਾ ਸਕਦਾ, ਪਿਆਰ ਨਾਲ ਸਿੱਖਾਂ ਦਾ ਸਿਰ ਵੱਢ ਲਵੋ, ਹਸ ਕੇ ਵੱਢਾ ਲੈਣਗੇ। ਇਹਨਾਂ ਤੁਹਾਡੀ ਖਾਤਰ ਬੰਦ ਬੰਦ ਕਟਵਾਏ ਐ । ਉਹ ਵੀ ਦਿਨ ਸਨ, ਜਦ ਹਿੰਦੂ ਪਰਿਵਾਰ ਦਾ ਪਹਿਲਾ ਮੁੰਡਾ ਫ਼ਖਰ ਨਾਲ ਸਿੱਖ ਬਣਦਾ ਸੀ । ਪਰ ਅੱਜ ਇਉਂ ਮਹਿਸੂਸ ਹੁੰਦਾ ਏ, ਨੈਂ ਲੰਘੀ ਤੇ ਖੁਆਜਾ ਵਿਸਰਿਆ । ਸਿੱਖਾਂ ਤੋਂ ਕੁਰਬਾਨੀਆਂ ਕਰਵਾ ਕੇ ਦੇਸ਼ ਆਜ਼ਾਦ ਕਰਵਾ ਲਿਆ, ਹੁਣ ਇਹ ਖਾਣ ਧੱਕੇ, ਪਰ ਸਾਡਾ ਖਵਾਜ਼ਾ ਇਤਿਹਾਸ ਐ । ਤੁਸੀਂ ਨਤੀਂਗਾ ਚੇਤੇ ਨਾ ਰੱਖੋ, ਪਰ ਅਸੀਂ ਆਪਣੇ ਸ਼ਹੀਦ ਪੁਰਖਿਆਂ ਨੂੰ ਕਿਵੇਂ ਭੁੱਲ ਸਕਦੇ ਆਂ । ਸਾਨੂੰ ਦੋਹਾਂ ਨੂੰ ਬਾਹਰੋਂ ਕੋਈ ਨਹੀਂ ਲੜਾਂਦਾ। ਆਪਣੀ ਆਪਣੀ ਬੁੱਕਲ ਵਿਚ ਮੂੰਹ ਪਾਉਣ ਦੀ ਲੋੜ ਹੈ, ਤੁਸੀਂ ਹੋ, ਅਸੀਂ ਹਾਂ ਤੇ ਬਾਕੀ ਸੈਂਟਰ ਸਰਕਾਰ । ਸੈਂਟਰ ਸਰਕਾਰ ਦੇ ਪੰਜਾਬ ਨਾਲ ਕੀਤੇ ਜਾਂਦੇ ਹਰ ਧੱਕੇ ਵਿਰੁੱਧ ਤੁਹਾਨੂੰ ਸਾਡੇ ਨਾਲ ਬਰਾਬਰ ਖਲੋਣਾ ਹੋਵੇਗਾ । ਅਸੀਂ ਦੋਨੋਂ ਲੁੱਟੀਦੇ ਆਂ । ਤੁਸੀਂ ਲੁਟਦੇ ਮਾਲ ਵਿਚੋਂ ਥੋੜ੍ਹੀ ਜਿੰਨੀ ਹਿੱਸਾ ਪੱਤੀ ਲੈ ਕੇ ਸਾਡੇ ਨਾਲ ਗੱਦਾਰੀ ਨਹੀਂ ਕਰ ਸਕਦੇ । ਬਚਾਅ ਤੇ ਰਾਖੀ ਸਾਨੂੰ ਦੋਹਾਂ ਨੂੰ ਰਲ ਕੇ ਕਰਨੀ ਪਵੇਗੀ । ਜੇ ਕੁੱਤੀ ਨੇ ਚੋਰਾਂ ਨਾਲ ਰਲਣਾ ਹੈ, ਫਿਰ ਘਰ ਬਚੇਗਾ ਨਾ ਘਾਟਾ

ਬੁਨਿਆਦੀ ਤੌਰ ਤੇ ਸਿੱਖ ਗਲਤ ਨਹੀਂ, ਤੁਸੀਂ ਬਹੁਤ ਥਾਵਾਂ ਤੋਂ ਉਖੜੇ, ਤੇ ਖੁੰਝੇ ਹੋ । ਪੰਜਾਬੀ ਸੂਬਾ ਛੋਟਾ ਕਰਵਾ ਕੇ ਤੁਸੀਂ ਆਪਣੀ ਮੰਡੀ ਸਕੋੜ ਲਈ । ਸਿੱਖਾਂ ਜੋ ਕੁਝ ਵੀ ਕੀਤਾ ਪ੍ਰਤੀਕਰਮ ਵਿਚ ਆ ਕੇ ਕੀਤਾ । ਪ੍ਰਤੀਕਰਮ ਦੇ ਕਾਰਨ ਜਾਨਣ ਦੀ ਤੁਸੀਂ ਕਦੇ ਲੋੜ ਨਹੀਂ ਸਮਝੀ, ਅੱਗ ਲੱਗੀ ਤੋਂ ਗੁਆਂਢੀ ਨੂੰ ਪਾਣੀ ਪਾਉਣਾ ਚਾਹੀਦਾ ਹੈ, ਨਹੀਂ ਤਾਂ ਵਾਰੀ ਉਸਦੀ ਵੀ ਅਵੱਸ਼ ਆਉਂਦੀ ਹੈ ।

ਪੰਜਾਬ ਵਿਚ ਅਮਨ ਕਾਇਮ ਕਰਨ ਦੀ ਸਾਰੀ ਜ਼ਿੰਮੇਵਾਰੀ ਸਿੱਖਾਂ ਸਿਰ ਹੀ ਨਹੀਂ, ਸਮੁੱਚੇ ਹਿੰਦੂਆਂ ਸਿਰ ਵੀ ਆਉਂਦੀ ਹੈ । ਜੇ ਤੁਹਾਡੇ ਲੀਡਰ ਸਹੀ ਰਾਹ ਤੇ ਨਹੀਂ ਆਉਂਦੇ, ਉਹਨਾਂ ਨੂੰ ਪਾਸੇ ਕਰੋ । ਕੋਈ ਵੀ ਲੀਡਰ ਦੇਸ਼ ਤੋਂ ਵੱਡਾ ਨਹੀਂ ਹੁੰਦਾ । ਸਾਰਥਕ ਰਾਹ ਚੁਣਨਾ ਸਤਿਵਾਦੀ ਤਰਾਵਾਂ ਨੂੰ ਅੱਗੇ ਲਿਆਵੇਗਾ ਸਿੱਖ ਤੁਹਾਡੇ ਪਿਆਰ ਦਾ ਜਵਾਬ ਗਲਵਕੜੀਆਂ ਵਿਚ ਦੇਣਗੇ । ਨਫ਼ਰਤ ਪਿਆਰ ਦਾ ਕਦੇ ਵੀ ਬਦਲ ਨਹੀਂ ਬਣੀ ।

ਸਿੱਖ ਪੰਜਾਬ ਦੀ ਆਰਥਿਕ ਲੁੱਟ ਤੇ ਪੈਦਾਵਾਰ ਦੇ ਸਾਧਨਾਂ ਨੂੰ ਬਚਾਉਣ ਲਈ ਇਕੱਲੇ ਲੜਦੇ ਰਹੇ । ਤੁਹਾਡੇ ਲੀਡਰਾਂ ਤੇ ਪ੍ਰੈਸ ਨੇ ਉਨ੍ਹਾਂ ਦਾ ਡੱਟ ਕੇ ਵਿਰੋਧ ਕੀਤਾ । ਤੁਸੀਂ ਆਪੂੰ ਸਮਝੋ, ਉਹ ਪੰਜਾਬ ਤੇ ਪੰਜਾਬੀਆਂ ਦੇ ਹਿੱਤਾਂ ਨੂੰ ਛੱਡ ਕੇ ਕੀਹਦੀ ਖਿਦਮਤ ਕਰਦੇ ਰਹੇ ? ਸੱਚ ਤੇ ਚਾਨਣ ਤੁਹਾਡੇ ਕਪਾਟ ਖੋਲ੍ਹ ਦੇਵੇਗਾ । ਕਾਂਗਰਸ ਦਾ ਰੋਲ ਹੁਣ ਤੱਕ ਪੰਜਾਬ ਲਈ ਛਾਹੂ ਤੇ ਮਾਰੂ ਰਿਹਾ ਹੈ । ਚਾਹੀਦਾ ਇਹ ਹੈ ਪੰਜਾਬ ਨੂੰ ਬਚਾਉਣ ਤੇ ਆਰਥਿਕ ਪੱਖੋਂ ਤਕੜਾ ਕਰਨ ਲਈ ਇਕ ਸਾਂਝੀ ਜੱਥੇਬੰਦੀ ਬਣਾਈ ਜਾਂਦੀ । ਕਾਂਗਰਸ ਉਸ ਲਈ ਫਿਹਲ ਹੋ ਚੁੱਕੀ ਜਮਾਤ ਹੈ । ਉਸ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਵੱਢਿਆ ਟੁੱਕਿਆ ਗਿਆ । ਪੰਜਾਬ ਦਾ ਅਮਨ ਹਿੰਦੂਆਂ ਦੇ ਮੋਢਿਆਂ ਤੇ ਆ ਪਿਆ ਹੈ। ਤੁਸੀਂ ਪਿਆਰ ਮਿਲਵਰਤਨ ਦੀ ਇਕ ਵੀ ਕਦਮ ਅਗਾਂਹ ਪੁੱਟੋ , ਸਿੱਖ ਚਾਰ ਕਦਮਾਂ ਅੱਗੇ ਆ ਕੇ ਮਿਲਣਗੇ ।

ਤੁਹਾਡੇ ਰਵੱਈਏ ਵਿਚ ਬੁਨਿਆਦੀ ਤਬਦੀਲੀ ਦੀ ਲੋੜ ਹੈ । ਅਸੀਂ ਤੁਸੀਂ ਤਾਰੀਖ ਦੇ ਤਿਲਕਵੇਂ ਮੋੜ ਉੱਤੇ ਖਲੋਤੇ ਆਂ । ਬਾਰੂਦ ਦਾ ਢੇਰ ਸਾਡੇ ਪੈਰਾਂ ਹੇਠਾਂ ਹੈ । ਅਸੀਂ ਇਕ ਹੋ ਕੇ ਇਸ ਬਰੂਦ ਨੂੰ ਆਪਣੇ ਬਚਾਅ ਤੇ ਉਸਾਰੀ ਲਈ ਵਰਤ ਸਕਦੇ ਆਂ । ਜੇ ਇਹ ਹੋਣੀ ਤੁਸਾਂ ਮਹਿਸੂਸ ਨਾ ਕੀਤੀ ਪਹਿਲਾਂ ਕਾਂਗਰਸੀ ਲੀਡਰਾਂ ਪਾਕਿਸਤਾਨ ਬਣਾਇਆ ਸੀ, ਹੁਣ ਉਹੀ ਨਫ਼ਰਤ ਖਾਲਿਸਤਾਨ ਨੂੰ ਨੇੜੇ ਲਿਆ ਰਹੀ ਹੈ, ਇਹਦੇ ਸਿੱਟੇ ਦੋਹਾਂ ਧਿਰਾਂ ਨੂੰ ਭੁਗਤਣੇ ਪੈਣਗੇ । ਇਹ ਇਤਿਹਾਸ ਦਾ ਅਟੱਲ ਫੈਸਲਾ ਹੈ ।

ਪੰਜਾਬ ਦਾ ਅਮਨ ਘੱਟ ਗਿਣਤੀ ਦੇ ਹੱਥਾਂ ਵਿਚ ਨਹੀਂ, ਬਹੁ ਗਿਣਤੀ ਦੇ ਰਵੱਈਏ ਵਿਚ ਲੁੱਕਿਆ ਹੈ ।

ਦੇਸ ਪ੍ਰਦੇਸ

ਸਿੱਖ ਸੋਧ ਪੰਜਾਬੀ ਸੋਧ

ਅੱਜ ਸਿੱਖ ਕੌਮ ਜ਼ਖਮੀ ਸ਼ੇਰ ਵਾਂਗ ਹੁੰਗਾਰ ਰਹੀ ਹੈ । ਦਰਬਾਰ ਸਾਹਿਬ ਉੱਤੇ ਹਮਲੇ ਅਤੇ ਦਿੱਲੀ ਆਦਿ ਸ਼ਹਿਰਾਂ ਦੇ ਕਤਲਾਮ ਨੇ ਸਾਨੂੰ ਅੰਦਰੋਂ ਬਾਹਰੋਂ ਕੱਟ ਵੱਢ ਕੇ ਰੱਖ ਦਿੱਤਾ ਹੈ, ਸਾਡੇ ਸਿਦਕ ਨੂੰ ਲਲਕਾਰਿਆ ਹੈ । ਸਾਨੂੰ ਅਹਿਮਦ ਸ਼ਾਹ ਅਬਦਾਲੀ ਦੇ ਜੁਗ ਦਾ ਅਨੁਭਵ ਕਰਵਾਇਆ ਹੈ । ਜਿਨ੍ਹਾਂ ਲਈ ਅਸੀਂ ਸਾਰੀ ਉਮਰ ਮਰਦੇ ਰਹੇ, ਉਹਨਾਂ ਸਾਨੂੰ ਮਾਰਿਆ, ਜਿਸ ਹਿੰਦੁਸਤਾਨ ਨੂੰ ਸਭ ਤੋਂ ਮੂਹਰੇ ਹੋ ਕੇ ਅਸਾਂ ਅੰਗਰੇਜ਼ ਸਾਮਰਾਜ ਤੋਂ ਆਜ਼ਾਦ ਕਰਵਾਇਆ, ਉਸ ਦੀ ਆਜ਼ਾਦ ਸਰਕਾਰ ਨੇ ਸਾਡਾ ਅਕਾਲ ਤਖ਼ਤ ਢਾਹਿਆ । ਇਹ ਤਾਰੀਖੀ ਅਣਹੋਣੀ ਉਹਨਾਂ ਵਰਤਾਈ ਜਿਨ੍ਹਾਂ ਨੂੰ ਅਸੀਂ ਆਪਣੇ ਆਖਦੇ ਹਾਂ । ਇਨ੍ਹਾਂ ਕਾਰਿਆਂ ਨਾਲ ਸਾਡੀ ਸੋਚ ਬੌਂਦਲ ਗਈ, ਸੁੰਨ ਹੋ ਕੇ ਰਹਿ ਗਈ ਹੈ । ਪਰ ਇਸ ਘੁੰਮਣਘੇਰੀਆਂ ਦੀ ਅਵਸਥਾ ਵਿਚ ਅਸਾਂ ਆਤਮਘਾਤ ਨਹੀਂ ਕਰਨਾ । ਆਪਣੇ ਜ਼ਖਮਾਂ ਦੀ ਲੋਅ ਵਿਚੋਂ ਕੌਮ ਨੂੰ ਸਾਬਤ ਸਬੂਤ ਕਢਣਾ ਤੇ ਚੜ੍ਹਦੀ ਕਲਾ ਵਿਚ ਲਿਆਉਣਾ ਹੈ, ਅਸਾਂ ਸਿੱਖੀ ਦੇ ਮੂਲ ਅਸੂਲਾਂ ਨੂੰ ਨਹੀਂ ਭੁਲ ਜਾਣਾ । ਕੌਮ ਖਤਰਨਾਕ ਦੁਸ਼ਮਣ ਦੇ ਘੇਰੇ ਵਿਚ ਆ ਗਈ ਹੈ । ਹੁਣ ਸਭ ਤੋਂ ਪਹਿਲਾਂ ਕੌਮ ਦੀ ਸਿੰਕੋਬੰਦ ਪੱਕੀ ਸਥਾਪਤੀ, ਫਿਰ ਮਨੁੱਖਤਾ ਦੀ ਸੇਵਾ । ਕਿਉਂਕਿ ਜੇ ਸਿੱਖ ਕੌਮ ਹੀ ਨਾ ਰਹੀ, ਸੇਵਾ ਕੀਹਦੀ ਕਰੇਗੀ । ਸੋ ਅੱਗੋ ਪਿੱਛੋ ਦੀ ਪੁਣਛਾਣ ਜ਼ਰੂਰੀ ਹੈ ।

ਸਿੱਖ ਧਰਮ :

ਪੰਜਾਬ ਪੰਜਾਂ ਦਰਿਆਵਾਂ ਦੀ ਧਰਤੀ ਹੈ । ਜਿਹੜੀ ਪਹਿਲਾਂ ਸਪਤ ਸਿੰਧੂ ਹੁੰਦੀ ਸੀ, ਜਿਥੇ ਆਰੀਆਨਾਂ ਵੇਦਾਂ ਦੀ ਰਚਨਾ ਕੀਤੀ । ਦਰਾਵੜਾਂ ਦੇ ਮੁਕਾਬਲੇ ਨਵੀਂ ਸਭਿਅਤਾ ਨੂੰ ਉਸਾਰਿਆ । ਹੜੱਪਾ ਟੈਕਸਲਾ ਤੇ ਸੰਘੋਲ ਆਦਿ ਥੇਹ ਇਸਦੀ

ਪੁਸ਼ਟੀ ਕਰਦੇ ਹਨ । ਸਕੰਦਰ ਤੋਂ ਲੈ ਕੇ ਹੁਣ ਤੱਕ ਏਥੇ ਰਾਜਸੀ ਕਟਾ ਵੱਢੀ ਹੁੰਦੀ ਰਹੀ ਹੈ । ਸਿੱਖ ਆਰੀਅਨਾਂ ਵਿਚੋਂ ਜੰਗਜੂ ਤਬਕੇ ਦਾ ਨਿਖਰਿਆ ਰੂਪ ਸਨ । ਗੁਰੂ ਨਾਨਕ ਨੇ ਇਕ ਓਂਕਾਰ ਤੇ ਇਕ ਨੂਰ ਤੋਂ ਉਤਪਤੀ ਦੇ ਅਸੂਲਾਂ ਨਾਲ ਸਿੱਖੀ ਨੂੰ ਬੀਜਿਆ ਅਤੇ ਗੁਰੂ ਗੋਬਿੰਦ ਸਿੰਘ ਨੇ ਇਸ ਨੂੰ ਖਾਲਸਈ ਰੂਪ ਨਾਲ ਪ੍ਰਵਾਨ ਚੜ੍ਹਾਇਆ ਤੇ ਬਾਕੀ ਧਰਮਾਂ ਤੋਂ ਵਖਰਾਇਆ । ਗੁਰੂ ਅਰਜਨ ਨੇ ਕੌਮ ਦੀ ਉਸਾਰੀ ਲਈ ਕੁਰਬਾਨੀ ਦੀ ਨੀਂਹ ਰਖੀ ਤੇ ਗੁਰੂ ਹਰਗੋਬਿੰਦ ਨੇ ਸਿਖੀ ਨੂੰ ਭਗਤੀ ਨਾਲ ਸ਼ਕਤੀ ਦੀ ਦਾਤ ਬਖਸ਼ੀ । ਕਿਉਂਕਿ ਨਿਰੀ ਭਗਤੀ ਸਮਰੱਥਾ ਹੁੰਦਿਆਂ ਵੀ ਜ਼ਾਲਮ ਬਾਬਰ ਦੀ ਚੱਕੀ ਪੀਂਹਦੀ ਹੈ । ਗੁਰੂ ਗੋਬਿੰਦ ਸਿੰਘ ਨੇ ਹੱਕ ਸੱਚ ਦੀ ਲੜਾਈ ਵਿਚ ਸਰਬੰਸ ਨਾਲ ਪੁੱਤਰਾਂ ਵਰਗੇ ਹਜ਼ਾਰਾਂ ਸਿੰਘ ਕੁਰਬਾਨ ਕਰ ਦਿੱਤੇ । ਸਿੱਖ ਧਰਮ ਹੱਕ ਸੱਚ ਦਾ ਮਰਜੀਵੜਾ ਧਰਮ ਹੈ । ਇਹ ਮੰਤਰ ਮਾਰ ਕੇ ਪੈਦਾ ਨਹੀਂ ਹੋ ਗਿਆ । ਕਈ ਸਦੀਆਂ ਖੰਡੇ ਤੇ ਲਹੂ ਦੀ ਲਗਾਤਾਰ ਧਾਰ ਨੇ ਸਿਰਜਿਆ ਹੈ । ਸਿੱਖ ਧਰਮ ਮੁਗਲਾਂ ਪਠਾਣਾਂ ਦੇ ਜ਼ੁਲਮਾਂ ਦੇ ਪ੍ਰਤੀਕਰਮ ਵਜੋਂ, ਕੱਟੇ ਵੱਢੇ ਹਿੰਦੂ ਬੂਟੇ ਉਤੇ ਪਿਊਂਦ ਹੋਇਆ। ਜਿਸ ਸਿਫਤੀ ਤਬਦੀਲੀ ਨਾਲ ਨਿਆਰੇ ਰੰਗ ਰੂਪ ਵਿਚ ਵਖਰੇ ਤੌਰ ਤੇ ਧਰਤੀ ਵਿਚ ਆਪਣੀਆਂ ਜੜ੍ਹਾਂ ਲਾਈਆਂ ਤੇ ਹਿੰਦੂ ਧਰਮ ਦੀ ਬੁਕਲ ਵਿਚੋਂ ਛਾਲ ਮਾਰ ਕੇ, ਨਵਾਂ ਇਤਿਹਾਸ ਪੈਦਾ ਕਰਦਿਆਂ ਆਪਣੀ ਵਖਰੀ ਹੋਂਦ ਕਾਇਮ ਕੀਤੀ । ਗੁਰੂ ਗੋਬਿੰਦ ਸਿੰਘ ਨੇ 'ਰਾਜ ਕਰੇਗਾ ਖਾਲਸਾ' ਦਾ ਨਾਅਰਾ ਦਿੱਤਾ । ਬੰਦਾ ਬਹਾਦਰ ਨੇ ਸਿੱਖ ਰਾਜ ਦਾ ਮੁੱਢ ਬੰਨ੍ਹਿਆ, ਉਸ ਦੀ ਸ਼ਹਾਦਤ ਪਿਛੋਂ ਸਿੱਖ ਸ਼ਕਤੀ ਮਿਸਲਾਂ ਵਿਚ ਵੰਡ ਹੋ ਗਈ । ਮਿਸਲਾਂ ਨੂੰ ਇਕ ਰਾਜ ਵਿਚ ਇਕੱਠਾ ਕਰਨ ਦਾ ਸਿਹਰਾ ਰਾਣੀ ਸਦਾ ਕੌਰ ਨੂੰ ਜਾਂਦਾ ਹੈ ਤੇ ਇਉਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੰਸਾਰ ਦੇ ਇਤਿਹਾਸ ਵਿਚ ਸਥਾਪਤ ਹੋਇਆ ।

ਸਿੱਖ ਧਰਮ ਤੇ ਰਾਜਨੀਤੀ ਇਕ ਮੁੱਢ ਦੀਆਂ ਦੋ ਡਾਲਾਂ ਹਨ । ਰਾਜਨੀਤੀ ਨੇ ਲੋਕਾਂ ਦੀ ਸੇਵਾ ਕਰਨੀ ਹੁੰਦੀ ਐ ਤੇ ਸਿੱਖ ਧਰਮ ਪੈਦਾ ਹੀ ਮਜ਼ਲੂਮਾਂ ਦੀ ਰਾਖੀ ਲਈ ਹੋਇਆ ਹੈ । ਪਰ ਅੱਜ ਇਸ ਦੀ ਆਪਣੀ ਹਸਤੀ ਨੂੰ ਖਤਰਾ ਪੈਦਾ ਹੋ ਚੁੱਕਾ ਹੈ । ਹਰ ਤਰ੍ਹਾਂ ਦੇ ਜ਼ੁਲਮ ਤੇ ਅਨਿਆਂ ਵਿਰੁੱਧ ਸਿੱਖ ਧਰਮ ਲੜਦਾ ਮਰਦਾ ਆਇਆ ਹੈ । ਇਹ ਧਰਮ ਸਾਰੇ ਪੁਰਾਣੇ ਧਰਮਾਂ ਦੇ ਅਧਿਐਨ ਪਿਛੋਂ ਮਨੁੱਖਤਾ ਦਾ ਨਿਖਰਿਆ, ਨਿਤਰਿਆ ਰੂਪ ਹੈ । ਚੀਨਾ ਚੀਨਾ ਹੋਏ ਵਿਸ਼ਵਾਸਾਂ ਅਤੇ ਖੰਡ-ਖੰਡ ਹੋਈਆਂ ਸ਼ਕਤੀਆਂ ਨੂੰ ਇਸ ਨੇ ਕੁਰਬਾਨੀ ਦੀ ਜਦੋ ਜਹਿਦ ਨਾਲ ਜੋੜਿਆ । ਉਸ ਸਮੇਂ ਗਰੀਬ ਅਥਵਾ ਸ਼ੂਦਰ, ਅਸਲੋਂ ਕੁਰਲੇ ਪਏ ਸਨ । ਲੁੱਟ

ਚੌਫੇਰੇ, ਪਰ ਦਾਦ ਫਰਿਆਦ ਕਿਤੇ ਨਾ, ਸਭ ਨੇ ਸਿਰਾਂ ਉਤੇ ਅੰਨ੍ਹੇਰੇ ਦੀ ਪੰਡ ਚੁਕੀ ਹੋਈ ਸੀ, ਭਾਈ ਗੁਰਦਾਸ ਦੇ ਆਖਣ ਅਨੁਸਾਰ ਫਿਰ ਬਾਬੇ ਨਾਨਕ ਦੇ ਆਉਣ ਨਾਲ ਘਰ ਘਰ ਚਾਨਣ ਹੋਇਆ । ਸਿੱਖ ਧਰਮ ਸਾਰੀ ਮਨੁੱਖਤਾ ਦਾ ਸਾਂਝੀਵਾਲ ਧਰਮ ਹੈ। ਸਿੱਖ ਧਰਮ ਨੇ ਈਸਾਈ ਧਰਮ ਵਾਂਗ ਯੂਰਪ ਵਿਚ ਗਰੀਬਾਂ ਤੇ ਟੈਕਸ ਨਹੀਂ ਲਾਏ ਤੇ ਨਾ ਹੀ ਲੋਕਾਂ ਨੂੰ ਸਤਾਇਆ ਹੈ, ਸਗੋਂ ਆਪਣੀ ਆਹੂਤੀ ਦੇ ਕੇ ਗਰੀਬ ਲੋਕਾਂ ਨੂੰ ਜ਼ਾਲਮਾਂ ਤੇ ਲੁਟੇਰਿਆਂ ਤੋਂ ਬਚਾਇਆ ਹੈ । ਜੇ ਕਾਰਲ ਮਾਰਕਸ ਪੰਜਾਬ ਵਿਚ ਪੈਦਾ ਹੋਇਆ ਹੁੰਦਾ, ਉਹਦੇ ਵਿਚਾਰ ਜਿਥੇ ਦਿਰਤ ਬਾਰੇ ਦਰੁਸਤ ਹਨ, ਉਥੇ ਧਰਮ ਪ੍ਰਾਇਨ ਵੀ ਹੁੰਦੇ । ਪੰਜਾਬ ਦੇ ਕਮਿਊਨਿਸਟ ਧਰਮ ਤੇ ਆਪਣੇ ਪੁਰਖਿਆਂ ਦੇ ਕੁਰਬਾਨੀਆਂ ਭਰੇ ਇਹਿਤਾਸ ਤੋਂ ਟੁੱਟ ਕੇ ਇਨਕਲਾਬ ਕਰਨਾ ਚਾਹੁੰਦੇ ਹਨ । ਭੇਡ ਚਾਲ ਤੁਰੀ ਗਏ-ਖੁਆਰ ਹੋਈ ਗਏ, ਆਪਣੇ ਸਿਰ ਤੋਂ ਕੰਮ ਨਹੀਂ ਲਿਆ । ਭਗਤੀ ਤੇ ਸ਼ਕਤੀ ਦਾ ਗਾਡੀਰਾਹ ਹੀ ਠੀਕ ਮਾਰਗ ਹੈ । ਆਪਣੇ ਪੁਰਖਿਆਂ ਦੀਆਂ ਪ੍ਰਾਪਤੀਆਂ ਵਾਲਾ ਇਤਿਹਾਸ ਹੀ ਨਵੀਆਂ ਸੇਧਾਂ ਉਲੀਕਦਾ ਹੈ, ਸਿੱਖ ਜਗਤ ਲਈ ਜ਼ਰੂਰੀ ਹੋ ਗਿਆ ਕਿ ਉਹ ਦੁਸ਼ਮਣਾਂ ਦੇ ਵਾਰਾਂ ਤੋਂ ਸਿੱਖ ਧਰਮ ਦੀ ਹੋਂਦ ਨੂੰ ਬਚਾਵੇ ਅਤੇ ਹਮੇਸ਼ਾਂ-ਹਮੇਸ਼ਾਂ ਲਈ ਸਥਾਪਤ ਕਰੇ ।

1947 ਵਿੱਚ ਧੋਖਾ :

ਅੰਗਰੇਜ਼ ਨੇ ਹਿੰਦੋਸਤਾਨ ਛੱਡਣ ਲਗਿਆਂ ਹਿੰਦੂ, ਮੁਸਲਮਾਨ ਤੇ ਸਿੱਖ ਤਿੰਨ ਕੌਮਾਂ ਨੂੰ ਮਾਣਤਾ ਦਿੱਤੀ । ਹਿੰਦੂਆਂ ਦੀ ਕਾਂਗਰਸ, ਮੁਸਲਮਾਨਾਂ ਦੀ ਮੁਸਲਿਮ ਲੀਗ ਤੇ ਸਿੱਖਾਂ ਦੀ ਅਕਾਲੀ ਦਲ ਨੇ ਪ੍ਰਤਿਨਿਧਤਾ ਕੀਤੀ । ਇਹ ਹਕੀਕਤ ਹੈ ਕਿ ਕ੍ਰਿਪਸ ਮਿਸ਼ਨ ਅੱਗੇ ਅਕਾਲੀ ਆਪਣਾ ਕੌਮੀ ਪੱਖ ਢੱਂਗ ਨਾਲ ਪੇਸ਼ ਨਾ ਕਰ ਸਕੇ । ਜਿੰਨਾ ਚਿਰ ਸਰ ਸਕੰਦਰ ਹਿਯਾਤ ਜਿਉਂਦਾ ਰਿਹਾ, ਯੂਨੀਨਿਸਟ ਵਜ਼ਾਰਤ ਨੂੰ ਕੋਈ ਹਲਾ ਨਾ ਸਕਿਆ । ਪਰ ਉਹਦੀ ਮੌਤ ਪਿਛੋਂ ਸਰ ਖਿਜ਼ਰ ਹਿਯਾਤ ਦੀ ਵਜ਼ਾਰਤ ਮੁਸਲਿਮ ਲੀਗ ਦੇ ਸਿਆਪਿਆਂ ਅੱਗੇ ਠਹਿਰ ਨਾ ਸਕੀ ਮੁਸਲਿਮ ਲੀਗ ਦੇ ਮੱਛਰੇ ਮੁੰਡਿਆਂ ਲਾਹੌਰ ਸੈਕਟ੍ਰੀਏਟ ਉਤੇ ਲੀਗ ਦਾ ਹਰਾ ਝੰਡਾ ਚਾੜ੍ਹ ਦਿੱਤਾ । ਮਾਸਟਰ ਤਾਰਾ ਸਿੰਘ ਨੇ ਕ੍ਰਿਪਾਨ ਨਾਲ ਝੰਡਾ ਪਾੜ ਸੁਟਿਆ ਮਹਾਸ਼ਾ ਕ੍ਰਿਸ਼ਨ ਆਦਿ ਨੇ ਆਪਣੇ ਅਖਬਾਰਾਂ ਵਿਚ ਮਾਸਟਰ ਤਾਰਾ ਸਿੰਘ ਦੀਆਂ ਫੁਲ ਸਾਈਜ਼ ਦੀਆਂ ਤਸੀਵਾਰਾਂ ਛਾਪੀਆਂ ਤੇ ਹੇਠਾਂ ਲਿਖਿਆ ਸਾਡਾ ਕੌਮੀ ਹੀਰੋ ਤੇ ਪੰਜਾਬ ਦਾ ਸਾਂਝਾ ਲੀਡਰ । ਪਰ ਜਦ ਦੇਸ਼ ਆਜ਼ਾਦ ਹੋ ਜਾਣ ਪਿਛੋਂ ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬਾ ਮੰਗਿਆ ਉਹਨਾਂ ਅਖਬਾਰਾਂ ਨੇ ਹੀ ਮਾਸਟਰ ਜੀ

ਨੂੰ ਪਹਿਲੇ ਦਰਜੇ ਦਾ ਫਿਰਕਾਪ੍ਰਸਤ ਆਖਣਾ ਸ਼ੁਰੂ ਕਰ ਦਿੱਤਾ । ਇਹਨਾਂ ਆਰੀਆ ਸਮਾਜੀਆਂ ਦੀ ਜ਼ਹਿਨੀਅਤ ਰਹੀ ਐ ਮਿੱਠਾ-ਮਿੱਠਾ ਹੜੱਪ, ਕੌੜਾ ਕੌੜਾ ਥੂਹ ।

ਮੁਸਲਿਮ ਲੀਗ ਨੇ ਪਾਕਿਸਤਾਨ ਦੇ ਹਾਸਲ ਲਈ ਨਕਸ਼ੇ ਪੇਸ਼ ਕੀਤੇ । ਕਾਂਗਰਸ ਨੇ ਹਿੰਦੋਸਤਾਨ ਇਕ ਰੱਖਣ ਦੀ ਵਾਹ ਲਾਹੀ । ਪਰ ਮਿਸਟਰ ਜਿਨਾਹ ਕਾਂਗਰਸ ਨੂੰ ਵਪਾਰੀ ਹਿੰਦੂ ਸਮਝਦਾ ਸੀ ਤੇ ਇਤਬਾਰ ਕਰਨ ਲਈ ਤਿਆਰ ਨਹੀਂ ਸੀ। ਸ਼ਿਮਲੇ ਗੋਲ ਮੇਜ਼ ਕਾਨਫਰੰਸ ਹੋਈ । ਜਿਨਾਹ ਨੇ ਦਲੀਲ ਦਿੱਤੀ । ਚਾਲੀ ਕਰੋੜ ਆਬਾਦੀ ਵਿਚੋਂ ਅਸੀਂ ਦਸ ਕਰੋੜ ਆਂ, ਇਸ ਲਈ ਸਾਡੀ ਜੁਆਨੀ ਵੇਖ ਕਰ ਦੇਵੋ । ਗਾਂਧੀ ਗੁਜਰਾਤੀ ਤੇ ਜਿਨਾਹ ਖੋਜਾ ਸੀ । ਸੱਪ ਨੂੰ ਸੱਪ ਲੜੇ ਵਿਹੁ ਕੀਹਨੂੰ ਚੜ੍ਹੇ । ਗਾਂਧੀ ਨੇ ਮੁਸਕਾ ਕੇ ਮੋੜ ਦਿੱਤਾ, ਅਸੀਂ ਤੈਨੂੰ ਉਮਰ ਭਰ ਲਈ ਦੇਸ਼ ਦਾ ਪ੍ਰਧਾਨ ਬਣਾ ਕੇ ਸਾਰਾ ਰੁਪਈਆ ਈ ਪੇਸ਼ ਕਰਦੇ ਆਂ । ਜਿਨਾਹ ਨੇ ਸਿਰ ਫੇਰ ਦਿੱਤਾ : 'ਮਿਸਟਰ ਗਾਂਧੀ, ਇਹ ਰੁਪਈਆ ਖੋਟਾ ਐ' ਜਿਹੜਾ ਜੁਆਨੀ 'ਚ ਚਲਦਾ ਏ ।' ਗਲ ਸਿਰੇ ਨਾ ਚੜ੍ਹੀ । ਉਦੋਂ ਕੌਮ ਚਲਾਊ ਸਰਕਾਰ ਵਿਚ ਜਵਾਹਰ ਲਾਲ ਪ੍ਰਧਾਨ ਮੰਤਰੀ ਸੀ । ਕਾਂਗਰਸ ਪ੍ਰਧਾਨ ਮੌਲਾਨਾ ਆਜ਼ਾਦ ਨੇ ਮੁਲਕ ਨੂੰ ਇਕ ਰਖਣ ਲਈ ਪੂਰੀ ਪੂਰੀ ਵਾਹ ਲਾਈ ਤੇ ਉਸ ਮਿਸਟਰ ਜਿਨਾਹ ਨੂੰ ਉਮਰ ਭਰ ਲਈ ਦੇਸ਼ ਦਾ ਪ੍ਰਧਾਨ ਬਣਨਾ ਮਨਾ ਲਿਆ । ਪਰ ਹੁਣ ਜਵਾਹਰ ਲਾਲ ਨੇ ਨਾਂਹ ਕਰ ਦਿੱਤੀ । ਆਜ਼ਾਦ ਤੇ ਗਾਂਧੀ ਬੜੇ ਹੈਰਾਨ ਹੋਏ । ਅਸਲ ਵਿਚ ਨਹਿਰੂ ਆਪਣੇ ਜਜ਼ਬਾਤੀ ਸੁਭਾ ਅਨੁਸਾਰ ਜਿਨਾਹ ਹੇਠਾਂ ਪ੍ਰਧਾਨ ਮੰਤਰੀ ਨਹੀਂ ਟਿਕ ਸਕਦਾ ਸੀ । ਜਿਨਾਹ ਦੀ ਲਿਆਕਤ ਔਗੇ ਉਹਦਾ ਕੱਦ ਕਿਤੇ ਛੋਟਾ ਸੀ । ਉਧਰ ਮਿਸਟਰ ਜਿਨਾਹ ਪਾਕਿਸਤਾਨ ਲਈ ਕਾਹਲਾ ਸੀ । ਕਿਉਂਕਿ ਉਸ ਨੂੰ ਕੈਂਸਰ ਸੀ, ਜਿਸ ਦਾ ਉਸ ਦੇ ਬੰਬਈ ਵਾਲੇ ਡਾਕਟਰ ਨੂੰ ਹੀ ਪਤਾ ਸੀ। ਉਹ ਪਾਕਿਸਤਾਨ ਦਾ ਬਾਨੀ ਬਣਿਆ ਚਾਹੁੰਦਾ ਸੀ ।

ਮਿਸਟਰ ਜਿਨਾਹ ਨੇ ਗਿ: ਕਰਤਾਰ ਸਿੰਘ ਲਾਇਲਪੁਰੀ ਨੂੰ ਪਾਕਿਸਤਾਨ ਵਿਚ ਖ਼ੁਦਮੁਖਤਾਰ ਸਟੇਟ ਦੀ ਔਫਰ ਕਰ ਦਿੱਤੀ । ਮੈਂ ਉਦੋਂ ਅੰਮ੍ਰਿਤਸਰ ਵਿਚ ਗਿ: ਕਰਤਾਰ ਸਿੰਘ ਦੇ ਵਿਚਾਰਾਂ ਦਾ ਸਮਰਥਕ ਸਾਂ । ਮੈਂ ਤੇ ਅਮਰ ਸਿੰਘ ਦੋਸਾਂਝ ਨੇ ਸਿੱਖ ਸਟੇਟ ਨਾਂ ਦਾ ਇਕ ਕਿਤਾਬਚਾ ਵੀ ਲਿਖਿਆ । ਮਾਸਟਰ ਤਾਰਾ ਸਿੰਘ ਤੇ ਮਿਸਟਰ ਜਿਨਾਹ ਨੂੰ ਪਟਿਆਲੇ ਇਕੱਠਿਆਂ ਕਰਨ ਦੀ ਸੋਚੀ ਗਈ । ਪਰ ਮਾਸਟਰ ਤਾਰਾ ਸਿੰਘ ਬਿਨਾਂ ਮਿਲੇ ਹੀ ਉਥੋਂ ਤੁਰ ਆਏ । ਨਹਿਰੂ ਨੂੰ ਇਸ ਸਾਜ਼ ਬਾਜ਼ ਦੀ ਭਿਣਕ ਮਿਲੀ ਤਾਂ ਉਸ ਕਲਕੱਤੇ ਤਕਰੀਰ ਕਰ ਮਾਰੀ ਕਿ ਸਿੱਖਾਂ ਨੂੰ ਉੱਤਰੀ ਹਿੰਦੋਸਤਾਨ ਵਿਚ ਅਜਿਹਾ ਖਿੱਤਾ ਦਿੱਤਾ ਜਾਵੇਗਾ, ਜਿਥੇ ਉਹ ਆਪਣੀ

ਅਜ਼ਾਦ ਹਸਤੀ ਕਾਇਮ ਰੱਖ ਸਕਣ-ਆਜ਼ਾਦੀ ਦਾ ਸੁੱਖ ਮਾਣ ਸਕਣ । ਕਿਉਂਕਿ ਆਜ਼ਾਦੀ ਦੀ ਜੰਗ ਵਿਚ ਸਿੱਖਾਂ ਬੇਹੱਦ ਕੁਰਬਾਨੀਆਂ ਦਿੱਤੀਆਂ ਸਨ । ਅਖੀਰ ਜਿਨਾਹ ਨੇ ਗਿਆਨੀ ਕਰਤਾਰ ਸਿੰਘ ਨੂੰ ਆਖਿਆ, 'ਪੰਜਾਹ ਸਾਲ ਬਾਅਦ ਤੁਸੀਂ ਮਹਿਸੂਸ ਕਰੋਗੇ ਕਿ ਗੁਲਾਮ ਆਂ ।' ਵਾਇਸਰਾਏ ਮੌਂਟਬੈਟਨ ਨੇ ਸਿੱਖ ਮਸਲੇ ਬਾਰੇ ਸ੍ਰ. ਬਲਦੇਵ ਸਿੰਘ ਨਾਲ ਗੱਲ ਕਰਨੀ ਚਾਹੀ । ਪਰ ਉਹ ਵਜ਼ੀਰ ਜੰਗ ਬਣ ਕੇ ਨਹਿਰੂ ਦੇ ਢਹੇ ਚੰਗੀ ਤਰ੍ਹਾਂ ਚੜ੍ਹ ਚੁਕੇ ਸੀ । ਪਿਛੋਂ ਦੋਹਾਂ ਲੀਡਰਾਂ ਨੂੰ ਕਿਸੇ ਖੇਰਾਂ ਵੱਟੇ ਵੀ ਨਾ ਪਛਾਣਿਆ । ਸੂਝਵਾਨ ਤੇ ਈਮਾਨਦਾਰ ਲੀਡਰਾਂ ਬਿਨਾਂ 1947 ਦੀ ਦੇਸ਼ ਵੰਡ ਸਿੱਖਾਂ ਨਾਲ ਇਤਿਹਾਸਕ ਧੋਖਾ ਸਾਬਤ ਹੋਈ ।

ਸਿੱਖ ਤੇ ਸੋਸ਼ਲਿਜ਼ਮ

ਮਾਰਕਸ ਦਾ ਵਿਰੋਧ ਵਿਕਾਸੀ ਸਿਧਾਂਤ ਆਰਥਿਕਤਾ ਤੇ ਰਾਜਨੀਤੀ ਨੂੰ ਸ਼ਕਤੀ ਦੇਂਦਾ ਹੈ । ਪਰ ਸਿੱਖ ਸਿਧਾਂਤ ਇਹਨਾਂ ਦੋਹਾਂ ਨਾਲ ਧਰਮ ਨੂੰ ਵੀ ਬਰਾਬਰਤਾਂ ਦੇਂਦਾ ਹੈ । ਸੰਗਤ, ਪੰਗਤ ਤੇ ਸਾਂਝਾ ਲੰਗਰ ਅਤੇ ਸਭੇ ਸਾਂਝੀਵਾਲ ਸਦਾਇਣ ਦੇ ਨੇਮ ਅਸਲ ਵਿਚ ਸੋਸ਼ਲਿਜ਼ਮ ਦੀ ਹੀ ਬੁਨਿਆਦ ਹਨ । ਗੁਰੂ ਗੋਬਿੰਦ ਸਿੰਘ ਦਾ ਪੰਜਾਂ ਪਿਆਰਿਆਂ ਦਾ ਚੇਲਾ ਬਣ ਕੇ ਅੰਮ੍ਰਿਤ ਛੱਕਣਾ, ਇਨ ਹੀ ਕੀ ਕ੍ਰਿਪਾ ਤੇ ਸਜੇ ਹਮ ਹੈਂ, ਨਹੀਂ ਮੋ ਸੇ ਗਰੀਬ ਕਰੋਰ ਪਰੇ' ਆਦਿ ਅਮਲ ਸਾਂਝੀਵਾਲਤਾ ਤੇ ਲੋਕ ਜਮਹੂਰੀਅਤ ਦੇ ਨਿਗਰ ਰੂਪ ਨੂੰ ਅਠਾਰਵੀਂ ਸਦੀ ਵਿਚ ਹੀ ਉਗਾੜ ਚੁਕੇ ਹਨ । ਗੁਰੂ ਗੋਬਿੰਦ ਸਿੰਘ ਦਾ ਕਲਗੀ ਸਜਾਉਣਾ ਤੇ ਗੱਦੀ ਲਾਉਣਾ ਦਿੱਲੀ ਦੇ ਸ਼ਹਿਨਸ਼ਾਹ ਦੇ ਮੁਕਾਬਲੇ ਜ਼ੁਲਮ ਜਬਰ ਹੇਠ ਦਰੜੇ ਕੁਚਲੇ ਆਮ ਲੋਕਾਂ ਨੂੰ ਬਰਾਬਰ ਦੀ ਤਾਕਤ ਦਾ ਅਹਿਸਾਸ ਤੇ ਭਰੋਸਾ ਦੇਣਾ ਸੀ । ਉਨ੍ਹਾਂ ਦੀ ਹਾਲਤ ਵਿਚ ਕੂਚ ਕਰਨਾ ਠੀਕ ਤੇ ਜ਼ਰੂਰੀ ਸੀ । ਚਮਕੌਰ ਦੀ ਗੜ੍ਹੀ ਵਿਚ ਗੁਰੂ ਗੋਬਿੰਦ ਸਿੰਘ ਦਾ ਸੰਗਤ ਦਾ ਹੁਕਮ ਮੰਨਣਾ, ਲੋਕ ਜਮਹੂਰੀਅਤ ਦੇ ਵਿਸ਼ਵਾਸ ਨੂੰ ਪੱਕਿਆਂ ਕਰਦਾ ਹੈ ।

ਸਿੱਖ ਮੁਗਲ ਸਾਮਰਾਜ ਵਿਰੁੱਧ ਇਨਕਲਾਬ ਕਰ ਚੁਕੇ ਹਨ । ਇਹ ਇਨਕਲਾਬ ਫਰਾਂਸ ਦੇ ਇਨਕਲਾਬ ਨਾਲੋਂ ਕਿਤੇ ਪਹਿਲਾਂ ਨੇਪਰੇ ਚੜ੍ਹਿਆ । ਪਰ ਪੈਦਾਵਾਰੀ ਹਾਲਾਤ ਸੰਬੰਧਾਂ ਦੇ ਅਨੁਕੂਲ ਨਾ ਹੋਣ ਕਾਰਨ ਦੋਵੇਂ ਇਨਕਲਾਬ ਮੁੜ ਜਾਗੀਰਦਾਰੀ ਦੀ ਝੋਲੀ ਪੈ ਗਏ । ਹੁਣ ਵੀ ਬਹੁਤ ਸਾਰੇ ਸਿੱਖਾਂ ਨੂੰ ਆਸ ਹੈ, ਸੋਸ਼ਲਿਸਟ ਇਨਕਲਾਬ ਘੱਟ ਗਿਣਤੀ ਕੌਮਾਂ ਦੇ ਆਪਾ ਨਿਰਣੇ ਦੇ ਮਸਲੇ ਹੱਲ ਕਰ ਦੇਵੇਗਾ। ਪਰ ਅਜਿਹਾ ਕਦੇ ਨਹੀਂ ਹੋਵੇਗਾ । ਰੂਸ ਦੀਆਂ ਆਪਣੀਆਂ ਘੱਟ ਗਿਣਤੀ ਕੌਮੀਅਤਾਂ ਦਾ ਨਿਰਪੱਖ ਨਿਰਣਾ ਇਸ ਹਕੀਕਤ ਤੋਂ ਪਰਦਾ ਚੁਕ ਦੇਂਦਾ ਹੈ । ਸਿੱਖ ਭਾਰਤ

ਵਿਚ ਅਸਰਦਾ ਇਕ ਘੱਟ ਗਿਣਤੀ ਹੈ । ਇਸ ਘੱਟ ਗਿਣਤੀ ਦੇ ਦਰਬਾਰ ਸਾਹਿਬ ਉੱਤੇ ਹਿੰਦੂ ਸਾਮਰਾਜ ਦੇ ਹਮਲੇ ਨੂੰ ਸ਼ੋਸ਼ਲਿਸਟ ਰੂਸ ਦਾ ਠੀਕ ਆਖਣਾ, ਸਾਡੀਆਂ ਅੱਖਾਂ ਖੋਲ੍ਹ ਦੇਣ ਲਈ ਕਾਫੀ ਹੈ । ਹਿੰਦੁਸਤਾਨ ਦੀਆਂ ਕਮਿਊਨਿਸਟ ਪਾਰਟੀਆਂ ਨੇ ਇੰਦਰਾ ਦੀ ਪਿੱਠ ਠੋਕਦਿਆਂ ਆਖਿਆ, ਇਹ ਹੱਲਾ ਪਹਿਲੋਂ ਹੋਣਾ ਚਾਹੀਦਾ ਸੀ । ਇਹ ਪਾਰਟੀਆਂ ਰੂਸ ਦੀ ਜੇਬ ਵਿਚੋਂ ਨਹੀਂ ਨਿਕਲ ਸਕੀਆਂ ਜਦੋਂ ਕਿ ਇਨ੍ਹਾਂ ਦਾ ਨਿਰਣਾ ਸੀ, ਇੰਦਰਾ ਭਾਰਤ ਦੀ ਵੱਡੀ ਸਰਮਾਏਦਾਰੀ ਦੀ ਪ੍ਰਤਿਨਿਧਤਾ ਕਰਦੀ ਹੈ ਤੇ ਅਕਾਲੀ ਮੱਧ ਵਰਗੀ ਕਿਸਾਨ ਦੇ ਤਰਜਮਾਨ ਹਨ।

ਮਾਰਕਸ ਦੀ ਵਿਆਖਿਆ ਅਨੁਸਾਰ ਜੇ ਸੰਸਾਰ 'ਚ ਸੋਸ਼ਲਿਜ਼ਮ ਆ ਜਾਵੇ, ਕੋਈ ਸਿੱਖ ਉਹਦੀ ਵਿਰੋਧਤਾ ਨਹੀਂ ਕਰੇਗਾ, ਛੁੱਟ ਚਾਰ ਵਿਹਲੜ ਸਰਮਾਏਦਾਰਾਂ ਦੇ, ਕਿਉਂਕਿ ਬੁਨਿਆਦੀ ਤੌਰ ਤੇ ਸਿੱਖ ਕਿਰਤੀ ਹਨ ਤੇ ਸਿੱਖੀ ਦੇ ਅਸੂਲ ਸਾਂਝੀਵਾਲਤਾ ਵਾਲੇ ਹਨ । ਪਰ ਇਹ ਕਮਿਊਨਿਸਟ ਪਾਰਟੀਆਂ, ਜਿਹੜੀਆ ਪੰਜਾਬ ਦੇ ਹਿੰਦੂ ਨੂੰ ਈਮਾਨਦਾਰ ਪੰਜਾਬੀ ਨਹੀਂ ਬਣਾ ਸਕੀਆਂ, ਕੀ ਇਨਕਲਾਬ ਲਿਆਉਣਗੀਆਂ। ਇਹ ਇਨਕਲਾਬ ਪਤਾ ਨਹੀਂ ਕਿੰਨਾ ਲੰਮਾ ਸਮਾਂ ਨਾ ਆਵੇ, ਉਦੋਂ ਤੱਕ ਸਿੱਖੀ ਦੇ ਮੋਛੇ ਜ਼ਰੂਰ ਪਾ ਦੇਣਗੇ । ਇਕ ਮਿਸਾਲ; ਪਸ਼ੌਰ ਦੇ ਹਵਾਈ ਅੱਡੇ ਤੋਂ ਅਮਰੀਕਾ ਦਾ ਯੂ. ਟੂ. ਜਹਾਜ਼ ਉਡਿਆ ਤੇ ਉਸ ਨੂੰ ਰੂਸੀ ਰਾਕਟ ਨੇ ਲਾਹ ਲਿਆ । ਖ਼ੁਰਸ਼ਚੋਵ ਨੇ ਪਾਕਿਸਤਾਨ ਨੂੰ ਤਬਾਹ ਕਰ ਦੇਣ ਦੀ ਧਮਕੀ ਚਾੜ੍ਹੀ । ਅਖ਼ਬਾਰ ਨੇ ਕਾਰਟੂਨ ਛਾਪਿਆ : ਜਿਸ ਵਿਚ ਅਯੂਬ ਗੋਡਿਆਂ ਭਾਰ ਹੋਇਆ ਐਜ਼ਨਹਾਵਰ ਨੂੰ ਕਹਿ ਰਿਹਾ ਸੀ 'ਖ਼ਾਕ ਹੋ ਜਾਏਂਗੇ, ਤੁਝ ਕੋ ਖ਼ਬਰ ਹੋਣੇ ਤੱਕ' । ਇਨਕਲਾਬ ਆਉਣ ਤੱਕ ਸਿੱਖੀ ਦਾ ਕੁਝ ਵੀ ਬਚਣ ਨਹੀਂ ਲੱਗਾ । ਆਪਣੀ ਜਦੋਜਹਿਦ ਵਿਚ ਇਨ੍ਹਾਂ ਹੋਏ ਸਿੱਖ ਇਨਕਲਾਬ ਦੇ ਇਤਿਹਾਸ ਅਥਵਾ ਕੁਰਬਾਨੀਆਂ ਦਾ ਜ਼ਿਕਰ ਕਰਨ ਦੀ ਥਾਂ ਰੂਸ ਚੀਨ ਦੇ ਸੋਹਲੇ ਗਾਏ । ਆਪਣੀ ਇਤਿਹਾਸਕ ਵਰਾਸਤ ਨਾਲ ਭੁੱਲ ਕੇ ਵੀ ਨਾਤਾ ਨਹੀਂ ਜੋੜਿਆ । ਏਹੋ ਕਾਰਨ ਹੈ ਪੰਜਾਬ ਵਿਚ ਇਹ ਫਿਰਲ ਹੋ ਕੇ ਰਹਿ ਗਏ । ਪੰਜਾਬ ਵਿਚ ਕਮਿਊਨਿਸਟ ਨੱਬੇ ਫੀਸਦੀ ਸਿੱਖ ਹਨ । ਉਨ੍ਹਾਂ ਦੇ ਮੂੰਹ ਸਿਰ ਤੇ ਚੱਜ ਅਚਾਰ ਤੁਹਾਨੂੰ ਸਾਬਤ ਕਰ ਦੇਣਗੇ, ਇਹ ਸਿੱਖੀ ਦਾ ਕੀ ਹਸ਼ਰ ਕਰਨਗੇ । ਸੋ ਲਾਰੇ ਵਿਚ ਫਸੇ ਨੌਜਵਾਨਾਂ ਨੂੰ ਖ਼ਬਰਦਾਰ ਹੋਣਾ ਚਾਹੀਦਾ ਹੈ । ਆਪਣੇ ਇਤਿਹਾਸ ਦੀ ਕੁਰਬਾਨੀਆਂ ਭਰੀ ਧਾਰਾ ਅਨੁਸਾਰ, ਮੰਜ਼ਲ ਪ੍ਰਾਪਤੀ ਲਈ, ਪੱਜਲ ਕਮਿਊਨਿਸਟਾਂ ਤੋਂ ਨਿਆਰੇ ਹੋ ਕੇ ਪੰਜਾਬੀ ਨੌਜਵਾਨਾਂ ਨੂੰ ਮਜ਼ਬੂਤ ਜਥੇਬੰਦੀ ਉਸਾਰਨੀ ਚਾਹੀਦੀ ਹੈ । ਸਿੱਖ ਇਤਿਹਾਸ ਦੁਨੀਆਂ ਵਿਚ ਬੇਨਜ਼ੀਰ ਐ । ਉਹਦੀ ਰੋਸ਼ਨੀ ਹੁੰਦਿਆਂ ਬੇਗਾਨੇ ਲਾਰਿਆਂ ਦਾ ਉਧਾਰ ਕਿਉਂ ਖਾਧਾ ਜਾਵੇ।

ਆਪਣੇ ਸਿਦਕਵਾਨ ਪੁਰਖਿਆਂ ਵਾਂਗ ਭਰੋਸੇ ਨੂੰ ਸੂਝ ਨਾਲ ਜ਼ਰਬਾਂ ਦਿਉ । ਜਦੋਜਹਿਦ ਕਰਨ ਵਾਲੇ ਇਤਿਹਾਸ ਨੇ ਹਮੇਸ਼ਾਂ ਮਰਜੀਵੜਿਆਂ ਦੇ ਗਲ ਜਿੱਤ ਦੇ ਹਾਰ ਪਾਏ ਹਨ ।

ਪੰਜਾਬੀ ਸੂਬਾ

ਸੰਤਾਲੀ ਦੀ ਰਾਜਨੀਤਕ ਵੰਡ ਹਾਰ ਕੇ ਮਾਸਟਰ ਤਾਰਾ ਸਿੰਘ ਜੀ ਬੁਰੀ ਤਰ੍ਹਾਂ ਮਹਿਸੂਸ ਕਰਨ ਲੱਗ ਪਏ ਕਿ ਅਸਾਂ ਸਿੱਖਾਂ ਦੀ ਹਸਤੀ ਖਤਰੇ ਵਿਚ ਪਾ ਦਿੱਤੀ । ਇਹ ਅਹਿਸਾਸ ਸਾਰੇ ਸਿੱਖ ਲੀਡਰਾਂ ਨੂੰ ਉਦੋਂ ਬੁਰੀ ਤਰ੍ਹਾਂ ਤੋੜਨ ਲੱਗਾ; ਜਦੋਂ ਲਾਲਾ ਜਗਤ ਨਰਾਇਣ ਨੇ ਪੰਜਾਬ ਕਾਂਗਰਸ ਦਾ ਜਨਰਲ ਸੈਕਟਰੀ ਹੁੰਦਿਆਂ 1951 ਦੀ ਮਰਦਮ ਸ਼ੁਮਾਰੀ ਬਾਰੇ ਸਰਕੂਲਰ ਕੱਢਿਆ ਕਿ ਪੰਜਾਬ ਦੇ ਹਿੰਦੂ ਤੇ ਹਰੀਜਨ ਆਪਣੀ ਜ਼ਬਾਨ ਹਿੰਦੀ ਲਿਖਾਉਣ । ਮਿਸਟਰ ਜਿਨਾਹ ਕਾਂਗਰਸੀ ਲੀਡਰਾਂ ਨੂੰ ਕੌਮ ਪ੍ਰਸਤੀ ਦੇ ਬੁਰਕੇ ਵਿਚ ਲੁਕੇ ਫਿਰਕਾਪ੍ਰਸਤ ਆਖਿਆ ਕਰਦਾ ਸੀ । ਦੇਸ਼ ਆਜ਼ਾਦ ਹੋਣ ਪਿੱਛੋਂ ਉਹ ਨੰਗੇ ਹੋਣੇ ਸ਼ੁਰੂ ਹੋ ਗਏ । ਪੰਜਾਬੀ ਮਾਂ ਬੋਲੀ ਤੋਂ ਇਨਕਾਰੀ ਹਿੰਦੂਆਂ ਹੀ ਪੰਜਾਬੀ ਸੂਬੇ ਦਾ ਮੁੱਢ ਬੰਨ੍ਹਿਆ । ਪੰਜਾਬ ਦੀਆਂ ਸਿੱਖ ਰਿਆਸਤਾਂ ਤੋੜ ਕੇ ਪੈਪਸੂ ਬਣਾਉਣ ਦਾ ਮਾਸਟਰ ਜੀ ਨੇ ਵਿਰੋਧ ਕੀਤਾ ਸੀ । ਕਿਉਂਕਿ ਪਟਿਆਲਾ ਰਿਆਸਤ ਵਿਚ ਸਰਕਾਰੀ ਜ਼ਬਾਨ ਪੰਜਾਬੀ ਲਾਗੂ ਹੋ ਚੁੱਕੀ ਸੀ । ਸੱਚਰ ਫਾਰਮੂਲੇ ਰਾਹੀਂ ਗਿ: ਕਰਤਾਰ ਸਿੰਘ ਹਿੰਦੀ ਤੇ ਪੰਜਾਬੀ ਰੀਜਨ ਬਣਾਉਣ ਵਿਚ ਕਾਮਯਾਬ ਹੋ ਗਿਆ । ਕਾਂਗਰਸ ਕਰਾਚੀ ਸੈਸ਼ਨ ਵਿਚ ਮਤਾ ਪਾਸ ਕਰ ਚੁੱਕੀ ਸੀ ਕਿ ਜਦ ਦੇਸ਼ ਆਜ਼ਾਦ ਹੋਇਆ, ਤਦ ਜ਼ਬਾਨ ਦੇ ਆਧਾਰ ਤੇ ਸੂਬੇ ਬਣਾਏ ਜਾਣਗੇ । ਆਜ਼ਾਦ ਹੋਣ ਪਿੱਛੋਂ ਇਹ ਮੰਗ ਅੱਗੇ ਆਈ ਤਾਂ ਜਵਾਹਰ ਲਾਲ ਨੇ ਨਾਂਹ ਕਰ ਦਿੱਤੀ । ਆਂਧਰਾ ਦੇ ਕਾਂਗਰਸੀ ਲੀਡਰ ਸ੍ਰੀ ਰਮੋਲੇ ਨੇ ਗੁੱਸਾ ਖਾ ਮਰਨ ਵਰਤ ਰੱਖਿਆ ਤੇ ਮਰ ਗਿਆ । ਫਸਾਦ ਛਿੜੇ ਤੇ ਦੋ ਦਿਨਾਂ ਵਿਚ ਕਰੋੜਾਂ ਰੁਪਏ ਦੀ ਜਾਇਦਾਦ ਲੋਕਾਂ ਤਬਾਹ ਕਰ ਦਿੱਤੀ, ਜਵਾਹਰ ਲਾਲ ਨੂੰ ਪਾਰਲੀਮੈਂਟ ਵਿਚ ਕਹਿਣਾ ਪਿਆ ਕਿ ਜ਼ਬਾਨ ਦੇ ਆਧਾਰ ਤੇ ਆਂਧਰਾ ਸੂਬਾ ਬਣਾਇਆ ਜਾਵੇਗਾ । ਫਿਰ ਸਾਰਾ ਹਿੰਦੁਸਤਾਨ ਜ਼ਬਾਨ ਦੇ ਆਧਾਰ ਤੇ ਸੂਬਿਆਂ ਵਿਚ ਵੰਡਿਆ ਗਿਆ । ਪਰ ਪੰਜਾਬ ਜਾਣਕੇ ਦੋ ਭਾਸ਼ੀ ਰਹਿਣ ਦਿੱਤਾ । ਜਿਹੜਾ ਪੈਮਾਨਾ ਸਾਰੇ ਹਿੰਦੁਸਤਾਨ ਨੂੰ ਜ਼ਬਾਨ ਦੇ ਆਧਾਰ ਤੇ ਵੰਡਦਾ ਆਇਆ ਸੀ, ਪੰਜਾਬ ਤੇ ਆ ਕੇ ਕਾਣਾ ਹੋ ਗਿਆ । ਸਰਕਾਰ ਦੀ ਭੈੜੀ ਨੀਅਤ ਸਿੱਖਾਂ ਦੇ ਸਾਹਮਣੇ ਆ ਗਈ । ਹੁਣ ਤੱਕ ਮਾਸਟਰ ਤਾਰਾ ਸਿੰਘ ਜੀ ਅਜਿਹਾ ਸੂਬਾ ਮੰਗਦੇ ਆਏ ਸਨ ਜਿੱਥੇ ਸਿੱਖ ਆਪਣੇ ਧਰਮ, ਜ਼ਬਾਨ, ਸਭਿਅਤਾ

ਤੇ ਰਵਾਇਤਾਂ ਆਦਿ ਨਾਲ ਆਪਣੀ ਹਸਤੀ ਕਾਇਮ ਰੱਖ ਸਕਣ । ਪਰ ਉਸ ਸਿੱਧੀ ਸਾਦੀ ਮੰਗ ਨੂੰ ਸਰਕਾਰ ਨੇ ਜਾਣ ਕੇ ਖੱਟੇ ਪਾਈ ਰੱਖਿਆ । ਸੰਤ ਫਤਹਿ ਸਿੰਘ ਜੀ ਇਕ ਵਾਰ ਸਾਡੇ ਇਲਾਕੇ ਵਿਚ ਇਕ ਦੀਵਾਨ ਤੇ ਆਏ । ਮੈਂ ਜ਼ਬਾਨ ਦੇ ਆਧਾਰ ਤੇ ਮਤਾ ਉਹਨਾਂ ਅਗੇ ਸਲਾਹ ਲਈ ਰੱਖਿਆ । ਉਹਨਾਂ ਆਖਿਆ, ਏਹੋ ਤਾਂ ਅਸੀਂ ਮੰਗਦੇ ਆਂ । ਪਹਿਲੀ ਵਾਰ ਮਤਾ ਦੀਵਾਨ ਵਿਚ ਪਰਵਾਨ ਕੀਤਾ ਗਿਆ । ਫਿਰ ਉਹੀ ਮਤਾ ਸੋਧ ਕੇ ਢੁਡੀਕੇ ਵਿਖੇ ਸਵਾ ਸੌ ਲਿਖਾਰੀਆਂ ਦੇ ਇਕੱਠ ਵਿਚ ਪਾਸ ਕੀਤਾ । ਜਿਸ ਦੀ ਤਾਈਦ ਗਿ: ਹੀਰਾ ਸਿੰਘ ਦਰਦ ਤੇ ਮਜੀਦ ਸੰਤ ਸਿੰਘ ਸੇਖੋਂ ਜੀ ਨੇ ਕੀਤੀ । ਉਸ ਤੋਂ ਥੋੜ੍ਹਾ ਸਮਾਂ ਪਹਿਲਾਂ ਕਾਂਗਰਸ ਨੇ ਆਪਣਾ ਸੈਸ਼ਨ ਅੰਮ੍ਰਿਤਸਰ ਵਿਚ ਕੀਤਾ । ਅਕਾਲੀਆਂ ਬਰਾਬਰ ਕਾਨਫਰੰਸ ਗੱਡ ਦਿੱਤੀ ਤੇ ਸ਼ਾਮ ਤੱਕ ਅਕਾਲੀਆਂ ਦਾ ਜਲੂਸ ਕਾਂਗਰਸ ਸੈਸ਼ਨ ਦੇ ਅੱਗੋਂ ਦੀ ਠਾਠਾਂ ਮਾਰਦਾ ਵਗਦਾ ਰਿਹਾ । ਜਵਾਹਰ ਲਾਲ ਨੇ ਸਟੇਜ ਤੇ ਘਬਰਾ ਕੇ ਆਖਿਆ, 'ਹਮ ਐਸੇ ਜਲੂਸੋਂ ਸੇ ਨਹੀਂ ਡਰਤੇ ।'

ਸੂਬੇ ਦੀ ਪ੍ਰਾਪਤੀ ਲਈ ਮੋਰਚਾ ਲਾਉਣਾ ਪਿਆ । ਸਤਵੰਜਾ ਹਜ਼ਾਰ ਸਿੱਖ ਗ੍ਰਿਫਤਾਰ ਹੋਏ ਤੇ ਬਾਰਾਂ ਬਠਿੰਡਾ ਜੇਲ੍ਹ ਵਿਚ ਸਰਕਾਰੀ ਗੋਲੀ ਨਾਲ ਮਾਰੇ ਗਏ। ਚੀਨ ਨਾਲ ਲੜਾਈ ਲੱਗੀ, ਹਾਰ ਦੀ ਨਮੋਸ਼ੀ ਨਾਲ ਨਹਿਰੂ ਚਲਦਾ ਹੋਇਆ। ਲਾਲ ਬਹਾਦਰ ਸ਼ਾਸਤਰੀ ਪ੍ਰਧਾਨ ਮੰਤਰੀ ਆ ਗਿਆ । ਸੰਤ ਫਤਹਿ ਸਿੰਘ ਨੇ ਸੂਬੇ ਦੀ ਪ੍ਰਾਪਤੀ ਲਈ ਮਰਨ ਵਰਤ ਦਾ ਐਲਾਨ ਕਰ ਦਿੱਤਾ । ਪੈਂਹਟ ਦੀ ਪਾਕਿਸਤਾਨ ਨਾਲ ਜੰਗ ਆਈ, ਸੰਤ ਜੀ ਨੇ ਮਰਨ ਵਰਤ ਮੁਲਤਵੀ ਕਰ ਦਿੱਤਾ ਮੈਂ ਸੰਤਾਂ ਨੂੰ ਅਕਾਲ ਤਖ਼ਤ ਤੇ ਮਿਲਦਾ ਰਹਿੰਦਾ ਸਾਂ । ਉਨ੍ਹਾਂ ਅੱਗੇ ਪੰਜਾਬੀ ਸੂਬੇ ਦੀ ਹੱਦ ਵਾਲਾ ਨਕਸ਼ਾ ਰੱਖਿਆ । ਦਲੀਲ ਦਿੱਤੀ ਕਿ ਮੁਗ਼ਲਾਂ ਤੇ ਪਠਾਣਾਂ ਦੇ ਰਾਜ ਸਮੇਂ ਸਰਹਿੰਦ ਸੂਬੇ ਦੀ ਹੱਦ ਮਾਰਕੰਡਾ ਦਰਿਆ ਤੱਕ ਹੁੰਦੀ ਸੀ । ਸੰਤਾਂ ਨਕਸ਼ਾ ਪਾਸੇ ਰੱਖਦਿਆਂ ਪੁੱਛਿਆ, ਮੇਰੇ ਮਰਨ ਵਰਤ ਮੁਲਤਵੀ ਕਰਨ ਦਾ ਲੋਕਾਂ ਵਿਚ ਕੀ ਪ੍ਰਤੀਕਰਮ ਐ ? ਮੈਂ ਉੱਤਰ ਦਿੱਤਾ, ਸੰਤ ਜੀ ਤੁਸਾਂ ਬਹੁਤ ਚੰਗਾ ਕੀਤਾ, ਲੋਕ ਬਹੁਤ ਖੁਸ਼ ਹਨ । ਦੇਸ਼ ਤੇ ਭੀੜ ਪਈ ਤੁਸਾਂ ਮਹਿਸੂਸ ਕੀਤੀ।

ਸਿੱਖ ਜਰਨੈਲ ਸ. ਗੁਰਬਖਸ਼ ਸਿੰਘ ਤੇ ਸ. ਹਰਬਖਸ਼ ਸਿੰਘ ਨੂੰ ਜਰਨਲ ਚੌਧਰੀ ਕਮਾਂਡਰ ਇਨ-ਚੀਫ ਦੇ ਆਦੇਸ਼ ਨੇ ਹਲਾ ਕੇ ਰੱਖ ਦਿੱਤਾ । ਆਦੇਸ਼ ਸੀ: ਖੇਮਕਰਨ ਆਦਿ ਥਾਵਾਂ ਤੋਂ ਮੋਰਚੇ ਪੁੱਟ ਕੇ ਦਰਿਆ ਬਿਆਸ ਦੇ ਉਰਾਰ ਲੈ ਆਉ: ਅਸੀਂ ਪੈਂਦੀ ਮੋਟੇ ਪੈਟਨ ਟੈਂਕਾਂ ਦਾ ਮੁਕਾਬਲਾ ਨਹੀਂ ਕਰ ਸਕਦੇ । ਉਹਨਾਂ ਸੂਰਬੀਰਾਂ ਪਿਛਾਂਹ ਹਟਣ ਤੋਂ ਨਾਂਹ ਕਰ ਦਿੱਤੀ ਤੇ ਆਖਿਆ, ਅਸੀਂ ਤਰਨਤਾਰਨ

ਅੰਮ੍ਰਿਤਸਰ ਆਦਿ ਜਿਉਂਦੇ ਜੀ ਖਾਲੀ ਕਰ ਦੇਈਏ ? ਅਸੀ ਆਪਣੀਆਂ ਧੀਆਂ ਭੈਣਾਂ ਦੀ ਬੇਪਤੀ ਨਹੀਂ ਕਰ ਸਕਦੇ । ਪਵਿੱਤਰ ਗੁਰਧਾਮਾਂ ਦੀ ਬੇਹੁਰਮਤੀ ਬਰਦਾਸ਼ਤ ਨਹੀਂ ਕਰ ਸਕਦੇ । ਜਨਰਲ ਚੋਧਰੀ ਨੇ ਮੁੜ ਆਖਿਆ, ਨੁਕਸਾਨ ਦੀ ਜ਼ੁੰਮੇਵਾਰੀ ਤੁਹਾਡੀ ਹੋਵੇਗੀ । ਜਰਨੈਲਾਂ ਮੋੜ ਦਿੱਤਾ, ਝੱਲਾਂਗੇ । ਤੇ ਆਪਣੀਆਂ ਸਿੱਖ ਰਜਮੈਂਟਾਂ ਨੂੰ ਸਾਹਮਣੇ ਆਈ ਬਿਪਤਾ ਦੀ ਵੰਗਾਰ ਪਾਈ । ਦੁਸ਼ਮਣ ਦੇ ਮੁਕਾਬਲੇ ਹਥਿਆਰ ਕਮਜ਼ੋਰ ਸਨ; ਉਥੇ ਕੇਵਲ ਸਿੱਖੀ ਸਪਿਰਟ ਹੀ ਲੜੀ । ਜਵਾਨਾਂ ਛਾਤੀਆਂ ਨਾਲ ਬੰਬ ਬੰਨ੍ਹ; ਪੈਟਨ ਟੈਂਕਾਂ ਹੇਠਾਂ ਪੈ ਕੇ ਪਹਿਲੇ ਦੋ ਦਿਨਾਂ ਵਿਚ ਚੋਹਟ ਟੈਂਕ ਉਲਟਾ ਦਿੱਤੇ । ਖੇਮ ਕਰਨ ਸੈਕਟਰ ਵਿਚ ਪੈਟਨ ਟੈਂਕਾਂ ਦਾ ਕਬਰਸਤਾਨ ਬਣਾ ਘੱਤਿਆ। ਪੈਟਨ ਟੈਂਕਾਂ ਦੀ ਤਬਾਹੀ ਦੇਖ ਕੇ ਅਮਰੀਕਨ ਮਾਹਿਰ ਹੈਰਾਨ ਰਹਿ ਗਏ ਕਿ ਇਹ ਤੋੜੇ ਕਿਵੇਂ ? ਸਰਕਾਰੀ ਲੀਡਰਾਂ, ਸਮੇਤ ਲਾਲ ਬਹਾਦਰ ਸ਼ਾਸਤਰੀ, ਸਿੱਖ ਜਰਨੈਲਾਂ ਨੂੰ ਸ਼ਾਬਾਸ਼ ਦਿੱਤੀ : ਸਿੰਘੋ ! ਤੁਸਾਂ ਪੁਰਾਣੇ ਸਿੰਘ-ਸੂਰਮਿਆਂ ਵਾਂਗ ਦੇਸ਼ ਕੌਮ ਦੀ ਰਖ ਵਖਾਈ । ਮਰਨ ਵਾਲੇ ਫੌਜੀ ਜਵਾਨਾਂ ਦੀ ਕੁਰਬਾਨੀ ਨੂੰ ਮੁੱਖ ਰੱਖਦਿਆਂ, ਪੰਜਾਬੀ ਸੂਬਾ ਸਿੱਖਾਂ ਨੂੰ ਦੇਣ ਦਾ ਐਲਾਨ ਕੀਤਾ ਗਿਆ । ਉਦੋਂ ਤੱਕ ਪੈਂਹਟ ਦੀ ਵਾਰ ਲਾਲ ਬਹਾਦਰ ਸ਼ਾਸਤਰੀ ਨੂੰ ਲੈਂਦੇ ਲੈ ਗਈ ਸੀ। ਪੰਜਾਬੀ ਸੂਬੇ ਦਾ ਐਲਾਨ ਹੁੰਦੇ ਸਾਰ ਆਰੀਆ ਸਮਾਜੀ ਹੋਮ ਮਨਿਸਟਰ ਨੰਦੇ ਕੋਲ ਭੱਜੇ : ਵਾਸਤਾ ਰੱਬ ਦਾ ਪੰਜਾਬੀ ਸੂਬਾ ਰੋਕੋ । ਨੰਦੇ ਨੇ ਉਹਨਾਂ ਨੂੰ ਕਾਂਗਰਸ ਪ੍ਰਧਾਨ ਕਾਮਰਾਜ ਕੋਲ ਤੋਰ ਦਿੱਤਾ । ਕਾਮਰਾਜ ਨੇ ਠੋਕ ਕੇ ਆਖਿਆ ਬਾਰਡਰ ਉੱਤੇ ਸਿੱਖ ਬਹਾਦਰ ਕੌਮ ਲਈ ਇਕ ਬਹਾਦਰ ਸੂਬਾ ਅਵੱਸ਼ ਚਾਹੀਦਾ ਹੈ । ਤੁਹਾਡੇ ਵਰਗੇ ਬੁਜ਼ਦਿਲਾਂ ਦੀ ਉਥੇ ਲੋੜ ਨਹੀਂ । ਆਰੀਆ ਸਮਾਜੀ ਠਿਠ ਹੋ ਕੇ ਮੁੜ ਆਏ । ਪਰ ਚੂਹੇ ਪਹਾੜ ਵਿਚ ਖੁੱਡਾਂ ਪਾਉਣੋਂ ਨਾ ਹੱਟੇ । ਕਿਉਂਕਿ ਨੰਦਾ ਖੁਦ ਕੱਟੜ ਆਰੀਆ ਸਮਾਜੀ ਸੀ । ਉਸ 1961 ਦੀ ਮਰਦਮ ਸ਼ੁਮਾਰੀ ਨੂੰ ਅਧਾਰ ਬਣਾ ਕੇ ਸੂਬੇ ਨੂੰ ਸੂਬੀ ਵਿਚ ਬਦਲਵਾ ਦਿੱਤਾ । ਚਾਲ ਇਹ ਸੀ, ਸਿੱਖ ਲੈਣੋ ਨਾਂਹ ਕਰ ਦੇਣਗੇ । ਚੰਡੀਗੜ੍ਹ ਜਿਹੜਾ ਪੰਜਾਬੀ ਰੀਜਨ ਵਿਚ ਵਸਿਆ ਹੈ । ਉਸ ਨੂੰ ਬਾਹਰ ਰੱਖ ਲਿਆ ਕਿ ਇਸ ਕੌਮ ਨੂੰ ਮੋਰਚਿਆਂ ਦੇ ਰਾਹ ਪਾਈ ਰੱਖਣਾ ਹੈ । ਇਹ ਹੈ ਪੰਜਾਬੀ ਸੂਬੇ ਦੀ ਮੋਟੀ ਮੋਟੀ ਦਾਸਤਾਂ ।

ਬਿਜਲੀ ਪਾਣੀ

ਸਿੱਖਾਂ ਨੂੰ ਜੈਨੀਆਂ ਤੇ ਬੋਧੀਆਂ ਵਾਂਗ ਆਪਣੇ ਵਿਚ ਮਿਲਾਉਣ ਦੀ ਸੋਚ ਤੇ ਸਾਜ਼ਿਸ਼ ਡੂੰਘੀ ਤੇ ਬਹੁਤ ਲੰਮੀ ਐ । ਜਦ ਆਰੀਆ ਸਮਾਜੀਆਂ ਤੇ ਸਰਕਾਰੀ ਫਿਰਕੂ ਲੀਡਰਾਂ ਜੰਗਾਂ ਵਿਚ ਸਿੱਖ ਸਪਿਰਟ ਨੂੰ ਲੜਦਿਆਂ ਚੜ੍ਹਦੀ ਕਲਾ ਵਿਚ ਵੇਖਿਆ, ਆਰਥਿਕ ਪੱਖੋਂ ਢਾਹ ਲਾਉਣ ਦੀ ਸੋਚੀ । ਪੰਜਾਬ ਵਿਚ ਪੈਦਾਵਾਰੀ ਵਸੀਲੇ ਬਿਜਲੀ ਤੇ ਪਾਣੀ ਹੀ ਹਨ । ਸਰਕਾਰ ਨੇ ਪਾਣੀ ਵਾਲੀ ਸਸਤੀ ਬਿਜਲੀ ਦੀਆਂ ਮਨ-ਮਰਜ਼ੀ ਨਾਲ ਵੰਡੀਆਂ ਪਾ ਦਿੱਤੀਆਂ, ਜਦੋਂ ਕਿ ਪੰਜਾਬ ਦੇ ਖੇਤਾਂ ਤੇ ਇੰਡਸਟਰੀ ਲਈ ਬਿਜਲੀ ਹਿਸਾ ਵੀ ਪੂਰੀ ਨਹੀਂ ਸੀ । ਕੋਲੇ ਵਾਲੇ ਮਹਿੰਗੇ ਥਰਮਲ ਪਲਾਂਟ ਪੰਜਾਬ ਨੂੰ ਧੱਕ ਦਿੱਤੇ । ਬਿਹਾਰ ਤੋਂ ਕੋਲਾ ਆਵੇ ਤਾਂ ਬਠਿੰਡਾ ਤੱਤਾ ਹੋਵੇ ਤੇ ਥਰਮਲ ਪਲਾਂਟ ਚਲੇ । ਨਹੀਂ ਖੜ੍ਹਾ ਹੈ ਸਫੈਦ ਹਾਥੀ । ਸਰਕਾਰ ਦੀ ਸੋਚ ਸੀ, ਇਉਂ ਪੰਜਾਬ ਹਮੇਸ਼ਾਂ ਸੈਂਟਰ ਦਾ ਆਜੀ ਰਹੇਗਾ । ਇਹ ਆਰਥਿਕ ਪੱਖੋਂ ਗੁਲਾਮ ਰੱਖਣ ਦੀ ਚਾਲ ਹੈ । ਸਾਡੀ ਪਾਣੀ ਵਾਲੀ ਬਿਜਲੀ ਨਾ ਖੋਹਦੇ ਤੇ ਥਰਮਲ ਪਲਾਂਟ ਕੋਲੇ ਦੀਆਂ ਖਾਣਾਂ ਲਾਗੇ ਉਸਾਰ ਕੇ ਸਾਡੇ ਗਵਾਂਢੀ ਰਾਜਾਂ ਦਾ ਘਰ ਪੂਰਾ ਕੀਤਾ ਜਾ ਸਕਦਾ ਸੀ ਪਰ ਅਣਵਿਉਂਤਬੰਦੀ ਢੰਗ ਨਾਲ ਕਮਜ਼ੋਰ ਤਾਂ ਪੰਜਾਬ ਨੂੰ ਕਰਨਾ ਹੈ । ਸੈਂਟਰ ਨੇ ਭਾਖੜੇ ਤੋਂ ਆਪਣਾ ਬਿਜਲੀ ਦਾ ਕੋਟਾ ਕਦੇ ਨਹੀਂ ਘਟਾਇਆ; ਭਾਵੇਂ ਪੰਜਾਬ ਦੀ ਛੋਟੀ ਮੋਟੀ ਇੰਡਸਟਰੀ ਖਲੋਤੀ ਰਹੇ: ਖੇਤ ਤਿਹਾਏ ਮਰ ਜਾਣ । ਦਰਿਆਈ ਪਾਣੀ ਦਾ ਇਸ ਤੋਂ ਵੀ ਬੁਰਾ ਹਾਲ ਐ। ਦੋਵੇਂ ਵਾਰ ਸਰਕਾਰ ਨੇ ਮਰ-ਮਰਜ਼ੀ ਨਾਲ ਪਾਣੀ ਦੀ ਵੰਡ ਕੀਤੀ ਹੈ । ਤੇ ਕਾਂਗਰਸੀ ਸਰਕਾਰਾਂ ਪੰਜਾਬ ਦੇ ਹਿਤਾਂ ਨੂੰ ਕੰਡ ਦੇ ਕੇ ਹਰ ਵਾਰੀ ਅੰਗੂਠੇ ਨਪ ਦਿੱਤੇ । ਕਿਉਂਕਿ ਵਜ਼ੀਰ ਰਹਿਣਾ ਸੀ । ਇਉਂ ਸੈਂਟਰ ਪੰਜਾਬ ਦੇ ਕਾਂਗਰਸੀਆਂ ਤੋਂ ਗ਼ਦਾਰੀਆਂ ਕਰਵਾਉਂਦਾ ਰਿਹਾ । ਨਰਬਦਾ ਨਦੀ ਵਿਚੋਂ ਰਾਜਸਥਾਨ ਨੇ ਪਾਣੀ ਮੰਗਿਆ । ਸਰਕਾਰ ਨੇ ਕੇਸ ਸੁਪਰੀਮ ਕੋਰਟ ਨੂੰ ਦੇ ਦਿੱਤਾ । ਸੁਪਰੀਮ ਕੋਰਟ ਨੇ ਫ਼ੈਸਲਾ ਦਿੱਤਾ ਕਿ ਨਰਬਦਾ ਕਿਉਂਕਿ ਰਾਜਸਥਾਨ ਵਿਚ ਦੀ ਨਹੀਂ ਲੰਘਦੀ, ਇਸ ਲਈ ਉਸ ਦਾ ਪਾਣੀ ਤੇ ਹੱਕ ਨਹੀਂ ਬਣਦਾ । ਭਲਾ ਕੋਈ ਦਸੇ : ਸਤਲੁਜ, ਰਾਵੀ ਤੇ ਬਿਆਸ ਹਰਿਆਣਾ ਜਾਂ ਰਾਜਸਥਾਨ ਵਿਚੋਂ ਦੀ ਲੰਘਦੇ ਐ ? ਇਹਨਾਂ ਨੂੰ ਮੁਫ਼ਤ ਪਾਣੀ ਕਾਹਦਾ ? ਤੇਲ ਤੇ ਗੈਸ ਉੱਤੇ ਉਤਪਾਦਕ ਰਜਾਂ ਨੂੰ ਸਤਾਰਾਂ ਪਰਸੈਂਟ ਰਾਇਲਟੀ ਦਿੱਤੀ ਜਾਂਦੀ ਐ ਤੇ ਪੰਜਾਬ ਦਾ ਪਾਣੀ ਸੈਂਟਰ ਮੁਫ਼ਤ ਕਿਉਂ ਲੁਟਾ ਰਿਹਾ ਹੈ । ਕੀ ਪੰਜਾਬ ਦੂਜੇ ਸੂਬਿਆਂ ਵਾਂਗ ਆਜ਼ਾਦ ਹਸਤੀ ਨਹੀਂ ਰੱਖਦਾ? ਹੁਣ ਤੱਕ ਮੁਫ਼ਤ ਵਰਤੇ ਪਾਣੀ ਨਾਲ ਦਸ ਚੰਡੀਗੜ੍ਹ ਉਸਾਰੇ ਜਾ ਸਕਦੇ ਸਨ।

ਪੰਜਾਬ ਦਾ ਹਿੰਦੂ ਇਹਨਾਂ ਆਰਥਿਕ ਧੱਕਿਆਂ ਨੂੰ ਚੁੱਪ ਚਾਪ ਪੀ ਰਿਹਾ ਹੈ ।

ਬਹੁਤੀ ਵਾਰ ਪੰਜਾਬ ਸੈਂਟਰ ਦੇ ਗਵਾਂਢੀ ਰਾਜਾਂ ਦੀ ਹਮਾਇਤ ਕਰਦਾ ਹੈ। ਪਰ ਇਹਨਾਂ ਬੇਇਨਸਾਫੀਆਂ ਨਾਲ ਸਿੱਖਾਂ ਦੀ ਆਰਥਿਕ ਰੀੜ੍ਹ ਟੁੱਟਦੀ ਹੈ । ਉਹ ਮੋਰਚਿਆਂ ਤੋਂ ਅਗਾਂਹ ਸਿਰ ਧੜ ਦੀ ਬਾਜ਼ੀ ਵੀ ਲਾਉਂਦੇ ਹਨ । ਸਿੱਖ ਹੁਣ ਚੇਤੰਨ ਹੋ ਗਿਆ ਹੈ ਕਿ ਆਰਥਿਕ ਪੱਖੋਂ ਸਾਨੂੰ ਕਮਜ਼ੋਰ ਕਰਕੇ ਹਿੰਦੂ ਆਪਣੇ ਵਿਚ ਖਲਤ ਮਲਤ ਕਰ ਲੈਣਾ ਚਾਹੁੰਦੇ ਐਂ । ਤੇ ਉਹ ਅੜ ਖਲੋਤਾ ਐ । ਕਿਉਂਕਿ ਸਿੱਖ ਬਹੁਤਾ ਕਰਕੇ ਵਾਹੀ ਕਰਦੇ ਹਨ ਤੇ ਬਹੁਤਾ ਨੁਕਸਾਨ ਉਹਨਾਂ ਦਾ ਹੁੰਦਾ ਐ । ਮੋਰਚੇ ਲਾਉਣ ਤੇ ਮਰਨ ਦਾ ਸਿੱਖਾਂ ਨੂੰ ਚਾਅ ਨਹੀਂ । ਦਿਆਨੰਦ ਨੇ ਸਤਿਆਰਥ ਪ੍ਰਕਾਸ਼ ਵਿਚ ਗੁਰੂ ਗਰੰਥ ਨੂੰ ਕੇਵਲ ਵੇਦਾਂ ਦੀ ਵਿਆਖਿਆ ਆਖਿਆ ਹੈ ਤੇ ਸਿੱਖਾਂ ਨੂੰ ਹਿੰਦੂਆਂ ਦਾ ਇਕ ਭਾਗ । ਪਰ ਸਿੱਖ ਕੇਵਲ ਇਕ ਅਕਾਲ ਪੁਰਖ ਨੂੰ ਮੰਨਦੇ ਹਨ, ਹਜ਼ਾਰਾਂ ਦੇਵੀ ਦੇਵਤਿਆਂ ਨੂੰ ਨਹੀਂ । ਗੁਰੂ ਗੋਬਿੰਦ ਸਿੰਘ ਦਾ ਫੁਰਮਾਨ ਐ, ਕਿਸ਼ਨ ਬਿਸ਼ਨ ਕਬਹੂੰ, ਨਾ ਧਿਆਊਂ । ਅਸੀਂ ਇਕ ਨੂਰ ਤੋਂ ਉਤਪਤੀ ਤੇ ਸਾਰੀ ਮਨੁੱਖਤਾ ਨੂੰ ਇਕ ਪਿਤਾ ਦੀ ਸੰਤਾਨ ਸਮਝਦੇ ਆਂ । ਸਾਨੂੰ ਹਰ ਪੱਖੋਂ ਥਿੜਕਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ । ਆਰੀਆ ਸਮਾਜੀ ਸਮਝਦੇ ਹਨ, ਮਨੁੱਖ ਆਰਥਿਕ ਪੱਖੋਂ ਕਮਜ਼ੋਰ ਹੋਇਆ ਧਰਮ ਛੱਡਣ ਲਈ ਮਜਬੂਰ ਹੋ ਜਾਂਦਾ ਹੈ । ਪਰ ਸਿੱਖ ਕੌਮ ਆਪਣੀ ਮਿਹਨਤ, ਹਿੰਮਤ ਤੇ ਇਤਿਹਾਸਕ ਅਣਖੀਲੇ ਸੰਘਊ ਕਾਰਨ ਨਹੀਂ ਡੋਲੀ ।

ਅਕਾਲੀ ਸਰਕਾਰ ਆਈ ਤਾਂ ਉਹ ਪਾਣੀ ਦਾ ਕੇਸ ਕੋਰਟ ਵਿਚ ਲੈ ਗਈ। ਦਰਬਾਰਾ ਸਿੰਘ ਨੇ ਵਜ਼ਾਰਤ ਸੰਭਾਲਦਿਆਂ ਸਾਰਾ ਕੇਸ ਵਾਪਿਸ ਲੈ ਲਿਆ । ਸਿੱਖ ਮਰਦੇ ਕੀ ਨਾ ਕਰਦੇ । ਅਖੀਰ ਮੋਰਚਾ ਲਾਉਣਾ ਪਿਆ ।

ਮੋਰਚਾ

ਅਕਾਲੀਆਂ ਪਾਣੀ ਦੀ ਕਾਣੀ ਵੰਡ ਵਿਰੁੱਧ ਤੇ ਆਨੰਦਪੁਰ ਮਤੇ ਨਾਲ ਹੋਰ ਮੰਗਾਂ ਮਨਵਾਉਣ ਲਈ ਦੋ ਲੱਖ ਦੀ ਗ੍ਰਿਫਤਾਰੀ ਦਿੱਤੀ । ਜਲੰਧਰ ਦੇ ਹਿੰਦੂ ਅਖਬਾਰਾਂ ਮੋਰਚੇ ਦਾ ਵਿਰੋਧ ਹੀ ਨਹੀਂ ਕੀਤਾ, ਸਗੋਂ ਹਿੰਦੂ ਸਿੱਖਾਂ ਵਿਚ ਪਾੜ ਪਾਉਣਾ ਤੇ ਵਧਾਉਣਾ ਸ਼ੁਰੂ ਕਰ ਦਿੱਤਾ । ਖਾਲਸਤਾਨ ਦੀ ਕੋਈ ਮੰਗ ਨਹੀਂ ਸੀ । ਪਰ ਕੌਮੀ ਪ੍ਰੈਸ ਜਿਹੜੀ ਹਮੇਸ਼ਾਂ ਸਰਕਾਰ ਅਧੀਨ ਹੁੰਦੀ ਐ ਤੇ ਕਾਂਗਰਸੀ ਲੀਡਰਾਂ ਖਾਲਸਤਾਨ ਦਾ ਹਊਆ ਖੜ੍ਹਾ ਕਰ ਦਿੱਤਾ, ਹਿੰਦੂਆਂ ਤੇ ਮੁਸਲਮਾਨਾਂ ਨਾਲ ਨਫਰਤ ਭਰੇ ਰਵਈਏ ਨੇ ਪਾਕਿਸਤਾਨ ਹਕੀਕਤ ਵਿਚ ਲਿਆਂਦਾ ਐ । ਐਨ ਉਸੇ ਤਰ੍ਹਾਂ ਦਾ ਪਰਚਾਰ ਹੁਣ ਸਿੱਖਾਂ ਵਿਰੁੱਧ ਵਿੱਢਿਆ ਹੈ । ਹੁਣ ਉਹ

ਇਸ ਲਈ ਸ਼ੇਰ ਹਨ ਕਿ ਸਰਕਾਰ ਹਰ ਤਰ੍ਹਾਂ ਉਹਨਾਂ ਦੀ ਪਿੱਠ ਤੇ ਹੈ । ਟੀ. ਵੀ. ਤੇ ਰੇਡੀਓ ਝੂਠ ਬੋਲਦੇ ਰਹੇ । ਛੇੜੀ ਘੰਟੇ ਪਹਿਲਾਂ ਇੰਦਰਾ ਖੁਦ ਟੀ. ਵੀ. ਤੇ ਕਹਿ ਰਹੀ ਸੀ; ਦਰਬਾਰ ਸਾਹਿਬ ਵਿਚ ਫੌਜ ਨਹੀਂ ਜਾਵੇਗੀ । ਪਰ ਹੋਇਆ ਉਹ ਜ਼ੁਲਮ ਤੇ ਬੇਗੁਨਾਹ ਯਾਤਰੀਆਂ ਦਾ ਕਤਲਾਮ ਕਿ ਦੁਨੀਆਂ ਦੇ ਇਤਿਹਾਸ ਵਿਚ ਇਸਦੀ ਮਿਸਾਲ ਨਹੀਂ ਮਿਲਦੀ । ਇਹ ਬਿਲਕੁਲ ਇਉਂ ਸੀ ਜਿਵੇਂ ਰੋਮ ਸਰਕਾਰ ਵੈਟਿਕਨੀ ਸਿਟੀ ਦੇ ਗਿਰਜੇ ਉੱਤੇ ਚੜ੍ਹਾਈ ਕਰਕੇ ਉਹਦੇ ਅੰਦਰ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਤਹਿ ਤੇਗ ਕਰ ਸੁੱਟੇ। ਜੇ ਸੱਤਰ ਕਰੋੜ ਦੀ ਆਬਾਦੀ ਵਾਲੇ ਦੇਸ਼ ਦੀ ਪ੍ਰਧਾਨ ਮੰਤਰੀ ਝੂਠ ਬੋਲ ਸਕਦੀ ਹੈ, ਜ਼ੁਲਮ ਤੇ ਕਤਲਾਮ ਕਰਵਾ ਸਕਦੀ ਹੈ; ਫਿਰ ਪਨਾਹ ਤਾਂ ਵਾਹਿਗੁਰੂ ਹੀ ਦੇ ਸਕਦਾ ਹੈ, ਇਹਨਾਂ ਜ਼ੁਲਮਾਂ, ਕਤਲਾਂ, ਆਰਥਿਕ ਧੱਕਿਆਂ ਤੇ ਬੇਇਜ਼ਤੀ ਦਾ ਇਲਾਜ ਕੇਵਲ ਅਨੰਦਪੁਰ ਮਤੇ ਦੀ ਪਰਵਾਨਗੀ ਹੈ ।

ਅਨੰਦਪੁਰ ਦਾ ਮਤਾ

ਜਿਵੇਂ ਜਿਵੇਂ ਪੰਜਾਬ ਤੇ ਸਿੱਖਾਂ ਨਾਲ ਧੱਕੇ ਹੁੰਦੇ ਗਏ, ਤਿਵੇਂ ਇਕ ਸੋਚ ਉਭਰਦੀ ਗਈ ਕਿ ਸਿੱਖ ਕੌਮ ਆਪੇ ਦਾ ਬਚਾਅ ਕਿਵੇਂ ਕਰ ਸਕਦੀ ਹੈ ? ਕਿਉਂਕਿ ਧਰਮ, ਜ਼ਬਾਨ, ਸਭਿਆਚਾਰ ਤੇ ਪੈਦਾਵਾਰ ਦੇ ਆਰਥਿਕ ਵਸੀਲਿਆਂ ਨੂੰ ਲਗਾਤਾਰ ਢਾਹ ਲਗਦੀ ਆ ਰਹੀ ਸੀ । ਅੱਸੀ ਫ਼ੀ ਸਦੀ ਸਿਰ ਦੇ ਕੇ ਆਜ਼ਾਦ ਕਰਵਾਏ ਦੇਸ਼ ਵਿਚ ਸਿੱਖ ਆਜ਼ਾਦੀ ਦਾ ਸੁੱਖ ਨਹੀਂ ਮਾਣ ਸਕੇ, ਸਗੋਂ ਉਹਨਾਂ ਦੀ ਮਾਣ ਹਾਨੀ ਹੋਈ ਹੈ, ਕਿਸਾਨਾਂ ਦੀ ਆਪਣੀ ਪੈਦਾ ਕੀਤੀ ਜਿਣਸ ਹਿੰਦ ਸਰਕਾਰ ਮਨਮਰਜ਼ੀ ਦੇ ਭਾਅ ਚੁੱਕ ਲੈਂਦੀ ਰਹੀ ਹੈ । ਜਦੋਂ ਕਣਕ, ਚੌਲ ਤੇ ਕਪਾਹ ਖੇਤਾਂ ਵਿਚੋਂ ਨਿਕਲਦੇ, ਸਸਤੇ, ਬਾਕੀ ਸਾਰਾ ਸਾਲ ਮਹਿੰਗੇ । ਹਿੰਦੁਸਤਾਨ ਹੀ ਇਕ ਅਜਿਹਾ ਦੇਸ਼ ਐ, ਜਿਥੇ ਖੰਡ, ਸੀਮਿੰਟ ਤੇ ਲੋਹੇ ਆਦਿ ਦੇ ਦੋ ਭਾਅ ਚਲਦੇ ਹਨ । ਮਿਲਾਂ ਵਾਲਿਆਂ ਤੋਂ ਅਰਬਾਂ ਰੁਪਏ ਫੰਡ ਲੈ ਕੇ ਉਹਨਾਂ ਨੂੰ ਲੁੱਟ ਦੀ ਖੁਲ੍ਹੀ ਛੁੱਟੀ ਦੇ ਦਿੱਤੀ ਜਾਂਦੀ ਹੈ । ਇਹਨਾਂ ਮਾਰੂ ਔਕੜਾਂ ਨੂੰ ਮੁੱਖ ਰੱਖਦਿਆਂ ਵੱਧ ਅਧਿਕਾਰਾਂ ਵਾਲਾ ਅਨੰਦਪੁਰ ਦਾ ਮਤਾ ਅੱਗੇ ਲਿਆਂਦਾ ਗਿਆ । ਜਿਸ ਦਾ ਭਾਵ ਫੈਡਰਲ ਢਾਂਚਾ ਬਣਦਾ ਹੈ । ਸੈਂਟਰ ਚਾਰ ਮਹਿਕਮੇ, ਡੀਫੈਂਸ, ਫਾਰਨ ਪਾਲਿਸੀ, ਖਜ਼ਾਨਾ ਤੇ ਆਵਾਜਾਈ ਆਪਣੇ ਕੋਲ ਰੱਖੇ ਤੇ ਬਾਕੀ ਵਿਭਾਗ ਰਾਜਾਂ ਕੋਲ ਰਹਿਣ । ਕੋਈ ਰਾਜ ਜਿੰਨੀ ਚਾਹੇ ਤਰੱਕੀ ਕਰੇ, ਉਹਨੂੰ ਕੋਈ ਹਟਕ ਰੋਕ ਨਾ ਹੋਵੇ । ਪੰਜਾਬ ਵਿਚ ਹੁਣ ਤੱਕ ਸਰਕਾਰ ਵਲੋਂ ਧੇਲੇ ਦਾ ਕਾਰਖਾਨਾ ਨਹੀਂ ਲੱਗਾ । ਪਰ ਯੂ. ਪੀ. ਵਿਚ ਖਰਬਾਂ ਰੁਪਏ ਦੀ ਇੰਡਸਟਰੀ ਉਸਾਰੀ ਗਈ ਹੈ । ਖਾਦ ਦੇ ਕਾਰਖਾਨੇ

ਉਹਨਾਂ ਰਾਜਾਂ ਨੂੰ ਦਿੱਤੇ ਹਨ, ਜਿਹੜੇ ਖਾਦ ਸਭ ਤੋਂ ਘੱਟ ਵਰਤਦੇ ਹਨ । ਪੰਜਾਬ ਵਿਚ ਦੋ ਲੱਖ ਦੇ ਨੇੜੇ ਤੇੜੇ ਟਰੈਕਟਰ ਚਲਦੇ ਹਨ । ਪਰ ਬਾਹਰੋਂ ਲਿਆ ਕੇ ਜੋੜੇ ਦੂਜੇ ਸੂਬਿਆਂ ਵਿਚ ਜਾਂਦੇ ਹਨ । ਪੰਜਾਬ ਨੂੰ ਸੈਂਟਰ ਦੇ ਟੈਕਸ ਨਾਲ ਵਾਧੂ ਸਟੇਟ ਡਿਊਟੀ ਵੀ ਦੇਣੀ ਪੈਂਦੀ ਹੈ । ਇਸ ਤਰ੍ਹਾਂ ਹੋਰ ਕਿੰਨੀਆਂ ਹੀ ਆਰਥਿਕ ਪੇਚੀਦਗੀਆਂ ਨੂੰ ਮੁੱਖ ਰੱਖ ਕੇ ਅਕਾਲੀ ਦਲ ਨੇ ਅਨੰਦਪੁਰ ਦਾ ਮਤਾ ਮੋਰਚੇ ਵਿਚ ਮੁੱਖ ਮੰਗ ਵਜੋਂ ਪੇਸ਼ ਕੀਤਾ । ਇਸ ਮੰਗ ਨੂੰ ਵੱਖਵਾਦੀ ਆਖ ਕੇ ਇੰਦਰਾ ਤੇ ਰਾਜੀਵ ਨੇ ਸਿੱਖ ਕੌਮ ਨੂੰ ਸਾਰੇ ਸੰਸਾਰ ਵਿਚ ਭੰਡਿਆ, ਤੇ ਪਿਛਲੀਆਂ ਪਾਰਲੀਮੈਂਟ ਦੀਆਂ ਚੋਣਾਂ ਜਿੱਤੀਆਂ । ਹਾਲਾਂ ਕਿ ਆਂਧਰਾ, ਬੰਗਾਲ, ਕਰਨਾਟਕ ਤੇ ਤਾਮਿਲਨਾਡੂ ਸੂਬਿਆਂ ਨੇ ਇਸ ਤੋਂ ਕਿਤੇ ਵੱਧ ਅਧਿਕਾਰ ਮੰਗ ਰੱਖੇ ਹਨ । ਉਹਨਾਂ ਨੂੰ ਵੱਖਵਾਦੀ ਆਖਣ ਦੀ ਇੰਦਰਾ ਤੇ ਰਾਜੀਵ ਨੂੰ ਜੁਰਅਤ ਨਹੀਂ ਪਈ । ਰਾਜੀਵ ਤੇ ਸੰਤ ਲੌਂਗੋਵਾਲ ਵਿਚਕਾਰ ਸਮਝੌਤਾ ਇਕ ਪੜਾਅ ਹੈ, ਸਾਡੀ ਮੰਜ਼ਿਲ ਨਹੀਂ । ਉਹ ਵੀ ਜੇ ਸਾਰਥਕ ਢੰਗ ਨਾਲ ਪਰਵਾਨ ਚੜ੍ਹਾਇਆ ਜਾਵੇ ਪਰ ਮੈਨੂੰ ਸੈਂਟਰ ਦੀ ਨੀਅਤ ਪੁਰਾਣੀ ਲੀਹ ਵਾਂਗ ਨੇਕ ਨਹੀਂ ਲਗਦੀ । ਕਿਉਂਕਿ ਸਿੱਖ ਕੌਮ ਸਾਰੇ ਹਿੰਦੁਸਤਾਨ ਤੇ ਸਾਰੇ ਸੰਸਾਰ ਵਿਚ ਖਿਲਰੀ ਪਈ ਹੈ । ਅਸੀਂ ਵੱਖਵਾਦੀ ਸੋਚ ਨਾਲ ਮਾਰਕਾਟ ਦੇ ਮੂੰਹ ਆਉਂਦੇ ਆਂ । ਇਸ ਲਈ ਕੌਮੀ ਘੇਰੇ ਵਿਚ ਆਨੰਦਪੁਰ ਦਾ ਮਤਾ ਦੇਸ਼ ਨੂੰ ਇਕ ਵੀ ਰੱਖਦਾ ਹੈ ਤੇ ਸਿੱਖਾਂ ਨੂੰ ਸੁਰੱਖਿਆ ਨਾਲ ਮਨਚਾਹੀ ਆਜ਼ਾਦੀ ਵੀ ਦੇਂਦਾ ਹੈ । ਸੋ ਫੈਡਰਲ ਢਾਂਚਾ ਸਾਡੀ ਮੰਜ਼ਿਲ ਹੈ । ਉਹਦੀ ਸੰਪੂਰਨ ਪ੍ਰਾਪਤੀ ਲਈ ਸਾਰਥਕ ਜਦੋ-ਜਹਿਦ ਜਾਰੀ ਰਹਿਣੀ ਚਾਹੀਦੀ ਹੈ ।

ਸੰਪੂਰਨ ਪ੍ਰਾਪਤੀ

ਗੁਰਦੁਆਰਿਆਂ ਦੀ ਆਜ਼ਾਦੀ ਪਿੱਛੋਂ ਅਕਾਲੀ ਦਲ ਵਿਚੋਂ ਕੱਚੇ ਪੱਕੇ ਲੀਡਰ ਤਿੜਕਦੇ ਹੀ ਰਹੇ ਹਨ । ਲੀਡਰ ਬਣੇ ਰਹਿਣ ਲਈ ਪੰਥ ਖਤਰੇ ਵਿਚ ਦਾ ਨਾਅਰਾ ਤਾਂ ਦੇਂਦੇ ਰਹੇ, ਪਰ ਪ੍ਰਾਪਤੀ ਵੱਲ ਧਿਆਨ ਨਹੀਂ ਕੀਤੀ । ਸਗੋਂ ਮਿਲਦੇ ਨੂੰ ਵੀ ਹਾਰਦੇ ਹੀ ਰਹੇ । ਜੇ ਅਨੰਦਪੁਰ ਦੇ ਮਤੇ ਨੂੰ ਮੁਕੰਮਲ ਪ੍ਰਵਾਨਗੀ ਨਹੀਂ ਮਿਲਦੀ, ਸਿੱਖ ਕੌਮ ਦਾ ਜੈਨੀਆਂ ਬੋਧੀਆਂ ਵਾਂਗ ਹਿੰਦੂਆਂ ਵਿਚ ਰੋਲਮੇਲ ਹੋਣਾ ਅਵੱਸ਼ ਹੈ । ਕਬੀਰ ਜੀ ਆਪਣੇ ਸਮੇਂ ਦੇ ਬ੍ਰਾਹਮਣਵਾਦ ਵਿਰੁੱਧ ਬਾਗੀ ਭਗਤ ਸਨ। ਪਰ ਉਹਨਾਂ ਪਿੱਛੋਂ ਸਿਆਣੀ ਲੀਡਰਸ਼ਿਪ ਨਾ ਹੋਣ ਤੇ ਜਥੇਬੰਦੀ ਦੀ ਅਣਹੋਂਦ ਕਾਰਨ ਉਹਦੇ ਵਿਚਾਰ ਸਮਾਜ ਵਿਚ ਤਬਦੀਲੀ ਨਾ ਲਿਆ ਸਕੇ । ਬ੍ਰਾਹਮਣਵਾਦ ਵਾਲੀ ਜਾਤਪਾਤ ਪਹਿਲਾਂ ਵਾਂਗ ਹੀ ਪ੍ਰਧਾਨ ਰਹੀ । ਜੇ ਭਾਜ ਦਿੱਤੀ ਤਾਂ ਲਗਾਤਾਰ ਦਸਾਂ ਗੁਰੂਆਂ ਦੀ ਜਦੋ-ਜਹਿਦ ਨੇ । ਜੇ ਗੁਰੂ ਗੋਬਿੰਦ ਸਿੰਘ ਤਲਵਾਰ ਨਾ ਚੁੱਕਦੇ

ਤੇ ਬੰਦਾ ਬਹਾਦਰ ਖਾਲਸਾ ਰਾਜ ਕਾਇਮ ਨਾ ਕਰਦਾ, ਰੂੜ੍ਹੀਵਾਦੀ ਬ੍ਰਾਹਮਣੀ ਕੀਮਤਾਂ ਨੇ ਮੁੜ ਪੰਜਾਬ ਨੂੰ ਦੱਬ ਲੈਣਾ ਸੀ । ਰਾਜਸੀ ਤਾਕਤ ਬਿਨਾਂ ਕੋਈ ਧਰਮ ਕਾਇਮ ਨਹੀਂ ਰਹਿ ਸਕਦਾ । ਗੁਰੂ ਗੋਬਿੰਦ ਸਿੰਘ ਤੇ ਬੰਦਾ ਬਹਾਦਰ ਨੇ ਪਹਿਲੋਂ ਸਿੱਖ ਸੋਧ ਕਾਇਮ ਕਰ ਦਿੱਤੀ ਹੈ । ਸਾਰਥਕ ਵਿਚਾਰ ਲਾਗੂ ਕਰਨ ਲਈ ਇਤਿਹਾਸ ਵਿਚ ਬਹੁਤੇ ਮਹਾਂ ਪੁਰਖਾਂ ਨੇ ਤਲਵਾਰ ਚੁੱਕੀ ਹੈ ਸੋ ਅਨੰਦਪੁਰ ਦੇ ਮਤੇ ਅਥਵਾ ਆਜ਼ਾਦੀ ਦੀ ਪ੍ਰਾਪਤੀ ਲਈ; ਇਨਕਲਾਬੀ ਪਾਰਟੀ ਨਾਲ ਈਮਾਨਦਾਰ ਤੇ ਦੂਰਦਰਸ਼ਤਾ ਵਾਲੇ ਨਿਸ਼ਕਾਮ ਲੀਡਰ ਦੀ ਵੀ ਲੋੜ ਹੈ । ਪੁਰਾਣੀ ਪੀੜ੍ਹੀ ਦਾ ਹੀਜ ਪਿਆਜ ਟੋਹਿਆ ਜਾ ਚੁੱਕਾ ਹੈ । ਹੁਣ ਤਾਂ ਸਾਇੰਸੀ ਸੋਚ ਵਾਲੀ ਜਮਾਤ ਨੂੰ ਅੱਗੇ ਲਿਆਂਦੇ ਬਿਨਾਂ ਮੋਰਚਾ ਸਰ ਨਹੀਂ ਹੋਣਾ । ਮੇਰੇ ਵਿਚਾਰ ਵਿਚ ਮੋਰਚਾ ਹਾਲੇ ਸ਼ੁਰੂ ਹੋਇਆ ਹੀ ਹੈ । ਡਸਿਪਲਨ ਤੇ ਏਕਤਾ ਦੀ ਗਰੰਟੀ ਚਾਹੀਦੀ ਹੈ । ਸਾਡੇ ਪੰਜਾਬ ਅਥਵਾ ਸਿੱਖਾਂ ਵਿਚ ਕੁਦਰਤੀ ਜੋਸ਼ੀਲੇ ਸੁਭਾ ਹੋਣ ਕਾਰਨ ਜੱਥੇਬੰਦੀਆਂ ਉਭਰਦੀਆਂ ਵੀ ਬਹੁਤ ਹਨ ਤੇ ਖਿਲਰਦੀਆਂ ਵੀ ਏਸੇ ਰਫਤਾਰ ਨਾਲ ਹਨ । ਸਾਡੀ ਮੰਜ਼ਿਲ ਇਕ ਦਿਨ ਵਿਚ ਤਹਿ ਹੋਣ ਵਾਲੀ ਨਹੀਂ । ਸਾਲਾਂ ਬੱਧੀ ਜਦੋਜਹਿਦ ਮੰਗਦੀ ਹੈ । ਅਨੰਦਪੁਰ ਦੇ ਮਤੇ ਨੂੰ ਨਿਸ਼ਾਨਾ ਬਣਾ ਕੇ ਇਕ ਮੁੱਠ ਹੋਣਾ ਪਏਗਾ । ਗਦਾਰਾਂ ਤੇ ਪੱਜਲਾਂ ਨੂੰ ਨਿਖੇੜਨਾ ਹੋਵੇਗਾ । ਏਕਤਾ ਸਾਰੀਆਂ ਪ੍ਰਾਪਤੀਆਂ ਦੀ ਮਾਂ ਹੈ ।

ਪੰਜਾਬ ਦੇ ਹਿੰਦੂਆਂ ਦਾ ਰੋਲ ਹੁਣ ਤੱਕ ਜ਼ਬਾਨ ਤੇ ਸਭਿਆਚਾਰ ਪੱਖੋਂ ਹੀ ਨਹੀਂ, ਹੁੰਦੇ ਆਰਥਿਕ ਧੱਕਿਆਂ ਵਿਚ ਵੀ ਪੰਜਾਬ ਵਿਰੋਧੀ ਰਿਹਾ ਹੈ । ਪਰ ਹੁਣ ਮੱਛੀ ਨੇ ਪੱਥਰ ਚੱਟ ਕੇ ਮੋੜ ਖਾਧਾ ਹੈ । ਉਹਨਾਂ ਦੀ ਇਸ ਸੁਹਿਰਦਤਾ ਨੂੰ ਯਕੀਨ ਦੁਆਉਣਾ ਹੋਵੇਗਾ ਕਿ ਅਸੀਂ ਤੁਹਾਡੇ ਨਾਲ ਜੀਆਂਗੇ, ਨਾਲ ਮਰਾਂਗੇ । ਅੱਡ ਹੋਣ ਦਾ ਸਵਾਲ ਹੀ ਨਹੀਂ । ਅਸੀਂ ਮਿਲ ਕੇ ਖੁਸ਼ਹਾਲ ਪੰਜਾਬ ਵੱਲ ਵਧਾਂਗੇ। ਯਾਦ ਰਹੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਭ ਤੋਂ ਵੱਧ ਹਿੰਦੂ ਵਜ਼ੀਰ ਸਨ, ਉਸ ਤੋਂ ਘੱਟ ਮੁਸਲਮਾਨ ਤੇ ਸਭ ਤੋਂ ਘੱਟ ਸਿੱਖ । ਉਹ ਇਕ ਤਰ੍ਹਾਂ ਦਾ ਸਾਂਝਾ ਰਾਜ ਸੀ । ਜੇ ਹਿੰਦੂ ਆਰੀਆ ਸਮਾਜੀਆਂ ਦੇ ਚਾਹੇ ਚੜ੍ਹਕੇ ਪੰਜਾਬੀ ਜ਼ਬਾਨ ਤੋਂ ਮੁਨਕਰ ਨਾ ਹੁੰਦੇ, ਪੰਜਾਬ ਕਦੇ ਘੱਲੂਘਾਰਿਆਂ ਦੇ ਮੂੰਹ ਨਾ ਆਉਂਦਾ। ਹਿੰਦੂ ਭਰਾਵਾਂ ਨੂੰ ਨਾਲ ਰੱਖਣਾ ਹੈ । ਅਸਾਂ ਬੜੇ ਜ਼ਖਮ ਖਾਧੇ ਹਨ, ਬੇਥਾਹ ਸਿਰ ਦਿੱਤੇ ਹਨ । ਸਾਡੇ ਧਰਮ ਦੀ ਬੇਪਤੀ ਹੋਈ ਹੈ । ਪਰ ਕਿਸੇ ਵੀ ਤਰ੍ਹਾਂ ਦਾ ਖ਼ੂਨ-ਖ਼ਰਾਬਾ ਉਸ ਦੀ ਹੱਕ ਤਲਫੀ ਨਹੀਂ । ਅਨੰਦਪੁਰ ਮਤੇ ਦੀ ਪ੍ਰਾਪਤੀ ਦੇ ਰਾਹ ਹੋਰ ਵੀ ਲਹੂ ਡੁਲ੍ਹ ਸਕਦਾ ਹੈ । ਪਰ ਅਸਾਂ ਮੰਜ਼ਿਲ ਦੀ ਪ੍ਰਾਪਤੀ ਤੋਂ ਉਰੇ

ਨਹੀਂ ਰੁਕਣਾ । ਨਾ ਖੱਬੇ, ਨਾ ਸੱਜੇ ਅਸਾਂ ਆਪਣੀ ਮੰਜ਼ਿਲ ਦੀ ਸੇਧ ਤੁਰੇ ਜਾਣਾ ਹੈ । ਇਹਨਾਂ ਹਾਲਾਤ ਵਿਚ ਏਹੋ ਸਿੱਖ ਸੇਧ ਬਣਦੀ ਹੈ, ਏਹੋ ਪੰਜਾਬੀ ਸੇਧ। ਵੱਧ ਅਧਿਕਾਰਾਂ ਨਾਲ ਸਾਡੀ ਆਰਥਿਕ ਗੁਲਾਮੀ ਦੇ ਸੰਗਲ ਕੱਟੀਦੇ ਹਨ । ਆਪਣੇ ਪੈਰਾਂ ਸਿਰ ਹੋਣ ਨਾਲ ਸਿੱਖ ਧਰਮ ਦੇ ਸਾਰੇ ਖਤਰੇ ਦੂਰ ਹੁੰਦੇ ਹਨ । ਫਿਰ ਅਸਾਂ ਉਸਾਰਨਾ ਹੀ ਉਸਾਰਨਾ ਹੈ, ਦੇਣਾ ਹੀ ਦੇਣਾ ਹੈ, ਲੈਣਾ ਕਿਸੇ ਤੋਂ ਕੁਝ ਨਹੀਂ । ਅਸਾਂ ਆਪਣੇ ਥਿੜਕੇ ਵਿਸ਼ਵਾਸ ਨੂੰ ਮੁੜ ਪੱਕਿਆਂ ਕਰਨਾ ਹੈ । ਕਿਰਤ ਕਰਨ ਵਾਲੀ ਤੇ ਕੁਰਬਾਨੀ ਦੇਣ ਵਾਲੀ ਕੌਮ ਭਾਵੇਂ ਕਿੰਨੀ ਛੋਟੀ ਹੋਵੇ, ਕਦੇ ਮਰ ਨਹੀਂ ਸਕਦੀ । ਸਾਡਾ ਭਰੋਸਾ ਇਕ ਨੂੰ ਸਵਾ ਲੱਖ ਸਿਥ ਕੇ ਬਲਵਾਨ ਹੁੰਦਾ ਰਿਹਾ ਹੈ, ਗੁਰੂ ਗੋਬਿੰਦ ਸਿੰਘ ਨੇ ਇਕ ਹੀ ਤਾਂ ਸਾਨੂੰ ਗੱਲ ਸਿਖਾਈ ਹੈ, ਹਜ਼ਾਰਾਂ ਔਕੜਾਂ ਤੇ ਘੱਲੂਘਾਰਿਆਂ ਵਿਚ ਮੇਰੇ ਸਿੱਖ ਚੜ੍ਹਦੀ ਕਲਾ ਵਿਚ ਰਹਿਣਗੇ । ਸੋ, ਸਾਡਾ ਇਤਿਹਾਸ ਅੱਗੇ ਵੱਧਣ ਲਈ ਲਲਕਾਰ ਰਿਹਾ ਹੈ ।

ਬਰਮਿੰਘਮ ਕਾਨਫਰੰਸ ਵਿਚ ਪੜ੍ਹਿਆ ਗਿਆ । 26-10-85

• ਸਮਝੌਤੇ ਦੀ ਲੀਡਰਾਂ ਨੂੰ ਚਿਤਾਵਨੀ

ਸਮਝੌਤਾ ਮੰਜ਼ਲ ਨਹੀਂ, ਇਕ ਪੜਾਅ ਹੈ । ਇਨ੍ਹਾਂ ਹਾਲਾਤ ਵਿਚ ਇਹ ਹੋ ਹੀ ਜਾਣਾ ਚਾਹੀਦਾ ਸੀ ।

ਪੰਜਾਬੀ ਲਈ ਸਮੱਸਿਆ ਹੈ ਕੇਂਦਰ ਵਲੋਂ ਆਰਥਿਕ ਲੁੱਟ ਤੇ ਸਿੱਖਾਂ ਲਈ ਇਸ ਨਜ਼ਾਮ ਵਿਚ ਸਿੱਖੀ ਦਾ ਖੁਰਨਾ । ਵੰਡ ਦੇ ਸੰਨ ਸੰਤਾਲੀ ਤੋਂ ਅਕਾਲੀਆਂ ਵੱਡੀਆਂ ਭੁੱਲਾਂ ਕੀਤੀਆਂ ਹਨ । ਕਲ੍ਹ ਦੀਆਂ ਭੁੱਲਾਂ ਦੇ ਸਿੱਟੇ ਅੱਜ ਨੂੰ ਭੁਗਤਣੇ ਪੈ ਰਹੇ ਹਨ । ਪਾਕਿਸਤਾਨ ਬਣਨ ਦਾ ਦੋਸ਼ ਨਿਰਾ ਮਿਸਟਰ ਜਿਨਾਹ ਤੇ ਅੰਗਰੇਜ਼ ਸਾਮਰਾਜ ਨੂੰ ਹੀ ਨਹੀਂ ਦਿੱਤਾ ਜਾ ਸਕਦਾ, ਸਗੋਂ ਜਵਾਹਰ ਲਾਲ ਨਹਿਰੂ ਕਿਵੇਂ ਵੀ ਘੱਟ ਦੋਸ਼ੀ ਨਹੀਂ । ਨਹਿਰੂ ਖ਼ਾਨਦਾਨ ਦੇ ਤਾਕਤ ਤੇ ਕਾਬਜ਼ ਰਹਿਣ ਕਾਰਨ ਨੈਸ਼ਨਲ ਪ੍ਰੈਸ (ਜਿਹੜੀ ਹੁਣ ਤੱਕ ਫਿਰਕੂ ਰਹੀ ਹੈ) ਨੇ ਇਸ ਤਾਰੀਖ਼ੀ ਸਚਾਈ ਉੱਤੇ ਪਰਦਾ ਪਾਈ ਰੱਖਿਆ ਹੈ । ਪਰ ਸਚਾਈ ਸੌ ਪਰਦੇ ਪਾੜ ਕੇ ਬਾਹਰ ਆ ਰਹੀ ਹੈ । ਸਾਰੇ ਦੇਸ਼ ਨੂੰ ਇਕ ਰੱਖਣ ਵਾਲੀ ਅਕਾਲੀ ਪਾਰਟੀ ਦਾ ਸਟੈਂਡ ਬਹੁਤ ਵਧੀਆ ਸੀ । ਪਰ ਜਦ ਮੇਲੇ ਵਿਚ ਚੱਕੀ ਰਾਹੇ ਦਾ ਕੁਝ ਨਾ ਵੱਟਿਆ ਗਿਆ, ਤਦ ਵੰਡ ਵਿਚੋਂ ਆਪਣਾ ਹਿੱਸਾ ਨਾ ਲੈਣਾ ਪਹਿਲੀ ਇਤਿਹਾਸਕ ਗਲਤੀ ਸੀ। ਸਿੱਖਾਂ ਨੂੰ ਅੰਗਰੇਜ਼ ਨੇ ਤੀਜੀ ਕੌਮ ਅਥਵਾ ਵੰਡ ਦੀ ਧਿਰ ਮੰਨਿਆ ਸੀ ਤੇ ਸਿੱਖਾਂ ਨੂੰ ਰਾਜ਼ੀ ਕਰੇ ਬਿਨਾਂ ਕਿਵੇਂ ਵੀ ਗੁਜ਼ਾਰਾ ਨਹੀਂ ਸੀ । ਭਾਵੇਂ ਉਦੋਂ ਲੁਧਿਆਣੇ ਜ਼ਿਲ੍ਹੇ ਤੇ ਮੋਗਾ ਤਹਿਸੀਲ ਵਿਚ ਹੀ ਸਿੱਖਾਂ ਦੀ ਬਹੁਗਿਣਤੀ ਸੀ, ਪਰ ਸਮਝੌਤੇ ਵਿਚ ਸੁਰੱਖਿਆ ਦੀ ਗਰੰਟੀ ਤਾਂ ਲਈ ਹੀ ਜਾ ਸਕਦੀ ਸੀ ਜਾਂ ਪੰਜਾਬ ਦੇ ਕੁਝ ਹਿੱਸੇ ਵਿਚ ਅੰਦਰੂਨੀ ਖੁਦਮੁਖਤਾਰੀ ਸੁਖਾਲੀ ਹੀ ਮੰਨਵਾਈ ਜਾ ਸਕਦੀ ਸੀ । ਪਰ ਮਾਸਟਰ ਤਾਰਾ ਸਿੰਘ ਨੇ ਹਿੰਦੂ ਲੀਡਰਾਂ ਦੇ ਫੋਕੇ ਲਾਰਿਆਂ ਉਤੇ ਇਤਬਾਰ

ਕਰ ਲਿਆ, ਮੁਲਕ ਕੌਮੀ ਨਹੀਂ ਸਗੋਂ ਫਿਰਕੂ ਲੀਹਾਂ ਤੇ ਹਿੰਦੂ ਤੇ ਮੁਸਲਮਾਨ ਵਿਚ ਵੰਡਿਆ ਗਿਆ। ਗਾਂਧੀ ਨਹਿਰੂ ਤੇ ਪਟੇਲ ਆਦਿ ਸਭ ਹਿੰਦੂ ਜਮਾਤ ਦੇ ਤਰਜਮਾਨ ਸਨ। ਮੌਲਾਨਾ ਅਬਦੁਲ ਕਲਾਮ ਅਜ਼ਾਦ ਇਕ ਨੈਸ਼ਨਲ ਲੀਡਰ ਸੀ, ਜਿਹੜਾ ਆਖਰੀ ਦਮ ਤੱਕ ਮੁਲਕ ਨੂੰ ਇਕ ਰੱਖਣ ਲਈ ਵਾਹ ਲਾਉਂਦਾ ਰਿਹਾ। ਪਰ ਨਹਿਰੂ ਦੀ ਜ਼ਿਦ ਆਖਰ ਮੁਲਕ ਨੂੰ ਦੋ ਫਾੜ ਕਰ ਗਈ। ਮਿਸਟਰ ਜਿਨਾਹ ਦੇ ਉਮਰ ਭਰ ਲਈ ਪ੍ਰਧਾਨ ਟਿਕੇ ਰਹਿਣ ਨਾਲ ਮੇਚਬਾਜ਼ੀ ਨਹਿਰੂ ਮਨਆਈਆਂ ਨਹੀਂ ਕਰ ਸਕਦਾ ਸੀ। ਕਿਉਂਕਿ ਨਹਿਰੂ ਤੇ ਜਿਨਾਹ ਦੀ ਲਿਆਕਤ ਵਿਚ ਬਹੁਤ ਫ਼ਰਕ ਸੀ। ਸਿੱਖਾਂ ਨੇ ਹਿੰਦੂ ਫਿਰਕਾਪ੍ਰਸਤ ਲੀਡਰਾਂ ਉੱਤੇ ਇਤਬਾਰ ਕਰ ਲਿਆ ਭਰੋਸਾ ਕਰਦੇ ਐ ਭੋਲੇ, ਸਾਫ ਦਿਲ ਤੇ ਅਣਜਾਣ। ਸੋ ਇਹ ਮੁਢਲੀ ਗਲਤੀ ਉਨ੍ਹਾਂ ਲਈ ਤਾਰੀਖ਼ੀ ਮਾਰ ਬਣ ਗਈ।

ਦੂਜੀ ਗਲਤੀ ਗੁਰਮੁਖ ਸਿੰਘ ਮੁਸਾਫ਼ਰ ਨੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਬਣਾਉਣ ਦੇ ਹੱਕ ਵਿਚ ਵੋਟ ਦੇ ਕੇ ਕੀਤੀ। ਉਸ ਦੀ ਇਕੋ ਇਕ ਵੋਟ ਕਾਰਨ ਹਿੰਦੀ ਰਾਸ਼ਟਰ ਭਾਸ਼ਾ ਬਣ ਗਈ। ਜਿਸ ਨਾਲ ਸਭਿਆਚਾਰ ਪੱਖੋਂ ਹਿੰਦੂ ਸਾਮਰਾਜ ਲਈ ਵਧਣ ਫੁਲਣ ਦਾ ਰਾਹ ਖੁਲ੍ਹ ਗਿਆ। ਭਾਰਤ ਵਿਚ ਡੈਮੋਕਰੇਸੀ ਇਕ ਫਰਾਡ ਹੈ, ਜਿਸ ਨੂੰ ਦੁਨੀਆਂ ਭਰ ਨੇ ਅੱਖੀਂ ਵੇਖ ਲਿਆ ਹੈ। ਮੌਲਾਨਾ ਆਜ਼ਾਦ ਨੇ ਘਟ ਗਿਣਤੀਆਂ ਦੇ ਹਿੱਤਾਂ ਵਲੋਂ ਮੁਸਾਫ਼ਰ ਦੀ ਵੋਟ ਉੱਤੇ ਮੱਥੇ ਤੇ ਹੱਥ ਮਾਰਿਆ, ਵਾਹ ਕਿਸਮਤ! ਇਹ ਸਿੱਖ ਪਾਰਲੀਮੈਂਟ ਦੀ ਇਕ ਮੈਂਬਰੀ ਤੇ ਵਿਕ ਗਏ। ਹਿੰਦੀ ਦੇ ਰਾਸ਼ਟਰ ਭਾਸ਼ਾ ਬਣਨ ਨਾਲ ਪੰਜਾਬੀ ਜ਼ਬਾਨ ਤੇ ਸਭਿਆਚਾਰ ਨੂੰ ਜੋ ਢਾਹ ਲੱਗੀ ਤੇ ਲਗਾਤਾਰ ਲਗ ਰਹੀ ਹੈ, ਉਹਦਾ ਅੰਦਾਜ਼ਾ ਅੱਖਾਂ ਵਾਲੇ ਤਾਂ ਲਾ ਸਕਦੇ ਐ, ਆਮ ਸਿੱਖ ਲੀਡਰ ਨਹੀਂ, ਜਿਨ੍ਹਾਂ ਹਿੰਦੁਸਤਾਨੀ ਦੀ ਥਾਂ ਹਿੰਦੀ ਦਾ ਸਮਰਥਨ ਬਿਨਾਂ ਕਿਸੇ ਸ਼ਰਤ ਕਰ ਦਿੱਤਾ। ਘੱਟੋ-ਘੱਟ ਇਹ ਪੰਜਾਬ ਦੇ ਹਿੰਦੂਆਂ ਤੋਂ ਪੰਜਾਬ ਦੀ ਜ਼ਬਾਨ ਪੰਜਾਬੀ ਹੈ ਦਾ ਹੱਕ ਤਾਂ ਮਨਵਾ ਹੀ ਸਕਦੇ ਸਨ। ਸਭਿਆਚਾਰ ਢਾਹ ਤਪਦਿਕ ਵਾਂਗ ਕੌਮੀ ਢਾਂਚੇ ਨੂੰ ਹੌਲੀ-ਹੌਲੀ ਖਾਂਦੀ ਹੈ। ਪਤਾ ਉਦੋਂ ਲੱਗਦਾ ਹੈ, ਜਦ ਢਾਂਚਾ ਧੌੜਾਲ ਆ ਡਿਗਦਾ ਹੈ। ਸੋ ਨਤੀਜੇ ਸਭ ਦੇ ਸਾਹਮਣੇ ਹਨ।

ਤੀਜੀ ਗਲਤੀ ਤੇ ਗਲਤੀ ਕਾਂਗਰਸੀ ਸਿੱਖਾਂ ਕੀਤੀ, ਜਿਹੜੇ ਪੰਜਾਬ ਦੇ ਆਰਥਿਕ ਹਿੱਤਾਂ ਲਈ ਕਦੇ ਵੀ ਨਾ ਅੜੇ। ਲੜਨਾਂ ਤਾਂ ਵਿਚਾਰਿਆਂ ਕੀ ਸੀ। ਸਗੋਂ ਜ਼ਬਾਨ ਦੇ ਅਧਾਰ ਤੇ ਪੰਜਾਬੀ ਸੂਬੇ ਦੀ ਵਿਰੋਧਤਾ ਕਰਦੇ ਰਹੇ। ਬਿਜਲੀ ਪਾਣੀ ਬਾਰੇ ਜੋ ਫਾਰਮੂਲਾ ਸੈਂਟਰ ਨੇ ਉਨ੍ਹਾਂ ਅੱਗੇ ਰਖਿਆ, ਝਟ ਅੰਗੂਠਾ ਠੱਪ ਦਿੱਤਾ।

ਇਨ੍ਹਾਂ ਦਾ ਇਤਿਹਾਸਕ ਰੋਲ ਪੰਜਾਬ ਦੇ ਹਿੱਤਾਂ ਵਿਰੁਧ ਭੋਲੀ ਹੁਕਾਂ ਵਾਲਾ ਹੀ ਸਾਬਤ ਹੁੰਦਾ ਹੈ । ਉਨ੍ਹਾਂ ਨੂੰ ਪੰਜਾਬ ਦੀ ਗੱਦੀ ਚਾਹੀਦੀ ਸੀ । ਸੈਂਟਰ ਨੇ ਜੋ ਚਾਹਿਆ, ਲਿਖਵਾ ਲਿਆ । ਇਨ੍ਹਾਂ ਪੰਜਾਬ ਦੀ ਜਿਣਸ ਤੇ ਪੈਦਾਵਾਰ ਸਾਧਨ, ਮਨਿਸਟਰੀਆਂ ਪਿਛੇ ਸੈਂਟਰ ਦੀ ਮਰਜ਼ੀ ਦੇ ਭਾਅ ਲੁਟਾ ਦਿੱਤੇ ।

ਚੌਥੀ ਗਲਤੀ ਅਕਾਲੀਆਂ ਦਾ ਕਾਂਗਰਸ ਨਾਲ ਮਿਲਣਾ ਤੇ ਕੁਝ ਵੀ ਪ੍ਰਾਪਤ ਨਾ ਕਰਨਾ ਸੀ । ਜਿਸ ਨਾਲ ਸਿੱਖ ਜਗਤ ਵਿਚ ਅਵਿਸ਼ਵਾਸ ਤੇ ਬੇ-ਦਿਲੀ ਆਈ।

ਛੋਟੀਆਂ ਮੋਟੀਆਂ ਹੋਰ ਵੀ ਗਲਤੀਆਂ ਹਨ । ਪਰ ਇਨ੍ਹਾਂ ਦੇ ਮੁਕਾਬਲੇ ਦੋ ਹੀ ਵੱਡੀਆਂ ਪ੍ਰਾਪਤੀਆਂ ਆਖੀਆਂ ਜਾ ਸਕਦੀਆਂ ਹਨ । ਪੰਜਾਬੀ ਸੂਬਾ ਮਨਵਾਉਣਾ ਤੇ ਅਕਾਲੀ ਦਲ ਨੂੰ ਸਾਬਤ ਸਬੂਤ ਕਾਇਮ ਰੱਖਣਾ । ਕਾਂਗਰਸੀਆਂ ਭਾਖੜਾ ਡੈਮ ਸਿਰੇ ਚਾੜ੍ਹਿਆ ਜਿਸ ਉਤੇ ਅੰਗਰੇਜ਼ ਸਰਕਾਰ ਦੀ ਸਕੀਮ ਅਧੀਨ ਸੰਤਾਲੀ ਤੋਂ ਪਹਿਲਾਂ ਦਾ ਹੀ ਕੰਮ ਹੋ ਰਿਹਾ ਸੀ । ਹੋਰ ਇਕ ਧੇਲੇ ਦੀ ਬੁਨਿਆਦੀ ਇੰਡਸਟਰੀ ਪੰਜਾਬ ਵਿਚ ਨਹੀਂ ਲਿਆ ਸਕੇ ।

ਇਨ੍ਹਾਂ ਗਲਤੀਆਂ ਤੇ ਗਦਾਰੀਆਂ ਦੇ ਨਤੀਜੇ ਅਸੀਂ ਭੁਗਤੇ ਤੇ ਭੁਗਤ ਰਹੇ ਆਂ । ਆਰਥਿਕ, ਸਭਿਆਚਾਰਕ, ਧਾਰਮਕ ਤੇ ਰਾਜਨੀਤਕ ਪੱਖਾਂ ਤੋਂ ਵੱਡੀਆਂ ਢਾਹਾਂ ਲਗੀਆਂ ਹਨ । ਇਹ ਕੁਝ ਬੀਤ ਚੁਕਾ ਹੈ, ਜਿਹੜਾ ਕਿਸੇ ਕੀਮਤ ਕੁਰਬਾਨੀ ਨਾਲ ਮੋੜਿਆ ਨਹੀਂ ਜਾ ਸਕਦਾ । ਹੁਣ ਤਾਂ ਬਾਕੀ ਬਚਦੇ ਨੂੰ ਸੰਭਾਲਣ ਦੀ ਫੌਰੀ ਲੋੜ ਹੈ । ਸਰਕਾਰ ਨੇ ਸਿੱਖਾਂ ਨੂੰ ਮੋਰਚਿਆਂ ਵਿਚ ਉਲਝਾ ਕੇ ਮਤ ਮਾਰੀ ਰਖੀ ਹੈ । ਰਾਜਨੀਤੀ ਵਿਚ ਇਤਬਾਰ ਕਰਨ ਵਾਲਾ ਹਮੇਸ਼ਾਂ ਘਾਟੇ ਵਿਚ ਰਹਿੰਦਾ ਹੈ । ਕਲ੍ਹ ਪਾਰਲੀਮੈਂਟ ਦੀ ਅਲੈਕਸ਼ਨ ਵਿਚ ਸਿੱਖਾਂ ਨੂੰ ਗਦਾਰ ਆਖਿਆ ਜਾ ਰਿਹਾ ਸੀ । ਪਰ ਅੱਜ ਪੰਜਾਬ ਦਾ ਗਵਰਨਰ ਤੇ ਹੋਰ ਸਰਕਾਰੀ ਅਧਿਕਾਰੀ ਦੇਸ਼ ਭਗਤ ਕਹਿ ਰਹੇ ਹਨ ਕਿਉਂਕਿ ਇਹ ਕੇਵਲ ਬੁਕਲ ਵਿਚ ਲੈਣ ਦੇ ਪੈਂਤੜੇ ਹਨ । ਤਸ਼ੱਦਦ ਨਾਲ ਜਿਹੜਾ ਕਾਬੂ ਨਾ ਆਵੇ, ਉਸ ਨੂੰ ਪਿਆਰ ਦੀ ਵਿਹੁ ਨਾਲ ਮਾਰਿਆ ਜਾਂਦਾ ਹੈ । ਜੇ ਪਿਆਰ ਤੋਂ ਵੀ ਨੱਠ ਖਲੋਵੇ ਉਸ ਅੱਗੇ ਪੈਸੇ ਦਾ ਚੋਗਾ ਸੁਟਿਆ ਜਾਂਦਾ ਹੈ । ਖੂਬਸੂਰਤ ਵਿਸ਼-ਕੰਨਿਆਵਾਂ ਤੇ ਮਾਣ ਵਡਿਆਈ ਨਾਲ ਸੁਰਤ ਭੁਲਾਈ ਜਾਂਦੀ ਹੈ । ਇਹ ਰਾਜਸੀ ਹੱਥ ਕੰਡੇ ਹਨ । ਜਿਸ ਨਾਲ ਦੁਸ਼ਮਣ ਤੇ ਬਾਗੀ ਨੂੰ ਵਲਿਆ ਜਾਂਦਾ ਹੈ । ਅਕਾਲੀ ਲੀਡਰ ਤੇ ਕਾਂਗਰਸੀ ਸਿੱਖ ਇਨ੍ਹਾਂ ਦਾਅਮਾਰੀਆਂ ਦਾ ਕਿੰਨੇ ਸ਼ਿਕਾਰ ਰਹੇ ਹਨ, ਮੈਂ ਜਾਣਦਾ ਹੋਇਆ ਵੀ ਉਨ੍ਹਾਂ ਦਾ ਜ਼ਿਕਰ ਨਹੀਂ ਛੇੜਨਾ ਚਾਹੁੰਦਾ । ਪਰ ਲੋਕਾਂ ਤੋਂ ਕੁਝ ਵੀ ਲੁਕਿਆ ਨਹੀਂ ਰਹਿੰਦਾ । ਪਰ ਇਕ ਇਤਿਹਾਸਕ ਮਿਸਾਲ ਜ਼ਰੂਰ ਦੇਵਾਂਗਾ । ਮਾਸਟਰ

ਤਾਰਾ ਸਿੰਘ ਨੇ ਲਾਹੌਰ ਅਸੈਂਬਲੀ ਹਾਲ ਤੋਂ ਮੁਸਲਿਮ ਲੀਗ ਦਾ ਝੰਡਾ ਪਾੜ ਸੁਟਿਆ । ਹਿੰਦੂ ਪ੍ਰੈਸ ਨੇ ਮਾਸਟਰ ਜੀ ਨੂੰ ਸਾਂਝਾ ਹੀਰੋ ਲੀਡਰ ਤੇ ਸਰਦਾਰੇ ਆਜ਼ਮ ਲਿਖਿਆ ਤੇ ਅਖਬਾਰਾਂ ਦੇ ਪਹਿਲੇ ਸਫ਼ੇ ਉਤੇ ਫੁਲ ਸਾਈਜ਼ ਦੀਆਂ ਤਸਵੀਰਾਂ ਛਾਪੀਆਂ । ਪ੍ਰਤਾਪ ਅਖਬਾਰ ਸਭ ਤੋਂ ਮੋਹਰੀ ਸੀ । ਮਾਸਟਰ ਜੀ ਇਸ ਮਾਣ ਵਿਚ ਐਨੇ ਫੂਲੇ ਕਿ ਆਪਣਾ ਹੱਕ ਲੈਣਾ ਹੀ ਭੁਲ ਗਏ । ਫਿਰ ਮਾਸਟਰ ਜੀ ਨੇ ਹਿੰਦੂ ਸਾਮਰਾਜ ਦੇ ਵਧਦੇ ਦਾਬੇ ਨੂੰ ਵੇਖ ਕੇ ਸਿੱਖਾਂ ਦੀ ਹੋਂਦ ਕਾਇਮ ਰੱਖਣ ਲਈ, ਪੰਜਾਬੀ ਸੂਬਾ ਮੰਗਿਆ, ਤਦ ਉਸੇ ਪ੍ਰੈਸ ਨੇ ਮਾਸਟਰ ਜੀ ਨੂੰ ਫਿਰਕੂ ਤੇ ਕਮੀਨੇ ਤਾਹਨੇ ਮਿਹਣੇ ਦੇਣੇ ਸ਼ੁਰੂ ਕਰ ਦਿੱਤੇ ।

ਪ੍ਰੈਸ, ਰੇਡੀਉ ਤੇ ਟੀ. ਵੀ. ਆਦਿ ਲੋਕਾਂ ਦੇ ਪ੍ਰੂਫ਼ ਨਹੀਂ । ਸਗੋਂ ਸਰਕਾਰ ਦੀਆਂ ਗਲਤੀਆਂ ਢਕਣ ਤੇ ਵਿਰੋਧੀਆਂ ਨੂੰ ਲੋਕਾਂ ਵਿਚ ਝੂਠੇ ਸਾਬਤ ਕਰਨ ਲਈ ਵਰਤੇ ਜਾਂਦੇ ਹਨ । ਸਰਕਾਰ ਦੀਆਂ ਪੰਦਰਾਂ ਲੱਖ ਫੌਜ ਤੇ ਪੁਲਿਸ ਦੇ ਹੁੰਦਿਆਂ ਹਿੰਦੂਆਂ ਨੂੰ ਕੋਈ ਖਤਰਾ ਹੋ ਸਕਦਾ ਹੈ ? ਉੱਕਾ ਹੀ ਨਹੀਂ । ਫਿਰ ਰਾਸ਼ਟਰੀ ਸਵੈਮ ਸੇਵਕ ਸੰਘ, ਸ਼ਿਵ ਸੈਨਾ, ਹਿੰਦੂ ਸੁਰਖਸ਼ਾ ਸੰਮਤੀਆਂ ਤੇ ਨੀਮ ਫੌਜੀ ਜਥੇਬੰਦੀਆਂ ਕਿਉਂ ? ਕੇਵਲ ਘਟ ਗਿਣਤੀਆਂ ਨੂੰ ਦਬਾ ਕੇ ਰਖਣ ਲਈ ਕਾਇਮ ਕੀਤੀਆਂ ਗਈਆਂ ਹਨ । ਜਿਥੇ ਕਿਤੇ ਵੀ ਮੁਸਲਮਾਨਾਂ ਆਰਥਿਕ ਪੱਖੋਂ ਛੋਟੀ ਮੋਟੀ ਇੰਡਸਟਰੀ ਲਾ ਕੇ ਉਠਣ ਦਾ ਜਤਨ ਕੀਤਾ, ਉਥੇ ਹੀ ਫਿਰਕੂ ਫਸਾਦ ਛੇੜ ਕੇ ਉਨ੍ਹਾਂ ਨੂੰ ਵਢਿਆ ਟੁਕਿਆ, ਲੁਟਿਆ ਪੁਟਿਆ ਤੇ ਪਾੜਿਆ ਗਿਆ । ਬਚਦੇ ਖੁਚੇ ਬੰਦੀਆਂ ਤੇ ਵਿਧਵਾਵਾਂ ਦੇ ਹੰਝੂ ਪੂੰਝਣ ਲਈ ਪ੍ਰਧਾਨ ਮੰਤਰੀ ਤਕ ਉਥੇ ਪਹੁੰਚ ਜਾਂਦੇ ਰਹੇ । ਇਨ੍ਹਾਂ ਮਾਰੂ ਜਥੇਬੰਦੀਆਂ ਦੇ ਰੋਲ ਸਪੱਸ਼ਟ ਰੂਪ ਵਿਚ ਨੰਗੇ ਹੋ ਜਾਣ ਤੇ ਵੀ ਸਰਕਾਰ ਨੇ ਉਨ੍ਹਾਂ ਨੂੰ ਕੁਝ ਨਹੀਂ ਆਖਿਆ । ਸਮਝਿਆ ਜਾਵੇਗਾ, ਸਰਕਾਰ ਦੀ ਇਨ੍ਹਾਂ ਨੂੰ ਬਣਨ ਦੇਣ ਵਿਚ ਰਜ਼ਾਮੰਦੀ ਐ । ਹੁਣ ਤੱਕ ਸਿੱਟੇ ਕੀ ਨਿਕਲੇ ? ਘੱਟ ਗਿਣਤੀ ਸੂਝਵਾਨਾਂ ਨੂੰ ਚਾਨਣ ਹੋਣਾ ਚਾਹੀਦਾ ਹੈ।

ਮੈਂ ਸਿੱਖ ਲੀਡਰਾਂ ਨਾਲ ਇਸ ਗੱਲੋਂ ਸਹਿਮਤ ਆਂ । ਪੰਜਾਬ ਆਰਥਿਕ ਪੱਖੋਂ ਲੁਟਿਆ ਜਾ ਰਿਹਾ ਹੈ ਤੇ ਸਿੱਖੀ ਨੂੰ ਵੱਡੀ ਪੱਧਰ ਤੇ ਢਾਹ ਲਗ ਰਹੀ ਹੈ । ਮਾਰੂ ਖਤਰੇ ਪੰਜਾਬ ਤੇ ਸਿੱਖੀ ਨੂੰ ਚੈਲੰਜ ਕਰ ਰਹੇ ਹਨ । ਏਥੋਂ ਤਕ ਮੈਂ ਖਦਸ਼ਿਆਂ ਨੂੰ ਸਹੀ ਮੰਨਦਾ ਹਾਂ । ਪਰ ਜੇ ਮੈਂ ਆਖਾਂ, ਇਨ੍ਹਾਂ ਸਮੱਸਿਆਵਾਂ ਦਾ ਮੁਕਾਬਲਾ ਕਰਨ ਲਈ ਲੀਡਰ ਈਮਾਨਦਾਰ ਨਹੀਂ ਸੀ, ਇਕ ਮੁੱਠ ਨਹੀਂ ਰਹੇ, ਭੀੜਾਂ ਸਮੇਂ ਪਿੱਠ ਡਾਹ ਜਾਂਦੇ ਰਹੇ ਫਿਰ ? ਲੀਡਰ ਦੇਸ਼ ਵੰਡ ਤੋਂ ਲੈ ਕੇ ਅੱਜ ਤੱਕ ਇਨ੍ਹਾਂ ਦੋ ਬੁਰਾਈਆਂ ਦਾ ਸ਼ਿਕਾਰ ਰਹੇ ਹਨ ਤੇ ਨਤੀਜੇ ਪੰਜਾਬ ਤੇ ਪੰਥ ਨੇ ਬਰਾਬਰ

ਭੁਗਤੇ ਹਨ । ਮੰਨਿਆ ਕੁਰਬਾਨੀਆਂ ਕਰਨ ਵਾਲੀ ਕੌਮ ਨੂੰ ਕੋਈ ਮਾਰ ਨਹੀ ਸਕਦਾ, ਪਰ ਕੁਰਬਾਨੀਆਂ ਕਰ ਕਰ ਖੂਹ ਪਾਈ ਜਾਣ ਦਾ ਲਾਭ ?

ਹੁਣ ਫੌਰੀ ਤੇ ਬੁਨਿਆਦੀ ਲੋੜ ਕਿਸ ਗੱਲ ਦੀ ਐ ? ਹਾਲੇ ਇਸ ਹੋਏ ਸਮਝੌਤੇ ਨੂੰ ਸੰਪੂਰਨ ਰੂਪ ਵਿਚ ਲਾਗੂ ਕਰਵਾਉਣ ਦੀ । ਅਲੈਕਸ਼ਨ ਆਈ ਤੇ ਤੁਸੀਂ ਬੁਰੀ ਤਰ੍ਹਾਂ ਖਖੜੀਆਂ ਕਰੇਲੇ ਹੀ ਰਹੇ, ਇਹ ਸਮਝੌਤਾ ਵਿਰੋਧੀਆਂ ਦੀ ਝੋਲੀ ਜਾ ਪਏਗਾ । ਕਿਉਂ ਤੇ ਕਿਵੇਂ ਹਾਲੇ ਨਾ ਪੁਛੋ । ਸੈਂਟਰ ਹੁਣ ਤੱਕ ਪੰਜਾਬ ਦਾ ਹੱਕ ਖੋਹ ਖੋਹ ਵਿਰੋਧੀਆਂ ਨੂੰ ਦੇ ਰਹੀ ਹੈ । ਭਾਵੇਂ ਲੋਕਾਂ ਦਾ ਮੂੰਹ ਬੰਦ ਕਰਨ ਲਈ ਉਸ ਨੂੰ ਪਿਛੋਂ ਕਾਨੂੰਨੀ ਸ਼ਕਲ ਦੇ ਲਈ ਜਾਂਦੀ ਹੈ । ਪਿਛਲੇ ਨਤੀਜਿਆਂ ਨੂੰ ਸਾਹਮਣੇ ਰਖਿਆ ਜਾਵੇ । ਜੇ ਇਸ ਨਾਜ਼ਕ ਘੜੀ ਅਥਵਾ ਤਾਰੀਖ ਦੇ ਖਤਰਨਾਕ ਮੋੜ ਉਤੇ ਤੁਸੀਂ ਇਕ ਮੁੱਠ ਨਾ ਹੋਏ, ਪੰਜਾਬ ਦੇ ਲੋਕ ਤੇ ਸਿੱਖ ਪੰਥ ਤੁਹਾਨੂੰ ਕੀ ਸਮਝੇਗਾ ? ਤੁਸੀ ਅਹੁਦਿਆਂ ਦੇ ਭੁੱਖੇ ਤੇ ਇਤਿਹਾਸ ਦੇ ਗਦਾਰ ਵੀ ਬਣ ਸਕਦੇ ਹੋ । ਇਹ ਵੀ ਠੀਕ ਐ ਗਦਾਰੀਆਂ ਦਾ ਮੁੱਲ ਪੈ ਜਾਂਦਾ ਹੈ । ਸਰਕਾਰਾਂ ਰਿਆਸਤਾਂ ਜਾਗੀਰਾਂ ਬਖਸ਼ਦੀਆਂ ਹਨ । ਇਕ ਕਾਂਗਰਸੀ ਪ੍ਰਧਾਨ ਨੇ ਆਖਿਆ ਸੀ ਜੇ ਸ: ਗੁਰਨਾਮ ਸਿੰਘ ਜੱਜ ਦਾ ਮੁੱਲ ਨਾ ਪਾਇਆ, ਕਿਸੇ ਸਿੱਖ ਨੇ ਮੁੜ ਅਕਾਲੀਆਂ ਵਿਚੋਂ ਨਹੀ ਨਿਕਲਣਾ, ਫਿਰ ਜਾ ਕੇ ਹੀ ਉਸਨੂੰ ਆਸਟ੍ਰੇਲੀਆ ਦਾ ਸਫੀਰ ਨੀਅਤ ਕੀਤਾ ਸੀ । ਦੁਸ਼ਮਣ ਨਾਲ ਵਫਾਦਾਰੀ ਦਾ ਮੁੱਲ ਤਾਂ ਜ਼ਰੂਰ ਪੈ ਜਾਂਦਾ ਹੈ, ਪਰ ਜੋ ਤਾਰੀਖ ਤੇ ਲੋਕ ਖਿਤਾਬ ਦੇਂਦੇ ਹਨ, ਉਹ ਵੀ ਚੇਤੇ ਰਖਣੇ ਚਾਹੀਦੇ ਹਨ, ਲਾਲ ਸਿੰਘ, ਤੇਜਾ ਸਿੰਘ, ਪਹਾੜਾ ਸਿੰਘ ਤੇ ਕ੍ਰਿਪਾਲ ਸਿੰਘ ਆਦਿ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ ।

ਮੈਂ ਮੁੱਢ ਵਿਚ ਲਿਖ ਆਇਆ ਹਾਂ, ਸਮਝੌਤਾ ਮੰਜ਼ਲ ਨਹੀਂ, ਇਕ ਪੜਾਅ ਹੈ । ਮੰਜ਼ਲ ਹੈ ਅਨੰਦਪੁਰ ਮਤੇ ਦੀ ਪ੍ਰਾਪਤੀ । ਫੈਡਰਲ ਢਾਂਚਾ ਕਾਇਮ ਕਰਵਾਉਣਾ ਵੱਡੇ ਚਾਰ ਮਹਿਕਮਿਆਂ ਤੋਂ ਬਿਨਾਂ ਬਾਕੀ ਅਧਿਕਾਰ ਰਾਜਾਂ ਕੋਲ ਹੋਣ । ਪੰਜਾਬੀ ਅਥਵਾ ਸਿੱਖ ਦੇਸ਼ ਵਿਚ ਸਭ ਤੋਂ ਵਧ ਪੜ੍ਹੇ ਲਿਖੇ ਹਨ । ਡਾਕਟਰ, ਇੰਜੀਨੀਅਰ ਤੇ ਗੁਣਵਾਨ ਕਿੱਤਾਕਾਰ, ਇਹ ਇਕ ਨਵੀਂ ਦੁਨੀਆਂ ਸਿਰਜ ਸਕਦੇ ਹਨ । ਇਨ੍ਹਾਂ ਪਹਿਲਾਂ ਵੀ ਕਈ ਕਾਇਆਕਲਪ ਕੀਤੇ ਹਨ । ਇਨ੍ਹਾਂ ਨੂੰ ਮੰਗਣਾ ਨਹੀਂ, ਕੁਝ ਕਰਨਾ ਆਉਂਦਾ ਹੈ । ਮਿਹਨਤੀ ਸੁਚੱਜੇ ਹੱਥ, ਕਰਾਮਾਤ ਕਰ ਸਕਦੇ ਹਨ । ਲੋੜ ਇਸ ਵੇਲੇ ਗੁੱਸੇ, ਜੋਸ਼ ਤੇ ਮਿਹਨਤ ਨੂੰ ਸਾਇੰਸੀ ਸੇਧ ਦੇਣ ਦੀ ਹੈ । ਆਪਣੇ ਜਜ਼ਬੇ ਦੇ ਜ਼ੋਰ ਢਹਿਣਾ ਹਮੇਸ਼ਾਂ ਮੂਰਖਤਾ ਸਿੱਧ ਹੋਈ ਹੈ । ਸੋ ਮੰਜ਼ਲ ਦੀ ਪ੍ਰਾਪਤੀ ਲਈ ਮੁੜ ਜੁੜੋ, ਸਿਰ ਜੋੜੋ, ਗਲਤ ਜੁਧਨੀਤੀ ਨੂੰ ਸੋਧੋ । ਗਲਤੀਆਂ ਸਿਖਾਉਂਦੀਆਂ ਹਨ । ਈਮਾਨਦਾਰ ਸਿਖਦੇ ਹਨ । ਸਮਾਜਕ ਸਾਇੰਸ ਅਧੀਨ ਤਹਿ ਕੀਤੀ ਨੀਤੀ

ਹੀ ਤੁਹਾਨੂੰ ਸਹੀ ਦਿਸ਼ਾ ਦੇ ਸਕਦੀ ਐ । ਤੁਸੀਂ ਹੀ ਹੋ ਜਿਹੜੇ ਹਿੰਦੋਸਤਾਨ ਦੀ ਐਨੀ ਵੱਡੀ ਸਰਮਾਏਦਾਰੀ ਨਾਲ ਟਕਰਾਏ; ਬਾਕੀ ਮੁਰਦਾ ਪਾਰਟੀਆਂ ਦੀ ਗੱਲ ਕਰਨੀ ਹੀ ਫਜ਼ੂਲ ਐ । ਕਿਸੇ ਵੀ ਪਾਰਟੀ ਦੀ ਬੁਨਿਆਦ ਲੋਕਾਂ ਦੇ ਵਿਸ਼ਵਾਸ ਉਤੇ ਟਿਕੀ ਹੁੰਦੀ ਐ । ਲੋਕਾਂ ਦਾ ਵਿਸ਼ਵਾਸ ਮਜ਼ਬੂਤੀ ਨਾਲ ਫੜੀ ਰਖੋ । ਅੱਜ ਦੇ ਹਾਲਾਤ, ਵਿਚ ਜੇ ਛੋਟੀਆ ਮੋਟੀਆਂ ਗਰਜਾਂ ਤੇ ਵਿਤਕਰੇ ਵਗਾਰ ਕੇ ਇਕ ਨਾ ਹੋਏ, ਪ੍ਰਾਪਤੀ ਦੀ ਥਾਂ ਖੁਆਰੀ ਪੱਲੇ ਪਵੇਗੀ । ਏਕੇ ਨਾਲ ਲੱਖ ਦੇ ਹੋ ਤੇ ਏਦੇ ਬਿਨਾਂ ਸਿਫਰ ਵੀ ਨਹੀਂ । ਸਮੁੱਚੇ ਪੰਜਾਬ ਦੇ ਆਰਥਿਕ ਹਿੱਤਾਂ ਤੇ ਪੰਥ ਦੀ ਚੜ੍ਹਦੀ ਕਲਾ ਬਿਨਾਂ ਤੁਹਾਡਾ ਕੋਈ ਨਿਸ਼ਾਨਾ ਨਹੀਂ ਹੋਣਾ ਚਾਹੀਦਾ । ਜ਼ਿਦਾਂ ਲਾਲਚ ਤੇ ਹਾਉਮੈ ਤੁਹਾਨੂੰ ਲੱਕੋਂ ਲੈ ਬੈਠੇਗੀ । ਜੇ ਇਸ ਤਾਰੀਖ਼ੀ ਮੋੜ ਤੋਂ ਤਿਲਕ ਗਏ, ਸ਼ਾਇਦ ਪਤਾਲ ਵੀ ਨਾ ਝੱਲੇ । ਏਕਾ ਤੁਹਾਡੇ ਸਿਰ ਉਚੇ ਕਰ ਸਕਦਾ ਹੈ । ਪੰਥ ਨੂੰ ਚੜ੍ਹਦੀ ਕਲਾ ਬਖਸ਼ ਸਕਦਾ ਹੈ । ਦੁਸ਼ਮਣੀ ਦੀ ਕੋਸ਼ਿਸ਼ ਤੁਹਾਨੂੰ ਇਕ ਨਹੀਂ ਹੋਣ ਦੇਵੇਗੀ । ਏਕਾ ਸਾਰੀਆਂ ਬਰਕਤਾਂ ਤੁਹਾਡੀ ਝੋਲੀ ਪਾ ਸਕਦਾ ਹੈ ।

ਮੈਂ ਬਾਦਲ ਤੇ ਟੌਹੜੇ ਦੇ ਵਿਚਾਰਾਂ ਨਾਲ ਇਕ ਹੱਦ ਤਕ ਸਹਿਮਤ ਆਂ ਕਿ ਸਮਝੌਤੇ ਵਿਚ ਪ੍ਰਾਪਤੀ ਖੁਣੋਂ ਬਹੁਤ ਕੁਝ ਰਹਿ ਗਿਆ ਹੈ । ਮਿਲੇ ਦਾ ਸਵਾਗਤ ਕਰੋ ਬਾਕੀ ਲਈ ਕਮਰ ਕਸੇ ਕਰੋ । ਨੁਕਤਾਚੀਨੀ ਆਮ ਤੌਰ ਤੇ ਉਹ ਕਰਦੇ ਹਨ, ਜਿਨ੍ਹਾਂ ਸਿਰ ਕੋਈ ਜ਼ੁੰਮੇਵਾਰੀ ਨਹੀਂ ਹੁੰਦੀ । ਜਦ ਨਿਭਾਹੁਣੀ ਪੈਂਦੀ ਐ, ਨਾਨੀ ਚੇਤੇ ਓਦੋਂ ਹੀ ਆਉਂਦੀ ਐ । ਨੁਕਤਾਚੀਨੀ ਦੀ ਪਰਵਾਹ ਨਾ ਕਰੋ । ਪੰਥ ਇਕ ਹੈ ਤੇ ਤੁਹਾਡੇ ਲੀਡਰਾਂ ਦੀ ਏਕਤਾ ਲਈ ਸਾਰੇ ਵਰਕਰ ਤਰਲੋਮੱਛੀ ਹੋ ਰਹੇ ਹਨ । ਹੁਣ ਲੋਹਾ ਤੱਤਾ ਹੈ, ਨਾ ਮਾਨੂੰ ਦੀ ਰੱਟ ਤੇ ਜ਼ਿਦਾਂ ਵਗਾਹੋ । ਪੰਜਾਬੀਓ, ਸਿੰਘੋ ! ਜਿਹੜੇ ਮਰਨ ਜਾਣਦੇ ਹਨ, ਉਹਨਾਂ ਤੋਂ ਜ਼ਿੰਦਗੀ ਕੋਈ ਜਾਬਰ ਵੀ ਨਹੀਂ ਖੋਹ ਸਕਿਆ । ਸਰਕਾਰੀ ਮੱਛੀ ਨੇ ਪੱਥਰ ਚੱਟ ਕੇ ਮੋੜ ਖਾਧਾ ਹੈ । ਲੜਾਈ ਤੁਹਾਡੇ ਗਲੋਂ ਲਹਿ ਕੇ ਗਵਾਂਢੀ ਰਾਜਾਂ ਦੇ ਗਲ ਪੈ ਰਹੀ ਹੈ । ਸਾਨੂੰ ਜਦੋਂ ਵੀ ਮਾਰ ਪਈ, ਘਰ ਦੇ ਭਵੀਖਣਾਂ ਤੇ ਕੈਦੋਆਂ ਕਾਰਨ ਪਈ । ਜਦੋਂ ਵੀ ਪੰਜਾਬ ਸੜਿਆ, ਘਰ ਦੇ ਚਰਾਗ ਨਾਲ ਸੜਿਆ । ਏਨੀ ਤਬਾਹੀ, ਕੁਰਬਾਨੀ ਤੇ ਬਰਬਾਦੀ ਦੇ ਬਾਅਦ ਵੀ ਜੇ ਅਕਲ ਨਾ ਆਈ ਤੇ ਇਸ ਦੀ ਇਤਿਹਾਸਕ ਲੋੜ ਮਹਿਸੂਸ ਨਾ ਕੀਤੀ, ਫਿਰ ਤੁਹਾਡਾ ਗਦਾਰਾਂ ਦਾ ਪੰਥ ਨੇ ਕੀ ਬਣਾਉਣਾ ਹੈ ।

ਆਖਰੀ ਗੱਲ : ਜੇ ਏਕੇ ਦੀ ਇਸ ਫੇਰੀ ਤੇ ਬੁਨਿਆਦੀ ਲੋੜ ਤੋਂ ਉਕ ਗਏ : 'ਤੁਮਹਾਰੀ ਦਾਸਤਾਂ ਤੱਕ ਨਾ ਹੋਗੀ ਦਾਸਤਾਨੋ ਮੇਂ ।'

ਰੋਜ਼ਾਨਾ ਅਜੀਤ

18-8-85

ਪੰਜਾਬ ਆਖਦਾ ਹੈ !

ਅਕਾਲੀ ਭਰਾਵਾਂ ਦੀ ਜਿੱਤ ਇਕ ਦਾਅ ਲੱਗਾ ਹੈ। ਇਸ ਨੂੰ ਇਤਿਹਾਸਿਕ ਤੱਥ ਤਦ ਹੀ ਬਣਾਇਆ ਜਾ ਸਕਦਾ ਹੈ ਜੇ ਅਕਾਲੀ ਆਪਣੇ ਮੈਨੀਫੈਸਟੋ ਅਨੁਸਾਰ ਵਾਅਦਿਆਂ ਨੂੰ ਪੂਰਿਆਂ ਕਰ ਸਕਣ। ਇਹ ਜਿੱਤ ਕਈ ਪੱਖਾਂ ਕਾਰਨ ਵਜੂਦ ਵਿਚ ਆਈ ਹੈ। ਹਰਿਮੰਦਰ ਸਾਹਿਬ ਉੱਤੇ ਹਮਲਾ, ਹਜ਼ਾਰਾਂ ਬੇਗੁਨਾਹ ਯਾਤਰੀਆਂ ਦਾ ਖ਼ੂਨ, ਦੋਹਾਂ ਸੰਤਾ ਦੀ ਸ਼ਹਾਦਤ, ਦਿੱਲੀ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੇ ਕਤਲਾਮ ਤੋਂ ਬਿਨਾਂ ਪੰਜਾਬ ਨਾਲ ਹੁੰਦੇ ਰਹੇ ਆਰਥਿਕ ਧੱਕੇ ਵੀ ਹਨ। ਪੁਲਿਸ ਦੇ ਅਤਿਆਚਾਰਾਂ ਤੋਂ ਤੰਗ ਆ ਕੇ ਸਿੱਖ ਨੌਜਵਾਨਾਂ ਦਾ ਘਰ ਤੋਂ ਨੱਸਣਾ ਤੇ ਪੁਲਸ ਦੇ ਝੂਠੇ ਕੇਸ ਬਣਾ ਕੇ ਵਾਰੰਟ ਲੈਣਾ ਤੇ ਉਹਨਾਂ ਨੂੰ ਅੱਤਵਾਦੀ ਬਣਾਉਣਾ ਵੀ ਸ਼ਾਮਲ ਹੈ। ਛੋਟੇ ਮੁਲਾਜ਼ਮ ਤੇ ਗਰੀਬਾਂ ਦਾ ਮਹਿੰਗਾਈ ਵਿਚ ਨਪੀੜੇ ਜਾਣਾ ਅਕਾਲੀਆਂ ਨੂੰ ਜਿਤਾਉਣ ਵਿਚ ਸਹਾਈ ਹੋਇਆ ਹੈ। ਭਾਰਤੀ ਜਨਤਾ ਪਾਰਟੀ ਦਾ ਸਾਥ, ਰਾਸ਼ਟਰੀਆ ਸ੍ਵੈਮ ਸੇਵਕ ਸੰਘ ਦੇ ਛੱਡ ਦੇਣ ਕਾਰਨ ਉਹਨਾਂ ਦੀ ਤਾਕਤ ਘਟੀ ਹੈ ਤੇ ਰੂਸ ਦਾ ਹਰਿਮੰਦਰ ਸਾਹਿਬ ਦੇ ਹਮਲੇ ਨੂੰ ਠੀਕ ਕਦਮ ਆਖਣਾ, ਕਮਿਊਨਿਸਟ ਪਾਰਟੀਆਂ ਨੂੰ ਮਾਂਜਾ ਫੇਰ ਗਿਆ। ਅਕਾਲੀਆਂ ਨੂੰ ਪੰਜਾਬ ਦੇ ਲੋਕ ਖਾਸ ਤੌਰ ਤੇ ਵੱਡੀ ਗਿਣਤੀ ਕਿਸਾਨ ਤੇ ਕਿਰਤੀਆਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਜਿਹਨਾਂ ਉਹਨਾਂ ਨੂੰ ਰਾਜਸੀ ਤਾਕਤ ਬਖਸ਼ੀ, ਲੋਕਾਂ ਨੇ ਆਪਣੇ ਨਾਲ ਹੁੰਦੀਆਂ ਬੇਇਨਸਾਫੀਆਂ ਦਾ ਕਾਂਗਰਸ ਤੋਂ ਇਕ ਤਰ੍ਹਾਂ ਬਦਲਾ ਲਿਆ ਹੈ ਤੇ ਲਾਭ ਅਕਾਲੀ ਪਾਰਟੀ ਨੂੰ ਮਿਲਿਆ ਹੈ। ਮੈਂ ਅਕਾਲੀ ਭਾਈਆਂ ਨੂੰ ਸੰਬੋਧਤ ਹਾਂ :

ਪਹਿਲੇ ਕੰਮ

ਅਕਾਲੀਆਂ ਨੂੰ ਸਰਕਾਰ ਬਣਾਉਂਦੇ ਸਾਰ ਪਿਛਲੇ ਗੜਬੜੀ ਦੇ ਸਾਲਾਂ ਵਿਚ ਗ੍ਰਿਫਤਾਰ ਕੀਤੇ ਪੰਜਾਬੀਆਂ ਨੂੰ ਬਿਨਾਂ ਵਿਤਕਰੇ ਰਿਹਾਅ ਕਰ ਦੇਣਾ ਚਾਹੀਦਾ ਹੈ ਤੇ ਝੂਠੇ ਕੇਸਾਂ ਵਿਚ ਫਸਾਏ ਨੌਜਵਾਨਾਂ ਦੇ ਵਾਰੰਟ ਵਾਪਸ ਲੈ ਲੈਣੇ ਚਾਹੀਦੇ ਹਨ। ਫੌਜੀ ਭਾਈਆਂ ਨੂੰ ਰਿਹਾਈ ਤੇ ਰੁਜ਼ਗਾਰ ਦਿੱਤੇ ਜਾਣ, ਵਿਧਵਾ ਹੋਈਆਂ ਭੈਣਾਂ ਨੂੰ ਵਸਾਇਆ ਜਾਵੇ ਤੇ ਕਿੱਤਾ ਸਿਖਾਇਆ ਜਾਵੇ। ਯਤੀਮ ਬੱਚਿਆਂ ਨੂੰ ਸਰਕਾਰ ਆਪਣੀ ਹਿਫਾਜ਼ਤ ਵਿਚ ਲੈ ਲਵੇ। ਸ਼ਹੀਦਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਚੰਗਾ ਹੋਵੇ ਇਹਨਾਂ ਕੰਮਾਂ ਨੂੰ ਫੌਰੀ ਨਿਪਟਾਣ ਲਈ ਆਰਜ਼ੀ ਤੌਰ ਤੇ ਨਵਾਂ ਮਹਿਕਮਾ ਸਥਾਪਤ ਕੀਤਾ ਜਾਵੇ।

ਸੈਂਟਰ ਨਾਲ ਸੰਬੰਧ

ਅਕਾਲੀ ਦੋਸਤੋ, ਕਾਂਗਰਸ ਸਰਕਾਰ ਨੇ ਤੁਹਾਨੂੰ ਰਾਜ ਭਾਗ ਸੰਭਾਲਣ ਲਈ ਇਕ ਤਰ੍ਹਾਂ ਰਾਹ ਦਿੱਤਾ ਹੈ। ਕੁਝ ਗੱਲਾਂ ਅਜਿਹੀਆਂ ਸਨ, ਜਿਹੜੀਆਂ ਇਲੈਕਸ਼ਨ ਵਿਚਕਾਰ ਨਹੀਂ ਆਖੀਆਂ ਜਾ ਸਕਦੀਆਂ ਸਨ। ਪਰ ਕਾਂਗਰਸ ਦੀ ਸੋਚੀ ਸਮਝੀ ਚਾਲ ਐ ਕਿ ਪੰਜਾਬ ਵਿਚ ਅਕਾਲੀ ਸਰਕਾਰ ਬਣਾ ਕੇ ਅੱਤਵਾਦ ਦੀ ਸਿਰਦਰਦੀ ਤੁਹਾਡੇ ਗਲ ਮੜ੍ਹ ਦਿੱਤੀ ਜਾਵੇ। ਮਾਰਕਸੀ ਜੋਤੀ ਬਾਸੂ ਨੇ ਨਕਸਲੀਆਂ ਨੂੰ ਦਬਾਇਆ। ਰਾਮਾ ਰਾਓ ਆਂਧਰਾ ਵਿਚ ਏਹੀ ਕੁਝ ਕਰ ਰਿਹਾ ਹੈ। ਕੇਂਦਰ ਵਿਰੋਧੀਆਂ ਨੂੰ ਸ਼ਾਹ ਰਾਹੀਂ ਕਸ਼ਮੀਰ ਵਿਚ ਗੁੱਠੇ ਲਾਇਆ ਜਾ ਰਿਹਾ ਹੈ। ਕਾਂਗਰਸ ਸਰਕਾਰ ਖੁਦ ਅੱਗੇ ਆ ਕੇ ਨਹੀ ਦਬਾਉਂਦੀ, ਉਹਦੇ ਵਿਰੁੱਧ ਨਫਰਤ ਵਧੇਰੇ ਭੜਕਦੀ ਹੈ। ਬਲਦੀ ਦੇ ਬੁੱਥੇ ਪੰਜਾਬ ਵਿਚ ਤੁਹਾਨੂੰ ਅੱਗੇ ਕੀਤਾ ਹੈ। ਇਹ ਇਸ ਲਈ ਵੀ ਕੀਤਾ ਹੈ, ਸਿਖ ਹਰਿਮੰਦਰ ਤੇ ਹਮਲਾ ਤੇ ਬਾਕੀ ਦੇਸ਼ ਵਿਚ ਸਿੱਖਾਂ ਦੀ ਹੋਈ ਕਤਲਾਮ ਭੁੱਲ ਜਾਣ ਤੇ ਗੁੱਸੇ ਤੇ ਰੋਹ ਭਰੇ ਨੌਜਵਾਨਾਂ ਨੂੰ ਦਬਾਉਣ ਦੀ ਜ਼ਿੰਮੇਵਾਰੀ ਤੁਹਾਨੂੰ ਸੌਂਪ ਦਿੱਤੀ ਹੈ, ਹੁਣ ਤੁਹਾਡਾ ਇਮਤਿਹਾਨ ਐ। ਇਹ ਨੌਜਵਾਨ ਆਪੇ ਤੋਂ ਬਾਹਰ ਕਿਉਂ ਹੋਏ? ਜਾਨਣ ਦੀ ਲੋੜ ਹੈ। ਪੰਜਾਬ ਦਾ ਦੁਸ਼ਮਣ ਕੌਣ ਹੈ? ਕੌਣ ਪੰਜਾਬ ਦੇ ਸਿੱਖਾਂ ਨਾਲ ਹੁਣ ਤੱਕ ਧੱਕੇ ਕਰਦਾ ਰਿਹਾ ਹੈ? ਨੌਜਵਾਨਾਂ ਦਾ ਕਸੂਰ ਐਨਾ ਹੈ ਕਿ ਉਹ ਜ਼ੁਲਮ ਤੇ ਬੇਇੱਜ਼ਤੀ ਬਰਦਾਸ਼ਤ ਨਹੀ ਕਰ ਸਕੇ? ਅੱਤਵਾਦ ਦੀ ਸਮੱਸਿਆ ਨੂੰ ਹੱਲ ਕਰਨ ਲਈ ਉਨ੍ਹਾਂ ਆਰਥਕ ਤੇ ਰਾਜਨੀਤਕ ਨੀਤੀਆਂ ਨੂੰ ਤਬਦੀਲ ਕਰਨਾ ਚਾਹੀਦਾ ਹੈ ਜਿਨ੍ਹਾਂ ਕਾਰਨ ਇਹ ਸਮੱਸਿਆ ਪੈਦਾ ਹੋਈ।

ਏਕਤਾ

ਸੈਂਟਰ ਤੋਂ ਆਪਣੇ ਹੱਕ ਲੈਣ ਲਈ ਪੰਜਾਬ ਦੇ ਹਿੱਤਾਂ ਵਾਲੀਆਂ ਜੱਥੇਬੰਦੀਆਂ ਨਾਲ ਸਾਂਝਾਂ ਪਾਓ । ਬੀ. ਜੇ. ਪੀ. ਨਾਲ ਬਿਲਕੁਲ ਨਹੀਂ । ਉਹਦੀ ਸਟੈਂਡ ਖੁਦ ਕਾਂਗਰਸ ਨੇ ਮੱਲ ਲਈ ਹੈ । ਵੱਧ ਅਧਿਕਾਰ ਦੀਆਂ ਖਾਹਿਸ਼ਮੰਦ ਪਾਰਟੀਆਂ ਨਾਲ ਤੇ ਕੌਮੀ ਪੱਧਰ ਤੇ ਉਹਨਾਂ ਸਟੇਟਾਂ ਨਾਲ ਏਕਤਾ ਕਾਇਮ ਕਰੋ ਜਿਹੜੀਆਂ ਅੰਦਰੂਨੀ ਖੁਦ ਮੁਖਤਿਆਰੀ ਅਥਵਾ ਫੈਡਰਲ ਢਾਂਚੇ ਦੇ ਹੱਕ ਵਿਚ ਹਨ । ਤਕੜੇ ਦੁਸ਼ਮਣ ਵਿਰੁੱਧ ਤਕੜੀ ਤੇ ਸਾਂਝੀ ਜੱਥੇਬੰਦੀ ਹੀ ਖੁਭੀ ਕੱਢ ਸਕਦੀ ਹੈ । ਅਕਾਲੀ ਭਰਾਓ ! ਤੁਸੀਂ ਆਪਣੀ ਅੰਦਰਲੀ ਫੁੱਟ ਖਤਮ ਕਰ ਲਵੋ, ਤੁਹਾਡੇ ਸੁਪਨਿਆਂ ਦਾ ਪੰਜਾਬ ਅਵੱਸ਼ ਚੜ੍ਹਦੀ ਕਲਾ ਵਿਚ ਜਾਵੇਗਾ । ਪਿਛਲੀਆਂ ਦੋਹਾਂ ਧਿਰਾਂ ਵਲੋਂ ਹੋਈਆਂ ਗਲਤੀਆਂ ਉਤੇ ਮਿੱਟੀ ਪਾਓ । ਰੁਸਿਆਂ ਨੂੰ ਮਨਾਓ, ਤੁਹਾਡੀ ਤਾਕਤ ਵਧੇਗੀ । ਕੋਈ ਤਾਹਨਾ ਮਿਹਣਾ ਨਾ ਦਿਉ । ਕੁਝ ਵੀ ਹਾਸਲ ਕਰਨਾ ਹੈ, ਕੇਵਲ ਸੈਂਟਰ ਸਰਕਾਰ ਤੋਂ । ਸੈਂਟਰ ਤੋਂ ਆਪਣਾ ਹੱਕ ਲੈਣ ਲਈ ਪੰਜਾਬ ਦੀਆਂ ਸਾਰੀਆਂ ਘੱਟ ਗਿਣਤੀਆਂ ਨੂੰ ਨਾਲ ਰਲਾਉ । ਇਕੱਲੇ ਸਿੱਖ ਅਥਵਾ ਹਿੰਦੂ ਅਮਨ ਕਾਇਮ ਨਹੀਂ ਕਰ ਸਕਦੇ । ਖੁਆਰ ਹੋ ਕੇ ਵੇਖ ਲਿਆ ਹੈ । ਸੈਂਟਰ ਸਾਰਿਆਂ ਨੂੰ ਵਾਰੋ ਵਾਰੀ ਪਾੜ ਕੇ ਪੰਜਾਬ ਦੀ ਲੁੱਟ ਕਰਦਾ ਰਿਹਾ ਹੈ । ਸਾਰੀਆਂ ਘੱਟ ਗਿਣਤੀਆਂ ਖਾਸ ਤੌਰ ਤੇ ਪੱਛੜੀਆਂ ਜਮਾਤਾਂ ਨੂੰ ਹਰ ਪਖੋਂ ਤਕੜਿਆਂ ਕਰਕੇ ਆਪਣੀਆਂ ਬਾਹਾਂ ਦਾ ਬਲ ਵਧਾਉ । ਘੱਟੋ ਘੱਟ ਗਿਣਤੀ ਅਨੁਸਾਰ ਨੌਕਰੀਆਂ ਦਾ ਜ਼ਰੂਰ ਬੰਦੋਬਸਤ ਕੀਤਾ ਜਾਵੇ । ਸਾਰੇ ਪੰਜਾਬੀਆਂ ਨੂੰ ਅਹਿਸਾਸ ਕਰਵਾਇਆ ਜਾਵੇ ਕਿ ਪਾਣੀ ਦੀ ਇਕ ਬੂੰਦ, ਬਿਜਲੀ ਦੀ ਇਕ ਚਿਣਗ ਤੇ ਇਕ ਪੈਸੇ ਤੱਕ ਦਾ ਘਾਟਾ ਸਾਡੇ ਪੰਜਾਬ ਦਾ ਨੁਕਸਾਨ ਹੈ । ਇਉਂ ਹੀ ਪੰਜਾਬੀ ਜ਼ਬਾਨ ਤੋਂ ਨਸਦੇ ਹਿੰਦੂਆਂ ਨੂੰ ਸਿਰੇਖੰਦ ਪੰਜਾਬੀ ਬਣਾਇਆ ਜਾ ਸਕਦਾ ਹੈ । ਇਸ ਤਰ੍ਹਾਂ ਪਾੜਨ ਵਾਲਾ ਛੁਰਲੂ ਨਹੀਂ ਚਲ ਸਕੇਗਾ ।

ਹਰੇ ਚਿੱਟੇ ਇਨਕਲਾਬਾਂ ਦਾ ਲਾਭ ਪੰਜਾਬ ਦੇ ਕਿਸਾਨ ਅਥਵਾ ਖੇਤ ਮਜ਼ਦੂਰ ਨੂੰ ਨਹੀਂ ਹੋਇਆ । ਉਹਨਾਂ ਲਾਭ ਕੌਣ ਖਾ ਗਿਆ ? ਖਾਦ, ਤੇਲ, ਦਵਾਈਆਂ ਤੇ ਟਰੈਕਟਰ ਕੰਪਨੀਆਂ ਆਦਿ । ਜਿਹਨਾਂ ਹਿੰਦੂ ਭਰਾਵਾਂ ਨੂੰ ਇਸ ਵਾਰ ਚੋਣਾਂ ਵਿਚ ਟਿਕਟ ਦਿੱਤੇ ਸਨ ਤੇ ਹਾਰ ਗਏ ਹਨ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਰਾਜ ਭਾਗ ਵਿਚ ਜ਼ਿੰਮੇਦਾਰ ਬਣਾਓ । ਇਸ ਏਕਤਾ ਨੂੰ ਹੋਰ ਪੀਡੀ ਕਰੋ ।

ਸਾਂਝੀਵਾਲਤਾ

ਗਰੀਬੀ ਤੇ ਬੇਰੁਜ਼ਗਾਰੀ ਦੀ ਸਮੱਸਿਆ ਹਿੰਦੁਸਤਾਨ ਵਿਚ ਅਜਿਹਾ ਕੋਹੜ

ਐ, ਜਿਹੜੀ ਇਕਦਮ ਅਲਾਦੀਨ ਦੇ ਚਰਾਗ ਨਾਲ ਦੂਰ ਨਹੀ ਕੀਤੀ ਜਾ ਸਕਦੀ। ਨਹਿਰੂ ਨੇ ਸੋਸ਼ਲਿਜ਼ਮ ਦਾ ਨਾਅਰਾ ਦਿੱਤਾ ਤੇ ਦੇਸ਼ ਵਿਚ ਸਰਮਾਏਦਾਰੀ ਗੱਡ ਦਿੱਤੀ । ਕਿਰਤੀਆਂ ਨੂੰ ਹੋਰ ਗਰੀਬ ਕਰਕੇ ਉਹਨਾਂ ਨਾਲ ਠੱਗੀ ਮਾਰੀ । ਉਸ ਤਰ੍ਹਾਂ ਦੀ ਸਾਂਝੀਵਾਲਤਾ ਦੇ ਨਾਅਰੇ ਤੇ ਦਮਗਜੇ ਹੁਣ ਨਹੀਂ ਚਲ ਸਕਣਗੇ । ਕਿਉਂਕਿ ਭੁੱਖੇ ਕਿਰਤੀ ਕਾਮੇ ਹੁਣ ਮਰਨ ਮਾਰਨ ਤੇ ਆ ਗਏ ਹਨ । ਸਾਂਝੀਵਾਲਤਾ ਹੀ ਗਰੀਬੀ ਤੇ ਬੇਰੁਜ਼ਗਾਰੀ ਦਾ ਇਕੋ ਇਕ ਇਲਾਜ ਹੈ । ਭਾਵੇਂ ਇਹ ਮਸਲਾ ਸੈਂਟਰ ਸਰਕਾਰ ਦੇ ਚੁੱਕਣ ਵਾਲਾ ਹੈ । ਪਰ ਜੇ ਅਕਾਲੀ ਸਰਕਾਰ ਸੱਚੇ ਦਿਲੋਂ ਕਿਰਤੀਆਂ ਕਿਸਾਨਾਂ ਨੂੰ ਯਕੀਨ ਦੁਆਵੇ, ਉਹ ਪੰਜਾਬ ਉੱਤੇ ਆਪਣੀ ਪਕੜ ਤਾਮਿਲਨਾਡੂ ਵਾਂਗ ਮਜ਼ਬੂਤ ਕਰ ਸਕਦੀ ਹੈ । ਅਕਾਲੀ ਭਰਾਓ ਜ਼ਬਾਨੀ ਜਮ੍ਹਾਂ ਖਰਚ ਨਾਲ ਨਹੀਂ, ਇਸ ਦਾ ਅਮਲੀ ਸਬੂਤ ਵੀ ਦੇਣਾ ਹੋਵੇਗਾ । ਕੁਰਬਾਨੀਆਂ ਕਰਨ ਵਾਲੀ ਇਸ ਜਮਾਤ ਤੋਂ ਦੋ ਚਾਰ ਸਰਮਾਏਦਾਰ ਹੀ ਕਿਉਂ ਲਾਭ ਲੈਣ, ਲੱਖਾਂ ਕਿਰਤੀ ਕਿਸਾਨ ਕਿਉਂ ਵਾਂਝੇ ਰਹਿਣ । ਜੇ ਇਹ ਪਕੜ ਮਜ਼ਬੂਤ ਨਾ ਕਰ ਸਕੇ ਹੱਥ ਆਇਆ ਬਟੇਰਾ ਫੁਰਰ ਕਰਕੇ ਕਦੇ ਵੀ ਉੱਡ ਸਕਦਾ ਹੈ । ਤਾਕਤ ਕਿਸਾਨਾਂ ਮਜ਼ਦੂਰਾਂ ਤੁਹਾਡੇ ਹੱਥ ਦੇ ਦਿੱਤੀ, ਇਹਦੀ ਵਰਤੋਂ ਦਾ ਇਮਤਿਹਾਨ ਤੁਹਾਡੇ ਸਾਹਮਣੇ ਐ । ਇਕ ਅਜਿਹੇ ਤਬਕੇ ਨੇ ਤੁਹਾਡਾ ਇਸ ਇਲੈਕਸ਼ਨ ਵਿਚ ਸਾਥ ਦਿੱਤਾ ਹੈ, ਜਿਹੜਾ ਅਕਾਲੀ ਨਹੀਂ ਸੀ ਪਰ ਕਾਂਗਰਸ ਵਿਰੋਧੀ ਜ਼ਰੂਰ ਸੀ । ਉਹ ਤਬਕਾ ਉਸ ਸੂਰਤ ਵਿਚ ਹੀ ਤੁਹਾਡਾ ਸਾਥੀ ਰਹਿ ਸਕਦਾ ਹੈ, ਜੇ ਤੁਸੀ ਕਾਂਗਰਸ ਨਾਲ ਕਿਸੇ ਪ੍ਰਕਾਰ ਦੀ ਭਿਆਲੀ ਨਾ ਪਾਉ । ਹੁਣ ਵਕਤ ਆ ਗਿਆ ਹੈ ਸੰਗਤ ਤੇ ਪੰਗਤ ਦੇ ਸਿੱਖੀ ਅਸੂਲਾਂ ਨੂੰ ਨਿਰੇ ਧਾਰਮਕ ਖੇਤਰ ਵਿਚੋਂ ਕੱਢ ਕੇ ਜੀਵਨ ਦੀ ਰਾਜਨੀਤਕ ਧਾਰਾ ਵਿਚ ਲਿਆਓ । ਜੇ ਤਾਰੀਖ ਨੂੰ ਸਾਰਥਕ ਮੋੜ ਦੇਣਾ ਹੈ ਤਾਂ ਸੱਜਿਓ ਖੱਬੇ ਨੂੰ ਆ ਜਾਓ ਨਹੀਂ ਤਾਂ ਆਪਣੀਆਂ ਕਬਰਾਂ ਆਪ ਪੁੱਟੋਗੇ। ਪੰਜਾਬ ਦੀ ਵੱਡੀ ਜਮਾਤ ਕਿਸਾਨ ਦੀ ਕਲਿਆਣ ਸਾਂਝੀਵਾਲਤਾ ਵਿਚ ਹੈ । ਹੁਣ ਲਾਰੇ ਨਹੀਂ ਚਲਣੇ । ਕਿਉਂਕਿ ਜਿਊਣਾ ਹਰ ਮਨੁੱਖ ਦਾ ਕੁਦਰਤੀ ਹੱਕ ਹੈ ।

ਸਮਝੌਤਾ

ਹਿੰਦ ਸਰਕਾਰ ਨਾਲ ਹੋਏ ਸਮਝੌਤੇ ਬਾਰੇ ਰੁੱਸੇ ਸਾਥੀਆਂ ਨੂੰ ਨਾਲ ਲਓ । ਬਰਾਬਰ ਬਹਾਓ । ਉਹਨਾਂ ਦੇ ਵਿਚਾਰ ਸੁਣੋ । ਸਪਸ਼ਟ ਦਲੀਲ ਅੱਗੇ ਅੜੀ ਟੁੱਟੇਗੀ । ਵਜ਼ਨਦਾਰ ਗੱਲਾਂ ਹਕੀਕਤ ਨੂੰ ਅੱਗੇ ਲਿਆਉਣਗੀਆਂ ਤੇ ਸੱਚ ਤੋ ਕੋਈ ਨਹੀ ਭੱਜ ਸਕਦਾ । ਸਪੱਸ਼ਟ ਐ ਕਿ ਸਮਝੌਤਾ ਸਾਨੂੰ ਅੰਦਰੂਨੀ ਖੁਦਮੁਖਤਿਆਰੀ ਨਹੀਂ ਦੇਂਦਾ । ਫੈਡਰਲ ਢਾਂਚੇ ਬਿਨਾਂ ਅਸੀਂ ਆਪਣੇ ਧਰਮ, ਬੋਲੀ, ਸਭਿਆਚਾਰ

ਨੂੰ ਆਰਥਿਕ ਲੁੱਟ ਤੋਂ ਬਚਾ ਨਹੀਂ ਸਕਦੇ । ਐਨੀਆਂ ਕੁਰਬਾਨੀਆਂ ਕਰਕੇ ਅਸੀਂ ਥੱਲੇ ਲੱਗ ਕੇ ਨਹੀਂ ਜੀ ਸਕਦੇ । ਰਾਜਨੀਤੀ ਵਿਚ ਇਤਬਾਰ ਕਰਨ ਵਾਲੇ ਮਾਰੇ ਜਾਂਦੇ ਹਨ । ਨਹਿਰੂ ਗਾਂਧੀ ਦੇ ਲਾਰੇ ਤੁਹਾਡੇ ਨਾਲ ਭਾਣੇ ਵਰਤਾਅ ਚੁੱਕੇ ਹਨ। ਹੁਣ ਅਜਿਹੇ ਭਰੋਸੇ ਨਹੀਂ ਚਲਣੇ । ਇਲੈਕਸ਼ਨ ਦੀ ਚਲਦੀ ਲੜਾਈ ਵਿਚ ਮੈਂ ਸਮਝੌਤੇ ਨੂੰ ਪੜਾਅ ਆਖਿਆ ਸੀ, ਮੰਜ਼ਿਲ ਨਹੀਂ । ਪਰ ਜੋ ਮਿਲਦਾ ਹੈ ਲਿਆ ਜਾਵੇ ਤੇ ਬਾਕੀ ਲਈ ਜਦੋ ਜਹਿਦ ਜਾਰੀ ਰੱਖੀ ਜਾਵੇ ।

ਸਮਝਣ ਦੀ ਲੋੜ ਹੈ

ਤੁਹਾਨੂੰ ਇਕ ਮੌਕਾ ਮਿਲਿਆ ਹੈ ਪੰਜਾਬ ਦੇ ਕਿਰਤੀਆਂ ਦੇ ਹਿੱਤ ਪਾਲ ਕੇ ਪਿਛਲੇ ਸਾਰੇ ਧੋਣੇ ਧੋ ਸਕਦੇ ਹੋ । ਹਾਕਮ ਨਾਲੋਂ ਸੇਵਕ ਵੱਡਾ ਹੁੰਦਾ ਹੈ ਤੇ ਕਿਰਤੀ ਵਿਹਲੜ ਸਰਮਾਏਦਾਰ ਨਾਲੋਂ ਸ਼ਕਤੀਸ਼ਾਲੀ । ਸੈਂਟਰ ਚਾਹੇਗਾ, ਆਪ ਸੱਚਾ ਰਹੇ ਤੇ ਸਿੱਖਾਂ ਹੱਥੋਂ ਸਿੱਖਾਂ ਦੇ ਘਾਣ ਕਰਵਾਏ ਜਾਣ । ਹਕੂਮਤ ਦੇ ਨਸ਼ੇ ਵਿਚ ਮੱਤ ਮਾਰੀ ਵੀ ਜਾਂਦੀ ਹੈ । ਨੇਕੀ ਬਦੀ, ਸੱਚ ਝੂਠ ਤੇ ਹੱਕ ਨਹੱਕ ਵਿਚ ਅੰਤਰ ਭੁੱਲ ਜਾਂਦਾ ਹੈ, ਇਥੇ ਹੀ ਸਮਝਣ ਦੀ ਲੋੜ ਹੈ । ਤੁਸੀਂ ਪ੍ਰੀਖਿਆ ਦੀ ਘੜੀ ਵਿਚੋਂ ਲੰਘ ਰਹੇ ਹੋ । ਤੁਹਾਨੂੰ ਜਿਤਾਉਣ ਵਾਲੇ ਚਾਹੁੰਦੇ ਹਨ ਤੁਸੀਂ ਇਸ ਇਮਤਿਹਾਨ ਵਿਚੋਂ ਸੁਰਖਰੂ ਹੋ ਕੇ ਨਿਕਲੋ । ਪੰਜਬ ਦੀ ਕਿਰਤੀ ਜਨਤਾ ਆਪਣਾ ਫਰਜ਼ ਪੂਰਾ ਕਰ ਚੁੱਕੀ ਹੈ, ਹੁਣ ਕਰਜ਼ਾ ਲਾਹੁਣ ਦੀ ਤੁਹਾਡੀ ਵਾਰੀ ਹੈ ।

ਅਰਦਾਸ ਹੈ

ਤੁਹਾਨੂੰ ਗੱਦੀਆਂ ਉੱਤੇ ਬਹਾਉਣ ਵਾਲਿਆਂ ਦੀ ਅਰਦਾਸ ਹੈ, ਤੁਸੀਂ ਆਪਣੀ ਪਾਟੋਧਾੜ ਤੋਂ ਬਚ ਸਕੋ । ਪੰਜਾਬ ਦੇ ਹੱਕ ਲੈਣ ਲਈ ਸਮੁੱਚੇ ਪੰਜਾਬੀਆਂ ਨੂੰ ਨਾਲ ਜੋੜ ਕੇ ਸੈਂਟਰ ਤੋਂ ਪੰਜਾਬ ਦੇ ਜਾਇਜ਼ ਹੱਕ ਹਾਸਲ ਕਰ ਸਕੋ ਤੇ ਆਪਣੇ ਦੇਸ਼ ਭਗਤੀ ਦੇ ਪਿਛੋਕੜ ਨੂੰ ਯਾਦ ਰੱਖ ਸਕੋ । ਧੰਨਵਾਦ ।

(ਰੋਜ਼ਾਨਾ ਅਜੀਤ) 29-9-85

ਸੰਤ ਜੀ ਦਾ ਕਤਲ ਅਤੇ ਨਾਜ਼ਕ ਹਾਲਤ

ਸੰਤ ਲੌਂਗੋਵਾਲ ਜੀ ਨਹੀਂ ਰਹੇ । ਗਲਘੋਟੂ ਅੰਨ੍ਹੇਰਾ ਸਾਰੇ ਦੇਸ਼ ਦੇ ਵਿਹੜੇ ਅਕਾਰ ਬਣ ਕੇ ਖਲੋ ਗਿਆ ਹੈ । ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਨਾਲ ਪੰਜਾਬ ਦੇ ਸਾਹ ਅਟਕ ਕੇ ਰਹਿ ਗਏ ਹਨ । ਵਹਿਮ ਗੁਮਾਨ ਦੀਆਂ ਸੋਚਾਂ ਤੋਂ ਦੂਰ ਹੋਣੀ ਨੇ ਸਭ ਦੇ ਦਮਾਗ ਸੁੰਨ ਕਰ ਦਿੱਤੇ । ਮੈਨੂੰ ਤਾਂ ਇਉਂ ਮਹਿਸੂਸ ਹੋਇਆ ਏ, ਜਿਵੇਂ ਪੰਜਾਬ ਨੇ ਖੁਦਕਸ਼ੀ ਕਰ ਲਈ ਹੋਵੇ । ਮੇਰਾ ਦੁਕਾਨਦਾਰ ਕਹਿ ਰਿਹਾ ਸੀ, 'ਸਿੱਖਾਂ ਦਾ ਗਾਂਧੀ ਮਾਰ ਘੱਤਿਆ । ਉਸ ਕਦੇ ਕਿਸੇ ਨੂੰ ਬੁਰਾ ਤਾਂ ਕੀ ਤਲਖ਼ ਸ਼ਬਦ ਵੀ ਨਹੀਂ ਆਖਿਆ ਸੀ । ਅਜਿਹਾ ਭਲਾ ਪੁਰਸ਼ ਵੀ ਸੌੜੀ ਰਾਜਨੀਤੀ ਤੋਂ ਬਰਦਾਸ਼ਤ ਨਾ ਹੋਇਆ ਪਰ ਉਹ ਸਦਾ ਜਿਊਂਦੇ ਰਹਿਣਗੇ ।'

ਹੁਣ ਪੰਜਾਬ ਦਾ ਕੀ ਬਣੇਗਾ ? ਇਹ ਸਵਾਲ ਹਰ ਪੰਜਾਬੀ ਤੇ ਭਾਰਤੀ ਦੀ ਜ਼ਬਾਨ ਉਤੇ ਹੈ, ਇਹਦੇ ਪਿਛੇ ਕਾਲਾ ਭਵਿੱਖ ਅਕਾਰ ਫੜਦਾ ਜਾ ਰਿਹਾ ਹੈ । ਐਨੀਆਂ ਦਿੱਤੀਆਂ ਕੁਰਬਾਨੀਆਂ ਤੇ ਵਗਿਆ ਲਹੂ ਅਜਾਈਂ ਜਾਵੇਗਾ ? ਕਿੰਨੇ ਖਦਸ਼ੇ ਖੜੇ ਹੋ ਗਏ ਹਨ । ਹਾਲੇ ਹੋਰ ਕੀ ਹੋਣ ਵਾਲਾ ਹੈ, ਕੋਈ ਕੁਝ ਨਹੀਂ ਕਹਿ ਸਕਦਾ ।

ਤਾਰੀਖ਼ ਆਪਣੀਆਂ ਗਵਾਹੀਆਂ ਪੇਸ਼ ਕਰਦੀ ਹੈ । ਨਿਰੇ ਜੋਸ਼ ਤੇ ਜਜ਼ਬਾਤ ਵਿਚ ਪੁਟੇ ਕਾਹਲੇ ਕਦਮ ਆਮ ਤੌਰ ਤੇ ਕੌਮਾਂ ਲਈ ਤਬਾਹਕੁੰਨ ਹੀ ਸਾਬਤ ਹੁੰਦੇ ਹਨ ਤੇ ਸਿੱਖ ਕੌਮ ਵੀ ਇਨ੍ਹਾਂ ਸੰਕਟਾਂ ਵਿਚ ਆ ਫਸੀ ਹੈ ।

ਨੌਜਵਾਨ ਕਾਹਲੇ ਕਿਉਂ ਪਏ ? ਅਸਲ ਵਿਚ 1947 ਤੋਂ ਲੈ ਕੇ ਹੁਣ ਤਕ ਪੰਜਾਬੀ ਸੂਬੇ ਦੀ ਪ੍ਰਾਪਤੀ ਬਿਨਾਂ, ਬੁੱਢੀ ਸਿਆਣਪ ਕੌਮ ਨੂੰ ਕੁਝ ਲੈ ਕੇ ਵੀ ਨਹੀਂ ਦੇ ਸਕੀ ਤੇ ਕਾਂਗਰਸੀ ਪੰਜਾਬੀਆਂ ਪੰਜਾਬ ਦੀ ਦੌਲਤ ਡੋ ਦੇ ਭਾ ਲੁਟਾ

ਘੱਤੀ । ਅਕਾਲੀ ਲੀਡਰਸ਼ਿਪ ਨੂੰ ਖੁਦਗਰਜ਼ੀ ਤੋਂ ਬਰੀ ਨਹੀਂ ਕੀਤਾ ਜਾ ਸਕਦਾ। ਪਰ ਨੌਜਵਾਨਾਂ ਦਾ ਗੋਲੀ ਦਾ ਰਾਹ ਹੋਰ ਵੀ ਗਲਤ ਐ । ਸੰਤ ਜੀ ਦੇ ਕਤਲ ਨਾਲ ਕੁਰਬਾਨੀਆਂ ਦੀ ਪੁੰਜ ਕੌਮ ਦੁਨੀਆਂ ਦੀਆਂ ਨਜ਼ਰਾਂ ਵਿਚ ਕਿੰਨੇ ਨੀਵੇਂ ਥਾਂ ਆ ਖਲੋਤੀ । ਅਨੁਭਵ ਕਰਦਿਆਂ ਅੱਖਾਂ ਪੈਰਾਂ ਤੋਂ ਨਹੀਂ ਉਠਦੀਆਂ । ਬਾਪੂ ਨੂੰ ਮਾਰ ਲੈਣ ਪਿਛੋਂ ਜਾਇਦਾਦ ਮਗਰੋਂ ਹੱਥ ਆਉਂਦੀ ਹੈ, ਮੁਕੱਦਮਾ ਤੇ ਲੋਕਾਂ ਦੀਆਂ ਲਾਹਨਤਾਂ ਪਹਿਲਾਂ ਆ ਘੇਰਦੀਆਂ ਹਨ ।

ਮਾਰਨ ਵਾਲਿਆਂ ਦਾ ਰਾਜਨੀਤਕ ਕਦਮ ਕਿੰਨਾ ਗਲਤ ਹੈ, ਉਨ੍ਹਾਂ ਨੂੰ ਛੇਤੀ ਚਾਨਣ ਹੋ ਜਾਵੇਗਾ । ਉਨ੍ਹਾਂ ਸਿੱਖ ਪੰਥ ਦੀ ਥਾਂ ਕਾਂਗਰਸ ਦੀ ਕਿੰਨੀ ਸੇਵਾ ਕੀਤੀ ਹੈ । ਭਾਵੇਂ ਇਹ ਉਨ੍ਹਾਂ ਦੇ ਵਹਿਮ ਗੁਮਾਨ ਵਿਚ ਹੀ ਨਾ ਹੋਵੇ । ਇਸ ਕਤਲ ਦਾ ਲਾਭ ਸਹੀ ਅਰਥਾਂ ਵਿਚ ਸਰਕਾਰ ਤੇ ਕਾਂਗਰਸ ਨੂੰ ਜਾਵੇਗਾ; ਜਿਹੜਾ ਕਿ ਪੰਜਾਬ ਦੇ ਹਿੱਤਾਂ ਦੇ ਉਲਟ ਹੋਵੇਗਾ ।

ਹੁਣ ਕੀ ਕੀਤਾ ਜਾਵੇ;

ਕਿਸੇ ਮਹਾਨ ਸ਼ਖਸ਼ੀਅਤ ਦੇ ਕਤਲ ਪਿਛੋਂ ਕੌਮ ਵਿਚ ਨਿਰਾਸਤਾ ਫੈਲਣੀ ਕੁਦਰਤੀ ਹੈ । ਉਸ ਨਿਰਾਸਤਾ ਦੀ ਧੁੰਦ ਵਿਚ ਗੁੰਮ ਸੁੰਮ ਹੋ ਜਾਣਾ ਰਾਜਨੀਤਕ ਸੂਝ ਨਹੀਂ । ਮੈਂ ਸਮਝਦਾ ਆਂ ਜ਼ਖਮ ਐਨਾ ਡੂੰਘਾ ਹੈ ਕਿ ਉਹਦਾ ਦਰਦ ਸੁਰਤ ਨਹੀਂ ਲੈਣ ਦਿੰਦਾ । ਚੰਦਰੇ ਹਾਲਾਤ ਨੇ ਤੁਹਾਨੂੰ ਜ਼ਖਮੀ ਕਰ ਕੇ ਬੁਰੀ ਤਰ੍ਹਾਂ ਵਗਾਹ ਮਾਰਿਆ ਹੈ ਪਰ ਮੈਂ ਤੁਹਾਨੂੰ ਚਿਤਾਵਨੀ ਵਿਚ ਪੁਕਾਰਦਾ ਹਾਂ ਕਿ ਜ਼ਖਮੀ ਸ਼ੇਰ ਵਾਂਗ ਉਠੇ ਬਿਨਾਂ ਤੁਹਾਡਾ ਗੁਜ਼ਾਰਾ ਨਹੀਂ । ਨਹੀਂ ਤਾਂ ਇਸ ਨਾਜ਼ੁਕ ਮੌਕੇ ਦੁਸ਼ਮਨ ਉਹ ਕੁਝ ਕਰ ਜਾਣਗੇ, ਜਾਂ ਕਰਵਾ ਜਾਣਗੇ ਜਿਸ ਦੀ ਤੁਸਾਂ ਕਦੇ ਆਸ ਵੀ ਨਹੀਂ ਕੀਤੀ । ਜਿਸ ਦੇ ਸਿੱਟੇ ਮੁੜ ਆਮ ਲੋਕਾਂ ਦੀ ਖੁਆਰੀ ਵਿਚ ਭੁਗਤਣੇ ਪੈਣਗੇ ।

ਸਾਰੀ ਕੌਮ ਦਿੱਤੀਆਂ ਕੁਰਬਾਨੀਆਂ ਦੇ ਅਜਾਈਂ ਜਾਣ ਤੋਂ ਚਿੰਤਤ ਹੈ । ਅਕਾਲੀ ਦਲ ਹਮੇਸ਼ਾਂ ਇਕ ਰਿਹਾ ਹੈ, ਇਹ ਕਦੇ ਦੋ ਨਹੀਂ ਹੋ ਸੱਕਿਆ । ਫੱਟੇ ਭਾਵੇਂ ਜਿੰਨੇ ਮਰਜ਼ੀ ਲਾ ਲੈਣ, ਇਸ ਸੰਕਟ ਦੀ ਘੜੀ ਵਿਚ ਜ਼ਿਲ੍ਹਾ ਜਥੇਦਾਰਾਂ, ਰਹਿ ਚੁਕੇ ਐਮ. ਐਲ. ਏ., ਐਮ. ਪੀ. ਤੇ ਜ਼ਿੰਮੇਵਾਰ ਸਿੱਖ ਆਗੂਆਂ ਨੂੰ ਫਿਲਹਾਲ ਪੰਜ ਪਿਆਰਿਆਂ ਦੀ ਸਾਂਝੀ ਲੀਡਰਸ਼ਿਪ ਵਿਚ ਆਪਣਾ ਭਰੋਸਾ ਇਕ ਕਰਨਾ ਚਾਹੀਦਾ ਹੈ । ਸਿੱਖ ਸ਼ੇਰਾਜ਼ੇ ਨੂੰ ਖਿੰਡਣ ਤੋਂ ਬਚਾਉਣਾ ਪਹਿਲਾ ਧਰਮ ਤੇ ਫਰਜ਼ ਹੋਣਾ ਚਾਹੀਦਾ ਹੈ । ਨਿਸ਼ਕਾਮ ਤੇ ਈਮਾਨਦਾਰ ਪੰਜ ਪਿਆਰੇ ਅੱਗੇ ਲਿਆਂਦੇ ਜਾਣ, ਪਰ ਪੱਜਲ ਹੋ ਗਏ ਲੀਡਰਾਂ ਨੂੰ ਪਾਸੇ ਰਖਿਆ ਜਾਵੇ । ਪੰਥਕ ਏਕਤਾ

ਨਾਲ ਹੀ ਇਸ ਭਾਰੀ ਸੰਕਟ ਵਿਚੋਂ ਨਿਕਲਿਆ ਜਾ ਸਕਦਾ ਹੈ। ਸਾਂਝੀ ਲੀਡਰਸ਼ਿਪ ਸੰਗਤ ਤੇ ਪੰਗਤ ਦੀ ਸਿੱਖ ਮਰਯਾਦਾ ਏਕਤਾ ਲਈ ਲਾਭਕਾਰੀ ਸਿੱਧ ਹੋਵੇਗੀ। ਉਨ੍ਹਾਂ ਦੀ ਸਹਾਇਤਾ ਲਈ ਥੋੜ੍ਹੇ ਸਮੇਂ ਪਿਛੋਂ ਚਾਲੀ ਮੁਕਤਿਆਂ ਨੂੰ ਨਿਰਖ ਪਰਖ ਕੇ ਚੁਣਿਆ ਜਾ ਸਕਦਾ ਹੈ।

ਸਰਕਾਰ ਤੇ ਜ਼ੋਰ ਪਾਇਆ ਜਾਵੇ ਕਿ ਚੋਣਾਂ ਮੁਲਤਵੀ ਕੀਤੀਆਂ ਜਾਣ। ਜਿਸ ਗੜਬੜ ਬਾਰੇ ਸੰਤ ਜੀ ਤੇ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਵਾਰਨਿੰਗ ਦੇਂਦੀਆਂ ਸਨ, ਉਹ ਚੋਣਾਂ ਦੇ ਐਲਾਨ ਪਿਛੋਂ ਹੀ ਸਾਹਮਣੇ ਆ ਗਈ। ਚੋਣਾਂ ਕਰਵਾਉਣਾ ਸਰਕਾਰ ਦੇ ਹਿੱਤ ਵਿਚ ਜਾਂਦਾ ਹੈ। ਉਹ ਚਾਹੁੰਦੇ ਹਨ ਕਿਤੇ ਪੰਥ ਇਕ ਨਾ ਹੋ ਜਾਵੇ। ਇਨ੍ਹਾਂ ਦੇ ਪਾਟਿਆਂ-ਪਾਟਿਆਂ ਹੀ ਦਾਅ ਲਾ ਲਿਆ ਜਾਵੇ।

ਸਭ ਤੋਂ ਖਤਰੇ ਵਾਲੀ ਗੱਲ ਸਰਕਾਰ ਹੋਏ ਸਮਝੌਤੇ ਤੋਂ ਭੱਜੇਗੀ। ਅੱਜ ਮਗਰਮੱਛ ਸੰਤ ਜੀ ਦੀ ਹੱਤਿਆ ਤੇ ਕਿੰਨੇ ਹੰਝੂ ਕੇਰੇ ਪਰ ਸੋਚੇਗਾ ਉਹ ਆਪਣੇ ਸ਼ਿਕਾਰ ਮਾਰਨ ਬਾਰੇ ਹੀ। ਜੇ ਪੰਥ ਇਕ ਨਾ ਹੋਇਆ, ਸਮਝੌਤੇ ਦਾ ਲਾਭ ਯਕੀਨਨ ਗਵਾਂਢੀ ਰਾਜ ਲੈ ਜਾਣਗੇ। ਕੇਂਦਰ ਸਰਕਾਰ ਨੇ ਪਹਿਲਾਂ ਵੀ ਉਨ੍ਹਾਂ ਦੇ ਹਿੱਤ ਪਾਲੇ ਹਨ। ਪੰਜਾਬ ਦਾ ਤੇ ਸਿੱਖਾਂ ਦਾ ਉਸ ਸੂਰਤ ਵਿਚ ਕੀ ਬਣੇਗਾ।

ਚੜ੍ਹਦੀ ਕਲਾ ਕਿ ਨਿਘਾਰ :

ਸੰਤ ਆਪੂੰ ਕੁਝ ਨਹੀਂ ਚਾਹੁੰਦੇ ਸਨ। ਉਹਨਾਂ ਦੀ ਆਖਰੀ ਖਾਹਸ਼ ਸੀ ਪੰਥ ਇਕ ਪਲੇਟਫਾਰਮ ਤੇ ਆ ਜਾਵੇ। ਸਾਰੇ ਸਿੱਖ ਆਗੂਆਂ ਅੱਗੇ ਸੰਤ ਜੀ ਦੀ ਰੂਹ ਹੱਥ ਜੋੜੀ ਖਲੋਤੀ ਹੈ। ਹੁਣ ਗੱਲ ਤੁਹਾਡੀਆਂ ਜ਼ਮੀਰਾਂ ਸਾਹਮਣੇ ਹੈ। ਤੁਸਾਂ ਪੰਥ ਨੂੰ ਚੜ੍ਹਦੀ ਕਲਾ ਵਿਚ ਲਿਜਾਣਾ ਹੈ ਜਾਂ ਨਿਘਾਰ ਵੱਲ। ਉਹਨਾਂ ਨੂੰ ਸੱਚੀ ਸ਼ਰਧਾਂਜਲੀ ਏਹੀ ਹੈ, ਉਹਨਾਂ ਦੇ ਕੀਤੇ ਸਮਝੌਤੇ ਨੂੰ ਪੂਰਨ ਰੂਪ ਵਿਚ ਲਾਗੂ ਕਰਵਾਇਆ ਜਾਵੇ।

ਚੋਣ ਬਾਈਕਾਟ ਇੰਕਾ ਦੀ ਮਦਦ

ਅਕਾਲੀ ਦਲ ਦੇ ਇਕ ਧੜੇ ਦਾ ਇਲੈਕਸ਼ਨ ਬਾਈਕਾਟ ਸਮਝੌਤੇ ਵਿਚ ਘੱਟ ਪ੍ਰਾਪਤੀ ਕਾਰਨ ਸਮਝਿਆ ਜਾਂਦਾ ਰੋਸ ਹੈ । ਮੈਂ ਪਹਿਲਾਂ ਵੀ ਲਿਖਿਆ ਸੀ ਕਿ ਸਮਝੌਤਾ ਸਿੱਖਾਂ ਤੇ ਪੰਜਾਬੀਆਂ ਦੀ ਮੰਜ਼ਲ ਨਹੀਂ ਇਕ ਪੜਾਅ ਹੈ । ਸਮਝੌਤਾ ਰਹਿੰਦੀਆਂ ਪ੍ਰਾਪਤੀਆਂ ਲਈ ਜਦੋਜਹਿਦ ਨਾ ਕਰਨ ਦੀ ਲਕੀਰ ਨਹੀਂ ਖਿੱਚਦਾ। ਸਮਝੌਤੇ ਵਿਚ ਜੋ ਮਿਲਿਆ ਜਾਂ ਮਿਲਦਾ ਹੈ, ਉਸ ਨੂੰ ਹਾਸਲ ਕੀਤਾ ਜਾਵੇ। ਇਸ ਇਲੈਕਸ਼ਨ ਵਿਚ ਜੇ ਅਕਾਲੀ ਵਜ਼ਾਰਤ ਤੱਕ ਪੁਜ ਜਾਂਦੇ ਹਨ ਤਦ ਸਮਝੌਤੇ ਦੀਆਂ ਗੁੰਝਲਦਾਰ ਧਾਰਾਵਾਂ ਨੂੰ ਪੰਜਾਬ ਦੇ ਹੱਕ ਵਿਚ ਸਫਲ ਬਨਾਉਣ ਲਈ ਕਾਰਗਰ ਸਾਬਤ ਹੋਣਗੇ । ਨਹੀਂ ਤਾਂ ਇਹਦਾ ਲਾਭ ਗਵਾਂਢੀ ਰਾਜਾਂ ਨੂੰ ਜਾਵੇਗਾ ।

ਸੋਚਣ ਵਾਲੀ ਗੱਲ ਹੈ, ਬਾਈਕਾਟ ਕਰਨ ਵਾਲਾ ਅਕਾਲੀ ਦਲ ਇਲੈਕਸ਼ਨ ਵਿਚ ਆਪਣੀ ਵੋਟ ਨਾ ਵਰਤਕੇ ਕਿਸ ਦੀ ਸਹਾਇਤਾ ਕਰ ਰਿਹਾ ਹੈ ? ਅਕਾਲੀਆਂ ਦੀਆਂ ਵੋਟਾਂ ਟੁਟਣਗੀਆਂ ਤਾਂ ਤਾਕਤ ਵਿਰੋਧੀ ਧਿਰ ਕਾਂਗਰਸ ਨੂੰ ਮਿਲੇਗੀ । ਹੱਕ ਕੌਣ ਦੱਬੀ ਬੈਠਾ ਹੈ ? ਸੈਂਟਰ ਸਰਕਾਰ । ਸਰਕਾਰ ਕੀਹਦੀ ? ਕਾਂਗਰਸ ਦੀ । ਫਿਰ ਕਾਂਗਰਸ ਨੂੰ ਤਕੜਿਆਂ ਕਰਕੇ ਹੱਕ ਪ੍ਰਾਪਤੀ ਕਿਵੇਂ ਹੋਵੇਗੀ ? ਅਣਜਾਣ ਬੱਚਾ ਵੀ ਜਾਣਦਾ ਹੈ ਦੁਸ਼ਮਣ ਨੂੰ ਘਿਉ ਖੁਆ ਕੇ ਤੁਸੀਂ ਉਸ ਨੂੰ ਢਾਹ ਨਹੀਂ ਸਕਦੇ । ਫਿਰ ਇਹ ਮੁਲਕ ਦੀ ਵੰਡ ਤੋਂ ਲੈ ਕੇ ਹੁਣ ਤੱਕ ਅਕਾਲੀਆਂ ਵੱਲੋਂ ਕੀਤੀਆਂ ਗਈਆਂ ਗਲਤੀਆਂ ਵਿਚੋਂ ਇਕ ਹੋਰ ਨਹੀਂ ਹੋਵੇਗੀ ?

ਪਾਰਟੀ ਵਿਚ ਧੜੇਬੰਦੀ ਤੇ ਸ਼ਰੀਕੇਬਾਜ਼ੀ ਕੁਦਰਤੀ ਆ ਜਾਂਦੀ ਹੈ । ਹਨੇਰੀ ਝੱਖੜ ਆਉਣ ਸਮੇਂ ਵੱਡੇ ਬ੍ਰਿਛ ਦੇ ਡਾਲ ਆਪੋ ਵਿਚੀਂ ਖਹਿ ਕੇ ਟੁਟਦੇ ਹਨ, ਪਰ ਕੋਈ ਧਿਰ ਦਰਖਤ ਦੀਆਂ ਜੜ੍ਹਾਂ ਨਹੀਂ ਵਢਦੀ, ਅਕਾਲੀ ਦਲ ਹਾਲੇ ਤੱਕ

ਸਿੱਖਾਂ ਦੀ ਮੂਲ ਤਾਕਤ ਹੈ, ਜਿਹੜੀ ਪੰਜਬ ਦੀ ਲੁੱਟ ਉਤੇ ਸੈਂਟਰ ਸਰਕਾਰ ਨਾਲ ਟਕਰਾਈ । ਇਸ ਟੱਕਰ ਵਿਚੋਂ ਕੁਝ ਪ੍ਰਾਪਤੀਆਂ ਦੀ ਆਸ ਬੱਝੀ ਹੈ । ਇਕ ਧਿਰ ਇਸ ਨੂੰ ਠੀਕ ਸਮਝਦੀ ਹੈ ਤੇ ਦੂਜੀ ਗਲਤ । ਠੀਕ ਵਾਲੀ ਨੂੰ ਤਜਰਬਾ ਕਰਨ ਦਾ ਹੱਕ ਦਿੱਤਾ ਜਾਵੇ । ਜੇ ਉਹ ਕੁਝ ਪ੍ਰਾਪਤ ਨਾ ਕਰ ਸਕੇ, ਪੰਜਾਬੀ ਜਨਤਾ ਤੇ ਸਿੱਖ ਪੰਥ ਸਮਝੌਤੇ ਨੂੰ ਗਲਤ ਸਮਝਣ ਵਾਲਿਆਂ ਨਾਲ ਆਪਣੇ ਆਪ ਆ ਜਾਵੇਗਾ । ਲੋਕ ਹਮੇਸ਼ਾਂ ਗਲਤ ਨੂੰ ਰੱਦਦੇ ਹਨ ਤੇ ਲੋਕਾਂ ਉਤੇ ਭਰੋਸਾ ਕਰਨਾ ਚਾਹੀਦਾ ਹੈ ।

ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਵੋਟ ਦਾ ਹੱਕ ਕਾਂਗਰਸ ਦੇ ਵਿਰੁੱਧ ਡਟ ਕੇ ਵਰਤਿਆ ਜਾਵੇ ਤਾਂ ਜੋ ਨਤੀਜੇ ਸਾਹਮਣੇ ਆਉਣ ਸਮੇਂ ਉਹ ਸਾਰੇ ਪੰਥ ਨੂੰ ਕਹਿ ਸਕਣ, 'ਅਸਾਂ ਇਲੈਕਸ਼ਨ ਵਿਚ ਇਹਨਾਂ ਨੂੰ ਗਲਤ ਸਮਝਦਿਆਂ ਵੀ, ਸਹਾਇਤਾ ਦਿੱਤੀ ਪਰ ਫਿਰ ਵੀ ਅੰਦਰੂਨੀ ਖੁਦਮੁਖਤਾਰੀ ਹਾਸਲ ਨਹੀਂ ਕਰ ਸਕੇ।' ਮੈਂ ਨਹੀਂ ਸਮਝਦਾ ਫਿਰ ਪੰਥ ਤੁਹਾਡੇ ਨਾਲ ਨਹੀਂ ਆਵੇਗਾ । ਤੱਤੇ ਤਾਅ ਤੇ ਜੋਸ਼ ਵਿਚ ਲਏ ਫੈਸਲੇ ਸਾਰਥਕ ਨਤੀਜੇ ਨਹੀਂ ਪੈਦਾ ਕਰਦੇ । ਸਾਡੀ ਮੰਜ਼ਲ ਲੰਮੀ ਐ । ਇਕ ਦਿਨ ਅਥਵਾ ਇਕ ਇਲੈਕਸ਼ਨ ਵਿਚ ਹਾਸਲ ਹੋਣ ਵਾਲੀ ਨਹੀਂ । ਇਸ ਲਈ ਮੂਲ ਤਾਕਤ ਨੂੰ ਸੱਟ ਨਾ ਮਾਰੀ ਜਾਵੇ । ਪੰਥ ਦੀਆਂ ਜੜ੍ਹਾਂ ਮਜ਼ਬੂਤ ਕੀਤੀਆਂ ਜਾਣ ਤੇ ਅਸਲ ਮੰਜ਼ਲ ਵੱਲ ਵਧਿਆ ਜਾਵੇ । ਛੋਟੀਆਂ ਜਿੱਤਾਂ ਹੀ ਵੱਡੀ ਜਿੱਤ ਦਾ ਮੁੱਢ ਬੰਨ੍ਹਦੀਆਂ ਹਨ । ਅੱਜ ਲੋਕ ਤੁਹਾਡੇ ਕੋਲੋਂ ਮੰਗ ਕਰਦੇ ਹਨ ਕਿ ਤੁਸੀਂ ਆਪਣੀ ਵੋਟ ਨੂੰ ਵਰਤ ਕੇ ਕਾਂਗਰਸ ਨੂੰ ਹਰਾਓ ਅਤੇ ਪੰਥ ਦੀ ਜਿੱਤ ਦਾ ਰਾਹ ਪੱਧਰਾ ਕਰੋ ।

ਇਹ ਯਾਦ ਰਹੇ, ਪੰਥ ਤੇ ਲੋਕ ਕੁਰਬਾਨੀ ਕਰਨ ਵਾਲਿਆਂ ਨੂੰ ਕਦੇ ਨਹੀਂ ਭੁਲਦੇ ਤੇ ਗਦਾਰੀ ਕਰਨ ਵਾਲਿਆਂ ਨੂੰ ਕਦੇ ਮਾਫ ਨਹੀਂ ਕਰਦੇ ।

ਚੌਕਸੀ ਨਾਲ ਪਹਿਰਾ ਦਿਓ

•

ਪਿਆਰੇ ਸੁਰਜੀਤ ਸਿੰਘ ਬਰਨਾਲਾ ਜੀ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ !

ਪੰਜਾਬ ਦੇ ਵਿਗੜੇ ਹਾਲਾਤ ਅਤੇ ਸਿੱਖ ਜਗਤ ਦੇ ਖ਼ਦਸ਼ਿਆਂ ਕਾਰਨ ਤੁਹਾਨੂੰ ਲਿਖ ਰਿਹਾ ਆਂ । ਕਿਉਂਕਿ ਪੰਜਾਬ ਦੀ ਲੋਕ ਰਾਏ ਨੇ ਤੁਹਾਨੂੰ ਕਾਨੂੰਨੀ ਤੌਰ ਤੇ ਮੁਖੀ ਮੰਨ ਲਿਆ ਹੈ । ਜਿਥੇ ਕਾਨੂੰਨ ਲੋਕਾਂ ਦੇ ਹਿੱਤਾਂ ਦਾ ਪਾਲਕ ਹੁੰਦਾ ਐ, ਉਥੇ ਜਾਬਰ ਹੱਥਾਂ ਵਿਚ ਲੋਕਾਂ ਦੇ ਸਿਰ ਡੰਡਾ ਵੀ ਬਣ ਜਾਂਦਾ ਏ । ਤੇ ਹੁਣ ਤਕ ਪੰਜਾਬੀਆਂ ਖਾਸ ਕਰ ਸਿੱਖਾਂ ਉਤੇ ਕਾਨੂੰਨ ਘੱਟ ਤੇ ਡੰਡਾ ਬਹੁਤਾ ਵਰਤਿਆ ਗਿਆ ਹੈ । ਪੰਜਾਬ ਦੇ ਲੋਕ ਅੰਦੋਲਨ ਲਈ ਕਿਉਂ ਉਠੇ । ਪੰਜਾਬ ਵਿਚ ਰਹਿਣ ਕਾਰਨ ਤੁਹਾਨੂੰ ਮੇਰੇ ਨਾਲੋਂ ਕਿਤੇ ਵਧ ਪਤਾ ਹੈ । ਜਿਥੇ ਵਾਅਦੇ ਤੋੜੇ ਜਾਣ, ਉਥੇ ਵਿਸ਼ਵਾਸ ਨਹੀਂ ਰਹਿੰਦਾ । ਗਾਂਧੀ, ਨਹਿਰੂ ਤੇ ਸਮੁਚੀ ਕਾਂਗਰਸ ਨੇ ਅੰਗਰੇਜ਼ ਸਾਮਰਾਜ ਨੂੰ ਹਿੰਦੋਸਤਾਨ ਵਿਚੋਂ ਕੱਢਣ ਲਈ ਜਿਹੜੇ ਵਾਅਦੇ ਕੀਤੇ ਸਨ ਉਹਨਾਂ ਸਭ ਤੋਂ ਸਾਫ ਮੁਕਰ ਗਏ । ਜੇ ਦੇਸ਼ ਦਾ ਪ੍ਰਧਾਨ ਮੰਤਰੀ ਆਪਣੇ ਕੌਲ-ਕਰਾਰਾਂ ਤੋਂ ਫਿਰ ਜਾਏ, ਫਿਰ ਤਾਂ ਪੰਜਾਬ ਦੇ ਗਵੰਤਰੀਆਂ ਵਾਂਗ ਆਖਣਾ ਪਵੇਗਾ-ਮੁੰਡੇ ਕਾਜ਼ੀਆਂ ਦੇ ਦਾਰੂ ਪੀਣ ਗਿੱਝ ਗਏ ਨੇ-ਘਰ ਪੰਡਤਾਂ ਦੇ ਮੁਰਗੇ ਰਿਝ ਗਏ ਨੇ, ਤੌਗ ਟੁਟ ਗਿਆ ਸਾਰੀ ਦੁਨੀਆਂ ਦਾ ।

ਆਜ਼ਾਦੀ ਤੋਂ ਪਹਿਲਾਂ ਅਸੀਂ ਅੰਗਰੇਜ਼ ਨਾਲ ਆਹਡਾ ਲਾ ਮੂਹਰੇ ਹੋ ਕੇ ਮਰਦੇ ਫਾਂਸੀਆਂ ਦੇ ਰੱਸੇ ਤੋੜਦੇ ਤੇ ਕਾਲੇ ਪਾਣੀ ਦਸੌਂਧੇ ਕੱਟਦੇ ਰਹੇ । ਆਜ਼ਾਦੀ ਆ ਜਾਣ ਤੇ ਸਿੱਖ ਕੌਮ ਨੂੰ ਜਰਾਇਮ ਪੇਸ਼ਾ ਬਣਾਉਣ ਦੀਆਂ ਸਕੀਮਾਂ ਸੋਚੀਆਂ ਗਈਆਂ ਕਾਂਗਰਸ ਦੀਆਂ ਯਾਰੀਆਂ ਤੇ ਵਫ਼ਾਦਾਰੀਆਂ ਉਹਨਾਂ ਨਾਲ ਪੈਣ ਲਗੀਆਂ, ਜਿਹਨਾਂ

ਪੰਜਾਬ ਦੇ ਹਿੱਤਾਂ ਵਿਰੁੱਧ ਤੇ ਸਿੱਖੀ ਨਾਲ ਗਦਾਰੀਆਂ ਕੀਤੀਆਂ ਸਨ। ਵਜ਼ੀਰੀਆਂ ਤੇ ਨਾਮਜ਼ਦ ਮੈਂਬਰੀਆਂ ਵੀ ਉਹਨਾਂ ਨੂੰ ਦਿੱਤੀਆਂ ਗਈਆਂ ਜਿਹੜੇ ਸੈਂਟਰ ਦੇ ਝੋਲੀ ਚੁਕ ਸਨ। ਇਹ ਗੱਲ ਅਸਲੋਂ ਭੁਲਾ ਦਿੱਤੀ ਕਿ ਸਿੱਖ ਇਕ ਬਹਾਦਰ ਕੌਮ ਐ ਇਸਦਾ ਸ਼ਾਨਦਾਰ ਵਿਰਸਾ ਤੇ ਇਤਿਹਾਸ ਐ-ਇਹਨਾਂ ਜੰਗੇ ਆਜ਼ਾਦੀ ਵਿਚ ਸਾਰੇ ਹਿੰਦੋਸਤਾਨ ਨਾਲੋਂ ਤਿੰਨ ਗੁਣਾ ਵੱਧ ਕੁਰਬਾਨੀ ਕੀਤੀ ਹੈ। ਮੁਸਲਮਾਨਾਂ ਤੇ ਇਸਾਈਆਂ ਦਾ ਵਿਧਾਨ ਵਿਚ ਵੱਖਰਾ ਧਰਮ ਐ, ਪਰ ਸਿੱਖਾਂ ਨੂੰ ਜਾਣ ਕੇ ਹਿੰਦੂ ਧਰਮ ਨਾਲ ਨਰੜਿਆ ਗਿਆ। ਕਿਉਂ ? ਕਿਉਂਕਿ ਸੋਚੀ ਸਮਝੀ ਚਾਲ ਅਨੁਸਾਰ ਸਿੱਖਾਂ ਨੂੰ ਜੈਨੀਆਂ ਬੋਧੀਆਂ ਵਾਂਗ ਆਪਣੇ ਵਿਚ ਡਕਾਰਨਾ ਸੀ। ਤੇ ਇਹ ਜਤਨ ਅੱਜ ਵੀ ਹਰ ਪੱਖੋਂ ਜਾਰੀ ਹਨ। ਇਹ ਮੈਂ ਕਿਉਂ ਲਿਖ ਰਿਹਾ ਆਂ, ਜਦੋਂ ਕਿ ਤੁਸੀਂ ਭਲੀ ਪ੍ਰਕਾਰ ਜਾਣਦੇ ਹੋ। ਕੇਵਲ ਲੋਕਾਂ ਦੇ ਜਜ਼ਬਾਤ ਤੁਹਾਡੀ ਸੂਝ ਨਾਲ ਜੋੜਨਾ ਮੈਂ ਆਪਣਾ ਫਰਜ਼ ਸਮਝਦਾ ਆਂ। ਦੂਜੇ ਭੂਤ ਦੇ ਚਾਨਣ ਬਿਨਾ ਵਰਤਮਾਨ ਨੂੰ ਸਹੀ ਦਿਸ਼ਾ ਨਹੀਂ ਮਿਲਦੀ। ਤੇ ਅਸੀਂ ਸ਼ਾਨਦਾਰ ਭਲਕ ਉਸਾਰਨ ਦਾ ਦਾਈਆ ਵੀ ਮਿਥੀ ਬੈਠੇ ਆਂ।

ਆਜ਼ਾਦੀ ਆ ਜਾਣ ਬਾਅਦ ਸਾਡੇ ਪਿੰਡੇ ਡਾਂਗਾਂ ਨਾਲ ਮੱਛੀਓ ਮਾਸ ਕੀਤੇ ਗਏ। ਆਪਣਾ ਹੱਕ ਲੈਣ ਲਈ ਕਿੰਨੇ ਮੋਰਚੇ ਲਾਏ। ਦੇਣਾ ਤਾਂ ਕੁਝ ਕੀ ਸੀ, ਸਮਝੋ ਸੈਂਟਰ ਸਰਕਾਰ ਨੇ ਸਾਨੂੰ ਮੋਰਚਿਆਂ ਦੇ ਗਧੀ ਗੇੜ ਵਿਚ ਹੀ ਪਾਈ ਰੱਖਿਆ। ਜਿਸ ਕਾਨੂੰਨ ਤੇ ਅਸੂਲ ਨਾਲ ਸਾਰੇ ਹਿੰਦੋਸਤਾਨ ਨੂੰ ਜ਼ਬਾਨ ਦੇ ਆਧਾਰ ਤੇ ਸੂਬਿਆਂ ਵਿਚ ਵੰਡਿਆ, ਪਰ ਪੰਜਾਬ ਉਤੇ ਆ ਕੇ ਉਹ ਅਸਲੋਂ ਖੋਟਾ ਹੋ ਗਿਆ। ਅਸਲ ਵਿਚ ਨੇਮ ਅਸੂਲ ਲਾਗੂ ਕਰਨ ਵਾਲਿਆਂ ਦੀ ਨੀਅਤ ਕਾਣੀ ਸੀ। ਪੰਜਾਬੀ ਸੂਬੇ ਦੇ ਮੋਰਚੇ ਸਮੇਂ ਬਠਿੰਡਾ ਜੇਲ੍ਹ ਵਿਚ ਅਸਾਂ ਛਾਤੀ ਤੇ ਗੋਲੀਆਂ ਖਾਧੀਆਂ। ਇਹ ਗੱਲ ਸੋਚੀ ਈ ਨਹੀਂ ਬਾਕੀ ਕੌਮੀਅਤਾਂ ਨੂੰ ਜ਼ਬਾਨ ਦੇ ਪੱਖੋਂ ਇਕ ਘੰਟਾ ਜੇਲ੍ਹ ਕਟੇ ਬਿਨਾਂ ਹੀ ਸੂਬੇ ਮਿਲ ਗਏ। ਪਰ ਸਾਨੂੰ ਅੰਗੂਠਾ ਵਿਖਾ ਦਿਤਾ ਗਿਆ। ਕਸ਼ਮੀਰ ਨੂੰ ਬਚਾਉਣ ਤੇ ਪੈਂਟਣ ਦੀ ਜੰਗ ਨੂੰ ਠੱਲ ਪਾਉਣ ਲਈ ਸਿੱਖ ਹਿੱਕਾਂ ਡਾਹ ਕੇ ਅੜੇ, ਲੜੇ ਤੇ ਮਰੇ। ਫਿਰ ਪੰਜਾਬੀ ਸੂਬਾ ਦਿਤਾ ਤਾਂ ਅੱਧ ਡੂਢ ਕਰਕੇ। ਨਿਆਂ ਦੀ ਤਕੜੀ ਜਦੋਂ ਤਕ ਬਾਣੀਏ ਤੇ ਬਾਹਮਣ ਦੇ ਹੱਥ ਰਹੇਗੀ, ਉਹ ਜ਼ਰੂਰ ਪਾਸਕੂ ਮਾਰੇਗਾ। ਉਸ ਦੇ ਪੁਰਖਿਆਂ ਉਸ ਨੂੰ ਸਿਖਾਇਆ ਈ ਇਸ ਤਰ੍ਹਾਂ ਐ, ਲੈਣ ਵੇਲੇ ਵੱਧ ਤੇ ਦੇਣ ਸਮੇਂ ਘੱਟ ਜੋਖਣਾ ਏ। ਇਕ ਭੋਲੇ ਸਿੱਖ ਤੇ ਦੂਜੇ ਸਿਧਰੇ ਪੰਜਾਬੀ ਦੀ ਬੇਪਰਵਾਹੀ ਕਮਾਲ ਵੇਖੀ। ਬਾਰ ਬਾਰ ਧੋਖਾ ਖਾਣ ਦੇ ਬਾਵਜੂਦ ਬਾਹਮਣ ਬਾਣੀਏ ਦੀ ਵਹੀ ਉਤੇ ਮੁੜ

ਅੰਗੂਠਾ ਲਾਉਣ ਨੂੰ ਤਿਆਰ । ਕਾਂਗਰਸੀ ਸਿੱਖਾਂ ਵਜ਼ੀਰੀਆਂ ਦੇ ਚਾਲੂ ਲਾਲਚ
ਵਿਚ ਪੰਜਾਬ ਦੇ ਬਿਜਲੀ ਪਾਣੀ ਹੀ ਰੋੜ੍ਹ ਘੱਤੇ । ਦਰਿਆ ਪੰਜਾਬ ਦੇ ਬਿਜਲੀ
ਪਾਣੀ ਲੈ ਗਏ ਹਰਿਆਣਾ ਰਾਜਸਥਾਨ । ਕਿਉਂ ਬਈ ਲੋਕਾ, ਹਾਲੇ ਵੀ ਸੈਂਟਰ
ਦੀ ਈਮਾਨਦਾਰੀ ਬਾਰੇ ਭਰੋਸਾ ਐ ।
ਇਤਿਹਾਸ ਦਸਦਾ ਐ, ਗੱਲ ਜਦੋਂ ਵੀ ਕਮੀਸ਼ਨਾਂ ਕਮੇਟੀਆਂ ਦੇ ਗੇੜ ਵਿਚ
ਪਈ, ਮਾੜੇ ਨੂੰ ਨਿਆਂ ਕਦੀ ਨਹੀਂ ਮਿਲਿਆ, ਪੰਜਾਬੀ ਸੂਬੇ ਦੇ ਹੱਦਬੰਦੀ ਕਮਿਸ਼ਨ
ਨੂੰ ਹੀ ਲੈ ਲਓ । ਦੋ ਹਿੰਦੂ ਮੈਂਬਰਾਂ ਅਕਾਹਟ ਦੀ ਫਿਰਕੂ ਮਰਦਮਸ਼ੁਮਾਰੀ ਨੂੰ
ਮੁੱਖ ਰੱਖ ਕੇ ਪੰਜਾਬੀ ਸੂਬਾ ਛਾਂਗ ਸੁੱਟਿਆ । ਜਦੋਂ ਕੇ ਸੱਚਰ ਫਾਰਮੂਲਾ ਖਰੜ
ਤਹਿਸੀਲ ਨੂੰ ਪੰਜਾਬੀ ਰੀਜਨ ਵਿਚ ਮੰਨ ਚੁੱਕਾ ਸੀ । ਪਰ ਫਿਰਕੂ ਮੈਂਬਰਾਂ ਚੰਡੀਗੜ੍ਹ
ਨੂੰ ਬਾਹਰ ਕੱਢ ਮਾਰਿਆ ਪਰ ਕਮਿਸ਼ਨ ਦਾ ਤੀਜਾ ਮੁਸਲਮਾਨ ਮੈਂਬਰ ਫਿਰਕੂ
ਆਧਾਰ ਨੂੰ ਗਲਤ ਆਖਦਾ ਫੈਸਲੇ ਦਾ ਵਿਰੋਧ ਕਰਦਾ ਹੈ, ਮਾੜਾ ਪਰੇ ਵਿਚ
ਸੱਚ ਵੀ ਬੋਲੇ, ਜ਼ੋਰਾਵਰਾਂ ਦੀ ਪੰਚਾਇਤ ਧੱਕੇ ਨਾਲ ਉਸ ਨੂੰ ਝੂਠਾ ਬਣਾ ਦਿੰਦੀ
ਹੈ । ਤਕੜਿਆਂ ਦਾ ਕਾਨੂੰਨ ਪੱਕਾ ਹੁੰਦਾ ਐ । ਬਹੁਗਿਣਤੀ ਤਾਕਤ ਨਾਲ ਸੱਚੀ
ਹੁੰਦੀ ਐ ਤੇ ਘਟ ਗਿਣਤੀ ਸੱਚੀ ਹੁੰਦੀ ਵੀ ਨਿਰਬਲ ਹੋਣ ਕਾਰਣ ਝੂਠੀ ਹੋ
ਜਾਂਦੀ ਹੈ । ਸੋ ਅੰਤਿ ਦੇ ਸਾਊ ਬਰਨਾਲਾ ਜੀ । ਇਤਿਹਾਸ ਦਾ ਤੱਤ ਐ, ਹਰ
ਤਰ੍ਹਾਂ ਦੇ ਫੈਸਲੇ ਤਾਕਤ ਕਰਦੀ ਹੈ । ਘੱਟ ਗਿਣਤੀ ਦੀ ਗੋਰੀ ਤਾਕਤ ਨੇ ਦੱਖਣੀ
ਅਫਰੀਕਾ ਦੀ ਬਹੁਗਿਣਤੀ ਅਤੇ ਅਜ਼ਰਾਇਲ ਨੇ ਸਾਰੇ ਅਰਬਾਂ ਨੂੰ ਵਖਤ ਪਾ
ਛੱਡਿਆ ਹੈ । ਸਿੱਧੀ ਉਂਗਲ ਨਾਲ ਘਿਉ ਕਦੇ ਨਹੀਂ ਨਿਕਲਿਆ ।
ਹਰਿਮੰਦਰ ਸਾਹਿਬ ਉਤੇ ਹਮਲੇ, ਦਿੱਲੀ, ਕਾਨਪੁਰ ਤੇ ਬੁਕਾਰੋ ਆਦਿ ਵਿਚ
ਸਿੱਖਾਂ ਦੀ ਕਤਲਾਮ ਪਿਛੋਂ ਹਰ ਸਿੱਖ ਨੇ ਬੁਰੀ ਤਰ੍ਹਾਂ ਇਹ ਮਹਿਸੂਸ ਕੀਤਾ ਹੈ
ਕਿ ਸਾਡੀ ਸਥਾਪਤੀ ਨੂੰ ਖਤਰਾ ਪੈਦਾ ਹੋ ਚੁੱਕਾ ਹੈ । ਕੀ ਇਹ ਸੱਚ ਨਹੀਂ ?
ਇਸ ਤਰ੍ਹਾਂ ਦੇ ਇਕ ਪੁਰਖੀ ਲੋਕਰਾਜ ਵਿਚ ਅਸੀਂ ਖੁਰ ਨਹੀਂ ਜਾਵਾਂਗੇ ? ਇਸ
ਵੇਲੇ ਕੌਮ ਅੱਗੇ ਆਪਣੀ ਹੋਂਦ ਨੂੰ ਕਾਇਮ ਰਖਣ ਦਾ ਨਿਸ਼ਾਨਾ ਖੜ੍ਹਾ ਹੋ ਚੁੱਕਾ
ਹੈ । ਅੱਜ ਹਰ ਅਮਲ, ਹਰ ਕਦਮ ਤੇ ਹਰ ਸੋਚ, ਪੰਜਾਬੀ ਸਥਾਪਤੀ ਬਿਨਾਂ
ਫਜ਼ੂਲ ਨਹੀਂ ਲਗਦੀ ? ਕੀ ਘਲੂਘਾਰਿਆਂ ਵਿਚ ਡੁੱਲ੍ਹੇ ਅਥਾਹ ਲਹੂ ਪਿਛੋਂ ਅਸੀਂ
ਅਸਲ ਨਿਸ਼ਾਨੇ ਤੋਂ ਉਖੜ ਕੇ ਕਮਿਸ਼ਨਾਂ ਵਿਚ ਨਹੀਂ ਪੈ ਗਏ ? ਭਾਵ ਅਸੀਂ
ਮੁੜ ਉਹਨਾਂ ਉਤੇ ਭਰੋਸਾ ਨਹੀਂ ਕਰ ਰਹੇ, ਜਿਹਨਾਂ ਸਾਨੂੰ ਲੁਟਿਆ, ਸਾੜਿਆ,
ਮਾਰਿਆ, ਬੇਇਜ਼ਤ ਤੇ ਕਤਲ ਕੀਤਾ ? ਕੀ ਸੈਂਟਰ ਹਰਿਆਣੇ ਤੇ ਰਾਜਸਥਾਨ
ਦੇ ਹਿੰਦੂ ਭਾਈਚਾਰੇ ਨੂੰ ਛੱਡ ਕੇ ਸਾਨੂੰ ਨਿਆਂ ਦੇਵੇਗਾ ? ਵੰਡ ਤੋਂ ਲੈ ਕੇ ਹੁਣ

ਤਕ ਤਾਂ ਅਜਿਹਾ ਹੋਇਆ ਨਹੀਂ ।

ਸਭ ਤੋਂ ਵੱਡਾ ਲਾਲ ਖਤਰਾ, ਪੰਜਾਬ ਵਿਚ ਹੀ ਤੁਹਾਨੂੰ ਘੱਟ ਗਿਣਤੀ ਵਿਚ ਕੀਤਾ ਜਾ ਰਿਹਾ ਹੈ । ਨਹਿਰਾਂ, ਛਾਉਣੀਆਂ, ਫੈਕਟਰੀਆਂ ਤੇ ਫੌਜੀ ਅੱਡਿਆਂ ਲਈ ਜ਼ਮੀਨ ਹਾਸਲ ਕਰਕੇ ਪੰਜਾਬੀਆਂ ਨੂੰ ਰਾਜਸਥਾਨ, ਯੂ. ਪੀ. ਤੇ ਮੱਧ ਪ੍ਰਦੇਸ਼ ਵਿਚ ਜ਼ਮੀਨਾਂ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ । ਬਾਹਰਲੇ ਸੂਬਿਆਂ ਦੀ ਲੇਬਰ ਨੂੰ ਸੜਕਾਂ, ਭੱਠਿਆਂ, ਫੈਕਟਰੀਆਂ ਤੇ ਖੇਤਾਂ ਵਿਚ ਨਿਤ ਦਿਨ ਵਾਹੀ ਨਾਲ ਝੋਕਣਾ, ਕੀ ਜ਼ਾਹਰ ਕਰਦਾ ਹੈ । ਸਾਡੇ ਆਪਣੇ ਬੇਰੋਜ਼ਗਾਰ ਨੌਜਵਾਨ ਪੱਛਮੀ ਦੇਸ਼ਾਂ ਨੂੰ ਵਹੀਰਾਂ ਘਤ ਕੇ ਪੰਜਾਬ ਖਾਲੀ ਕਰੀ ਜਾ ਰਹੇ ਹਨ । ਇਕ ਹਫਤੇ ਵਿਚ ਤੀਹ ਚਾਲੀ ਲੱਖ ਮੰਗਤਾ ਪੰਜਾਬ ਤੇ ਚਾੜ੍ਹਿਆ ਜਾ ਸਕਦਾ ਹੈ । ਉਹਨਾਂ ਦੀਆਂ ਧੱਕੇ ਨਾਲ ਏਥੇ ਵੋਟਾਂ ਬਣ ਸਕਦੀਆਂ ਹਨ । ਘੱਟ ਗਿਣਤੀ ਵਿਚ ਹੁੰਦਿਆਂ, ਹਜ਼ਾਰਾਂ ਕੁਰਬਾਨੀਆਂ ਦੇ ਕੇ ਲਿਆ ਫੈਡਰਲ ਢਾਂਚਾ ਵੀ ਕਿਸ ਕਾਰੇ ਆਵੇਗਾ ? ਹਿੰਦ ਸਰਕਾਰ ਨੂੰ ਮਨਾਓ, ਜੇ ਬਚਣਾ ਹੈ ਕਿ ਹਰ ਬੰਦਾ ਵੋਟ ਆਪਣੇ ਰਾਜ ਵਿਚ ਪਾਵੇ । ਫੈਡਰਲ ਢਾਂਚੇ ਤੋਂ ਪਹਿਲਾਂ ਡੁਬਦੇ ਪੰਜਾਬ ਨੂੰ ਬਚਾਉਣ ਦੀ ਫੌਰੀ ਤੇ ਬੁਨਿਆਦੀ ਲੋੜ ਹੈ । ਕੌਮੀ ਪ੍ਰੈਸ, ਰੇਡੀਓ, ਟੀ. ਵੀ. ਅਤੇ ਵਿਦਿਆ ਵਿਭਾਗ ਤਕ ਨੇ, ਪੰਜਾਬੀ ਜ਼ਬਾਨ ਤੇ ਸਭਿਆਚਾਰ ਨੂੰ ਗੁੱਠੇ ਤੁੰਨਿਆ ਹੋਇਆ ਹੈ । ਆਰਥਿਕ ਸ਼ਕੰਜਾ ਕੱਸੇ ਜਾਣ ਪਿਛੋਂ ਪੰਜਾਬੀ ਭਾਈਚਾਰੇ ਨਾਲ ਸਿੱਖ ਧਰਮ ਕਿਥੇ ਖਲੋਵੇਗਾ? ਮਜ਼ਦੂਰ ਪਾਲਿਸੀ ਦੇ ਹੇਜ ਵਿਚ ਸਭ ਕਮਿਊਨਿਸਟ ਸਿੱਖ ਧਰਮ, ਜ਼ਬਾਨ ਤੇ ਸਭਿਆਚਾਰ ਆਦਿ ਨੂੰ ਦਾਅ ਤੇ ਲਾਅ ਜਾਣਗੇ । ਇਹਨਾਂ ਤੇ ਇਤਬਾਰ ਕਰੋਗੇ, ਆਈ ਤੋਂ ਵੀ ਪਹਿਲਾਂ ਮਰ ਜਾਓਗੇ । ਇਹਨਾਂ ਦੇ ਦਿਮਾਗ ਵਿਚ ਇਕ ਕੀੜਾ ਜਲਾਂਦਾ ਏ ਕਿ ਇਨਕਲਾਬ ਆ ਜਾਣ ਤੇ ਸਭ ਅੱਛਾ ਹੋ ਜਾਵੇਗਾ । ਨਾ ਨੌ ਮਣ ਤੇਲ ਹੋਵੇ ਤੇ ਨਾ ਰਾਧਾ ਨੱਚੇ । ਨਾ ਇਹ ਰੂਸ ਦੀ ਵਫਾਦਾਰੀ ਛੱਡਣ ਤੇ ਨਾ ਰੂਸ ਹਿੰਦੂ ਸਰਮਾਏਦਾਰ ਸਰਕਾਰ ਨਾਲ ਵਿਗਾੜੇ । ਦਰਬਾਰ ਸਾਹਿਬ ਉਤੇ ਹਮਲੇ ਬਾਰੇ ਰੂਸ ਦਾ ਰਵੱਈਆ ਅਤੇ ਕਮਿਊਨਿਸਟ ਲੀਡਰਾਂ ਦੇ ਬਿਆਨ ਇਤਿਹਾਸਕ ਸਬੂਤ ਵਜੋਂ ਮੌਜੂਦ ਹਨ । ਤੁਸੀਂ ਅੰਦਰਲੇ ਬਾਹਰਲੇ ਰਾਜਨੀਤਕ ਜੁਆਰੀਆਂ ਤੋਂ ਕੀ ਭਾਲਦੇ ਹੋ ? ਸੋ ਮਿਹਰਬਾਨ ਜੀ, ਮੀਂਹ ਹਨੇਰੀਆਂ ਦੇ ਤੂਫਾਨੀ ਹਾਲਾਤ ਵਿਚ ਪੰਜਾਬ ਲੂਣ ਦੇ ਡਲੇ ਵਾਂਗ ਖੁਰ ਰਿਹਾ ਹੈ । ਕੋਈ ਬੇੜਾ, ਕੋਈ ਠੱਪੂ ਲਾ ਸਕਦੇ ਹੋ ਤਾਂ ਵੇਲਾ ਹੈ ਲਾ ਲਓ । ਵਰਨਾ ਹੜ੍ਹ ਸਿਰ ਤੋਂ ਲੰਘ ਜਾਣ ਪਿਛੋਂ ਕੁਝ ਨਹੀਂ ਬਚੇਗਾ ਤੇ ਮੂੰਹ ਕਾਲਖ ਸਮੁੱਚੀ ਅਕਾਲੀ ਲੀਡਰਸ਼ਿਪ ਦੇ ਮੱਥੇ ਮੜ੍ਹੀ ਜਾਵੇਗੀ ।

ਹੁਣ ਮੈਂ ਵਰਤਮਾਨ ਰਾਜੀਵ ਲੌਂਗੋਵਾਲ ਸਮਝੌਤੇ ਬਾਰੇ ਆਉਣਾ ਚਾਹੁੰਦਾ ਆਂ, ਜਿਹੜਾ ਸਿੱਖ ਕੌਮ ਦੀ ਕਿਸਮਤ ਦਾ ਫੈਸਲਾ ਕਰਨ ਵਾਲਾ ਹੈ। ਚੰਗੀ ਕਿ ਮਾੜੀ, ਇਹ ਸਿੱਟੇ ਦਸਣਗੇ। ਮੈਂ ਇਸ ਸਮਝੌਤੇ ਨੂੰ ਮੰਜ਼ਲ ਨਹੀਂ ਪੜਾਅ ਆਖਿਆ ਏ। ਸਮਝੌਤਾ ਹੋਣਾ ਈ ਚਾਹੀਦਾ ਸੀ। ਵੱਡੀ ਤੋਂ ਵੱਡੀ ਲੜਾਈ ਪਿਛੋਂ ਵੀ ਸਮਝੌਤਾ ਹੁੰਦਾ ਐ। ਜਾਬਰ ਸਮਝੌਤਾ ਠੋਸਦਾ ਏ ਤੇ ਕਮਜ਼ੋਰ ਮੰਨਣ ਲਈ ਮਜਬੂਰ ਹੁੰਦਾ ਏ। ਤੁਸੀਂ ਮੰਨਣ ਵਾਲੇ ਮਜਬੂਰਾਂ ਦੀ ਥਾਂ ਖਲੋਤੇ ਸੀ। ਕੀ ਇਹ ਉਹੀ ਸਮਝੌਤਾ ਨਹੀਂ, ਜਿਹੜਾ ਇੰਦਰਾ ਨੇ ਖੁਦ ਹੀ ਦੋ ਵਾਰ ਕਰਕੇ ਤੋੜਿਆ ਸੀ ? ਸਵਾਏ ਪੰਜਾਬ ਦੀ ਕੁਰਸੀ ਹਾਸਲ ਕਰਨ ਦੇ ਮੈਨੂੰ ਸਮਝੌਤੇ ਵਿਚੋਂ ਕੁਝ ਨਹੀਂ ਖਟਿਆ ਦਿਸਦਾ। ਜਿਹੜੇ ਕੈਦੀ ਸਰਕਾਰ ਨੇ ਛੱਡੇ ਨੇ, ਉਹਨਾਂ ਬੇਗੁਨਾਹਾਂ ਨੂੰ ਹੋਰ ਕਿੰਨਾ ਕੁ ਸਮਾਂ ਅੰਦਰ ਡੱਕ ਰਖਦੇ। ਕੌਮਾਂਤਰੀ ਪੱਧਰ ਤੇ ਸਰਕਾਰ ਦੀ ਲਾਅਲਾ ਲਾਲਾ ਹੁੰਦੀ ਸੀ। ਦੂਜੇ ਸਿੱਖਾਂ ਵਿਚ ਤੇਜ਼ ਹੁੰਦੀ ਇਨਕਲਾਬੀ ਧਾਰ ਨੂੰ ਸਰਕਾਰ ਨੇ ਕੁੰਦ ਵੀ ਕਰਨਾ ਸੀ। ਰਿਹਾ ਚੰਡੀਗੜ੍ਹ ਦਾ ਸਵਾਲ। ਇਹ ਠੀਕਰੇ ਪਿਆ ਦੁੱਧ ਐ। ਚੰਡੀਗੜ੍ਹ ਸਮਝੌਤਾ ਘੱਟ, ਸੌਦਾ ਬਹੁਤਾ ਬਣ ਗਿਆ ਹੈ। ਚੰਡੀਗੜ੍ਹ ਨੂੰ ਪੰਜ ਦਵੰਜੀ ਦੇ ਤੌਰ ਤੇ ਵੰਡਿਆਂ ਤਿੰਨ ਹਿੱਸੇ ਪੰਜਾਬ ਦੇ ਬਣਦੇ ਹਨ। ਬਾਕੀ ਦੋ ਹਿੱਸੇ ਦੇ ਜ਼ਮੀਨੀ ਰਕਬੇ ਤੋਂ ਵੱਧ ਦੇਣਾ ਪੰਜਾਬ ਨੂੰ ਵੇਚਣ ਵਾਲੀ ਗੱਲ ਹੋਵੇਗੀ ਕਿਉਂਕਿ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾਉਣ ਲਈ ਚੰਗੀ ਚੋਖੀ ਰਕਮ ਦੇਣ ਲਈ ਸੈਂਟਰ ਵਚਨਬਧ ਐ, ਜੇ ਚੰਡੀਗੜ੍ਹ ਦਾ ਸੌਦਾ ਹੀ ਕਰਨਾ ਹੈ ਤਦ ਕੀ ਹਰਿਆਣਾ ਇਸ ਦੇ ਇਵਜ਼ ਸਰਸਾ ਤੇ ਅੰਬਾਲਾ ਗੂਹਲਾ ਦੇਣ ਲਈ ਤਿਆਰ ਐ ? ਇਹ ਸਮਝੌਤਾ ਅਥਵਾ ਸੌਦਾ ਇਕ ਪਾਸੜ ਕਿਉਂ ਠੋਸਿਆ ਜਾ ਰਿਹਾ ਐ ? ਸਪੱਸ਼ਟ ਮਤਲਬ ਨਿਕਲਦਾ ਐ, ਪੰਜਾਬ ਨੂੰ ਹਰ ਸੂਰਤ ਘਾਟਾ ਝੱਲਣਾ ਪਵੇਗਾ। ਹਰਿਆਣਾ ਹਿੰਦੂ ਸਰਕਾਰ ਦਾ, ਮੈਥਿਊ ਕਮਿਸ਼ਨ ਸਰਕਾਰ ਦਾ ਉਹਨਾਂ ਦੀ ਮਰਜ਼ੀ ਬਿਨਾਂ ਕਿਵੇਂ ਕੁਝ ਹੋ ਸਕਦਾ ਏ। ਬਰਨਾਲਾ ਜੀ, ਮਾਲਕ ਤੇ ਆੜ੍ਹਤੀਏ ਘਿਉ ਖਿਚੜੀ ਛੋਲੂ ਨੂੰ ਕਿਸੇ ਨਹੀਂ ਪੁਛਣਾ, ਮੱਕੀ ਕਿੰਨੇ ਮਣ ਹੋਈ ਐ।

ਸਮਝੌਤੇ ਦੀ ਵੱਤ ਠੀਕ ਤੁਹਾਡੇ ਹੱਕ ਵਿਚ ਸੀ, ਪਰ ਚੱਜ ਨਾਲ ਸਾਂਭੀ ਨਾ ਗਈ। ਜੇ ਸੱਚੀ ਪੁਛੋ ਤੁਸਾਂ ਕਾਹਲ ਕਰਕੇ ਉਸ ਵੱਤ ਤੋਂ ਕੁਝ ਵੀ ਹਾਸਲ ਨਹੀਂ ਕੀਤਾ। ਸਗੋਂ ਪੰਥ ਵਿਚ ਅੰਦਰਖਾਤੇ ਦਰਾੜ ਲੀਕ ਲਈ। ਦੁਸ਼ਮਣ ਦਾ ਸਮਝੌਤੇ ਵਾਲਾ ਵਾਰ ਤੁਹਾਨੂੰ ਥਾਂ ਥਾਂ ਪਾੜ ਗਿਆ। ਇਹ ਗਲਤ ਸੀ ਕਿ ਬਹੁਤੇ ਤੱਤਿਆਂ ਸਮਝੌਤਾ ਨਹੀਂ ਕਰਨਾ ਸੀ। ਪੰਜਾਬ ਤੇ ਪੰਥਕ ਹਿੱਤਾਂ ਦੇ ਸਮਝੌਤੇ ਨੂੰ

ਰੱਦ ਕੇ ਹਰ ਜਥੇਬੰਦੀ ਲੋਕਾਂ ਤੋਂ ਮਾਰ ਖਾਂਦੀ । ਹੁਣ ਜਿਵੇਂ ਜਿਵੇਂ ਮਸਾਲਾਂ ਵਿਚ ਤੇਲ ਗਾਲ ਗਾਲ ਸਮਾਂ ਪੈਂਦਾ ਜਾਂਦਾ ਹੈ, ਸਮਝੌਤੇ ਦੀ ਸਪ੍ਰਿਟ ਚੋਰਾਵਰ ਆਪਣੇ ਹਿੱਤਾਂ ਲਈ ਵਰਤ ਰਹੇ ਹਨ ਤੇ ਵਰਤਣਗੇ । ਸਮਝੌਤੇ ਵਿਚੋਂ ਨਵੀਆਂ-ਨਵੀਆਂ ਤਨਕੀਹਾਂ ਹੁਣ ਕਿਉਂ ਨਿਕਲ ਰਹੀਆਂ ਹਨ ? ਸੈਂਟਰ ਦੇ ਦਾਨੇ ਪਰਧਾਨੇ ਇਸ ਸੋਚ ਵਿਚ ਲਗੇ ਹਨ, ਪੰਜਾਬ ਨੂੰ ਕਿਵੇਂ ਵਰਾਇਆ ਜਾਵੇ ਪਰ ਦਿੱਤਾ ਵੀ ਕੁਝ ਨਾ ਜਾਵੇ । ਪੰਜਾਬ ਨਾਲ ਮੁੱਢ ਤੋਂ ਧੱਕੇ ਹੁੰਦੇ ਆਏ ਐ, ਤੇ ਇਸ ਪੈਂਤੜੇ ਤੇ ਵੀ ਅਵੱਸ਼ ਹੋਵੇਗਾ । ਅਤਿ ਦੇ ਸ਼ਰੀਫ਼ ਬਰਨਾਲਾ ਜੀ ! ਤੁਸੀਂ ਸਿਆਸੀ ਠੱਗਾਂ ਦੇ ਅੜਿਕੇ ਆ ਗਏ ਓ । ਠੱਗ ਬਹੁਤੇ, ਭੋਲੂ ਇਕੱਲਾ । ਉਹਨਾਂ ਤੁਹਾਡਾ ਪਹਿਲਾ ਸ਼ੱਕਰਾ ਕੁੱਤਾ ਆਖ ਆਖ ਹਥਿਆ ਲੈਣਾ ਹੈ । ਦੇਖ ਲੈਣਾ ਹੋਰ ਥੋੜ੍ਹੇ ਸਮੇਂ ਤਕ ਇਕ ਸੱਚ ਦੁਨੀਆਂ ਸਾਹਮਣੇ ਉਗੜ ਕੇ ਆ ਜਾਣਾ ਹੈ । ਪੁਰਾਣਾ ਇਤਿਹਾਸ ਦਸਦਾ ਏ ਸੈਂਟਰ ਪੰਜਾਬ ਨਾਲ ਈਮਾਨਦਾਰ ਨਹੀਂ ਰਿਹਾ । ਸਥਿਤੀ ਹੀ ਅਜਿਹੀ ਬਣਾ ਦਿੱਤੀ ਜਾਵੇਗੀ ਨਾ ਤੁਸੀਂ ਛੱਡ ਸਕੋ, ਨਾ ਲੈ ਸਕੋ । ਮੇਰੀ ਮੰਨੋ, ਚੰਡੀਗੜ੍ਹ ਛੱਡ ਕੇ ਸਰਸਾ ਤੇ ਅੰਬਾਲਾ ਗੁਹਲਾ ਮੰਗ ਲਵੋ, ਫਿਰ ਵੇਖੋ ਹਰਿਆਣੇ ਨੂੰ ਕੀ ਭਾਅ ਪੈਂਦੀ ਐ । ਅਸਲ ਵਿਚ ਉਹਨਾਂ ਇਲੈਕਸ਼ਨਾਂ ਦਾ ਚੋਗਾ ਪਾ ਕੇ ਤੁਹਾਨੂੰ ਜਾਲ ਵਿਚ ਫਸਾਉਣਾ ਸੀ ਫਸਾ ਲਿਆ । ਉਹਨਾਂ ਦੁਨੀਆਂ ਨੂੰ ਡੈਮੋਕਰੇਸੀ ਦੀ ਦੁਹਾਈ ਪਾ ਕੇ ਅਕਾਲ ਤਖਤ ਦੀ ਬਰਬਾਦੀ ਅਤੇ ਹਜ਼ਾਰਾਂ ਬੇਗੁਨਾਹਾਂ ਦੇ ਕਤਲਾਮ ਤੇ ਮਿੱਟੀ ਪਾ ਲਈ ਹੈ । ਸਿਆਸੀ ਲੀਡਰ ਕਿਸੇ ਦੇ ਮਿਤ ਨਹੀਂ ਹੁੰਦੇ, ਸੈਂਟਰ ਦੀ ਯਾਰੀ ਦਗਾ ਦੇਵੇਗੀ ।

ਮਿਠ ਬੋਲੜੇ ਖੂਬਸੂਰਤ ਮੂੰਹ, ਆਮ ਈ ਬੇਵਫਾਈ ਕਰਦੇ ਹਨ । ਜੇ ਸੈਂਟਰ ਥੋੜ੍ਹਾ ਜਿੰਨਾ ਵੀ ਈਮਾਨਦਾਰ ਹੁੰਦਾ ਸਮਝੌਤੇ ਵਿਚ ਹੀ ਲੈਣ ਦੇਣ ਕਰ ਲੈਂਦਾ, ਕਮਿਸ਼ਨਾਂ ਦੇ ਗਧੀਗੇੜ ਵਿਚ ਕਦੇ ਨਾ ਪਾਉਂਦਾ । ਤੁਸਾਂ ਪੰਥ ਨਾਲ ਵਫਾਦਾਰੀ ਰੱਖਣੀ ਐ ਤਾਂ ਸਮਝੌਤੇ ਨੂੰ ਰੱਦ ਕਰਕੇ ਕੁਰਸੀ ਨੂੰ ਲੱਤ ਮਾਰ ਜਥੇਬੰਦੀ ਵਿਚ ਸਿਰ ਨਵਾਉਣ ਲਈ ਤਿਆਰੀ ਕਰ ਛੱਡੋ ।

ਪੰਥ ਦਾ ਨਿਸ਼ਾਨਾ ਸੀ, ਅਨੰਦਪੁਰ ਦਾ ਮਤਾ ਅਥਵਾ ਫੈਡਰਲ ਢਾਂਚੇ ਦੀ ਪ੍ਰਾਪਤੀ । ਉਹ ਗੱਲ, ਉਹ ਫਾਈਲ ਡੈਡ ਲਾਈਨ ਦਾ ਡੱਬਾ ਬਣ ਕੇ ਖੂਡੇ ਜਾ ਲਗੀ । ਉਹਦੇ ਲਈ ਜਦੋਜਹਿਦ ਤੇ ਲਾਮਬੰਦੀ ਕਿਥੇ ਗਈਆਂ ? ਸ. ਸਵਰਨ ਸਿੰਘ ਨੂੰ ਔਨਰੇਬਲ ਕਲਰਕ ਆਖਿਆ ਜਾਂਦਾ ਸੀ, ਜਦੋਂ ਉਹ ਸੈਂਟਰ ਵਿਚ ਡੀਫੈਂਸ ਤੇ ਫਾਰਨ ਮਨਿਸਟਰ ਸਨ । ਤੁਹਾਡੇ ਬਾਰੇ ਇਹ ਸ਼ਬਦ ਤਾਂ ਨਹੀਂ ਦੋਹਰਾਏ ਜਾਣਗੇ ? ਦੋ ਹੀ ਰਾਹ ਹਨ ਪੰਥ ਅਤੇ ਸੈਂਟਰ ਸਰਕਾਰ । ਮੈਨੂੰ ਯਕੀਨ ਐ,

ਤੁਸੀਂ ਛਾਲ ਮਾਰ ਕੇ ਪੰਥ ਤੇ ਪੰਜਾਬ ਨਾਲ ਖਲੋਵੋਗੇ । ਹਾਲਾਤ ਨੇ ਤੁਹਾਨੂੰ ਇਮਤਿਹਾਨ ਵਿਚ ਲਿਆ ਖਲਾਰਿਆ ਹੈ । ਕੁਰਸੀ ਉਤੇ ਬਹਾਉਣ ਲਈ ਅਸੀਂ ਅਕਾਲੀ ਨਾ ਹੁੰਦਿਆਂ ਵੀ ਪੂਰੀ ਵਾਹ ਲਾਈ ਹੈ । ਪੰਜਾਬ, ਉਹਦੀ ਵਖਤਾਂ ਮਾਰੀ ਕਿਸਾਨੀ ਤੇ ਸਾਰਾ ਪੰਥ ਓਨਾ ਚਿਰ ਸੁਰਖਰੂ ਨਹੀਂ ਹੁੰਦੇ, ਜਦੋਂ ਤੱਕ ਫੈਡਰਲ ਢਾਂਚਾ ਵਜੂਦ ਵਿਚ ਨਹੀਂ ਆ ਜਾਂਦਾ । ਅਨੰਦਪੁਰ ਦੇ ਮਤੇ ਨੂੰ ਸਾਕਾਰ ਕਰਨ ਲਈ ਦੋ ਤਰ੍ਹਾਂ ਦੀ ਤਿਆਰੀ ਵਿਢੀ ਜਾਵੇ । ਮਰਜੀਵੜਿਆਂ ਦੀ ਮੁੜ ਸਫ਼ਬੰਦੀ ਕੀਤੀ ਜਾਵੇ । ਪੰਜਾਬ ਦੇ ਆਰਥਕ ਤੇ ਸਭਿਆਚਾਰਕ ਹਿੱਤਾਂ ਨਾਲ ਪਿਆਰ ਕਰਨ ਵਾਲੇ ਹਰ ਪੰਜਾਬੀ ਨੂੰ ਉਸ ਵਿਚ ਸ਼ਾਮਲ ਕੀਤਾ ਜਾਵੇ । ਚੜ੍ਹਦੀ ਕਲਾ ਨੂੰ ਬਹਾਲ ਕਰਨ ਦੀ ਲੋੜ ਹੈ । ਦੂਜੇ ਸਾਂਝੇ ਨੈਸ਼ਨਲ ਫਰੰਟ ਨੂੰ ਵਜੂਦ ਵਿਚ ਲਿਆਂਦਾ ਜਾਵੇ । ਉਸ ਵਿਚ ਸਾਰੇ ਉਹ ਰਾਜ ਤੇ ਜਥੇਬੰਦੀਆਂ ਸ਼ਾਮਲ ਕੀਤੀਆਂ ਜਾਣ ਜਿਹੜੀਆਂ ਵੱਧ ਅਧਿਕਾਰ ਅਥਵਾ ਫੈਡਰਲ ਢਾਂਚਾ ਚਾਹੁੰਦੀਆਂ ਹਨ। ਇਹਨਾਂ ਵਿਚਾਰਾਂ ਵਾਲੇ ਪਾਰਲੀਮੈਂਟ ਮੈਂਬਰਾਂ ਦਾ ਇਕ ਨਰੋਆ ਗਰੁੱਪ ਖੜ੍ਹਾ ਕੀਤਾ ਜਾਵੇ, ਜਿਹੜਾ ਅੰਦਰ ਲੜਾਈ ਦੇ ਸਕੇ । ਬਹੁਤੇ ਰਾਜ ਸਾਡੇ ਨਾਲੋਂ ਵੀ ਵੱਧ ਅਧਿਕਾਰ ਮੰਗਦੇ ਹਨ । ਤੁਸੀਂ ਆਂਧਰਾ, ਕਰਨਾਟਕ, ਤਾਮਲਨਾਡੂ, ਬੰਗਾਲ, ਆਸਾਮ ਤੇ ਕਸ਼ਮੀਰ ਆਦਿ ਰਾਜਾਂ ਦੀ ਇਸ ਇਸ਼ੂ ਉਤੇ ਅੰਮ੍ਰਿਤਸਰ ਜਾਂ ਚੰਡੀਗੜ੍ਹ ਕਨਵੈਨਸ਼ਨ ਸੱਦੋ ਤੇ ਇਕ ਸਾਂਝੀ ਜਥੇਬੰਦੀ ਨੂੰ ਜਨਮ ਦੇਵੋ । ਕੋਈ ਵੀ ਇਕੱਲੀ ਸਟੇਟ ਇਹ ਹੱਕ ਹਾਸਲ ਨਹੀ ਕਰ ਸਕਦੀ । ਤੁਸੀਂ ਅਗਵਾਈ ਹੀ ਆਂਧਰਾ, ਬੰਗਾਲ ਅਥਵਾ ਤਾਮਲਨਾਡੂ ਨੂੰ ਸੌਂਪ ਦੇਵੋ, ਫਿਰ ਵੇਖਾਂਗੇ ਫਿਰਕਾਪ੍ਰਸਤ ਸਰਕਾਰ ਤੇ ਉਹਦਾ ਨੈਸ਼ਨਲ ਪ੍ਰੈਸ ਉਹਨਾਂ ਨੂੰ ਕਿਵੇਂ ਵਖਵਾਦੀ ਆਖਦਾ ਹੈ । ਇਹ ਪਹਿਲ ਬਾਦਲ ਨੇ ਕਰਨੀ ਚਾਹੀ ਸੀ, ਪਰ ਮੁਰਾਰ ਜੀ ਦੀ ਘੁਰਕੀ ਨਾਲ ਬਾਣੇ ਚੁਪ ਹੋ ਗਿਆ ਸੀ, ਜੇ ਤੁਸਾਂ ਵੀ ਕੌਮ ਦਾ ਐਨਾ ਘਾਣ ਕਰਵਾ ਕੇ ਖਾਮੋਸ਼ੀ ਸਾਧ ਲੈਣੀ ਹੈ, ਫਿਰ ਕੌਮ ਨੇ ਤੁਹਾਡੇ ਵਰਗੇ ਲੀਡਰਾਂ ਦਾ ਕੀ ਬਣਾਉਣਾ ਹੈ ।

ਮੇਰੀ ਬੇਨਤੀ ਐ, ਪੰਥ ਦੀਆਂ ਦਰਾੜਾਂ ਵਿਚ ਸੀਮਿੰਟ ਪਾਉਣ ਦਾ ਕੰਮ ਲਗਾਤਾਰ ਜਾਰੀ ਰਹਿਣਾ ਚਾਹੀਦਾ ਹੈ। ਜਦੋਂ ਵੀ ਪੰਥਕ ਨਿਸ਼ਾਨਾ ਅਖੋਂ ਉਹਲੇ ਹੋਵੇਗਾ, ਆਪਸੀ ਫੁਟ ਅਗੇ ਆਵੇਗੀ । ਦੁਸ਼ਮਣ ਉਸ ਦਾ ਲਾਭ ਉਠਾਵੇਗਾ । ਏਕਤਾ ਬਿਨਾਂ ਮੰਜ਼ਲ ਹਾਸਿਲ ਨਹੀਂ ਹੋਣੀ । ਸੋ ਪੰਜਾਬ ਦੇ ਹਿੱਤਾਂ ਅਤੇ ਫੈਡਰਲ ਢਾਂਚੇ ਵਿਚ ਯਕੀਨ ਰੱਖਣ ਵਾਲੇ ਈਮਾਨਦਾਰ ਹਿੰਦੂਆਂ ਨੂੰ ਆਬਾਦੀ ਦੇ ਅਨੁਸਾਰ ਵਜ਼ਾਰਤ ਵਿਚ ਭਾਈਵਾਲ ਬਣਾਓ । ਹਰੀਜਨਾਂ ਅਥਵਾ ਪਛੜੀਆਂ ਜਮਾਤਾਂ ਨੂੰ ਵੀ ਸਰਦਾਰ ਸ਼ਬਦ ਨਾਲ ਸੰਬੋਧਤ ਕੀਤਾ ਜਾਵੇ ਅਤੇ ਆਬਾਦੀ ਮੁਤਾਬਕ ਹੀ ਵਜ਼ੀਰੀਆਂ ਤੇ

ਨੌਕਰੀਆਂ ਦਿੱਤੀਆਂ ਜਾਣ । ਬਾਦਲ ਗਰੁਪ ਨੂੰ ਵਜ਼ਾਰਤ ਵਿਚ ਸਾਥੀ ਬਣਾਓ। ਸਿੱਧੀ ਗੱਲ ਕਰੋ । ਵਿਚੋਲਿਆਂ ਤੇ ਭਾਨੀਮਾਰਾਂ ਨੂੰ ਪਾਸੇ ਹਟਾਓ । ਜੇ ਫੁਟ ਵਾਲੀ ਸੀਰ ਵੇਲੇ ਸਿਰ ਬੰਦ ਨਾ ਕੀਤੀ, ਖਤਰਨਾਕ ਸਿੱਟੇ ਕੌਮ ਨੂੰ ਭੁਗਤਣੇ ਪੈਣਗੇ। ਹੁਣ ਤੱਕ ਦਿੱਤੀ ਕੁਰਬਾਨੀ ਦੇ ਅਜਾਈਂ ਜਾਣ ਦਾ ਦੋਸ਼ ਵੀ ਤੁਹਾਡੇ ਆਗੂਆਂ ਸਿਰ ਆਵੇਗਾ । ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਪੰਥ ਤੇ ਕੌਮ ਦੀ ਬੇੜੀ ਜਦੋਂ ਵੀ ਡੋਬੀ, ਲੀਡਰਾਂ ਡੋਬੀ । ਤਿਆਗ ਮਨੁੱਖ ਨੂੰ ਮਹਾਨ ਬਣਾਉਂਦਾ ਏ, ਲਾਲਚ ਨੀਵਾਂ ਕਰਦਾ ਹੈ, ਸਾਰੇ ਰੁਸੇ ਵੀਰਾਂ ਨੂੰ ਗਲ ਲਾਓ । ਏਕਤਾ ਦੀ ਸ਼ਕਤੀ ਹਰ ਜਿੱਤ ਦੀ ਜ਼ਾਮਨ ਹੁੰਦੀ ਐ । ਜੇਲੀਂ ਪਏ ਨੌਜਵਾਨਾਂ ਨੂੰ ਛੱਡੋ । ਉਹਨਾਂ ਜੋ ਵੀ ਕੀਤਾ, ਧਰਮ ਦੀ ਹਾਨੀ ਦੇ ਪ੍ਰਤੀਕਰਮ ਵਜੋਂ ਜੋਸ਼ ਵਿਚ ਕੀਤਾ। ਕਿਸੇ ਨਿੱਜੀ ਸੁਖ ਲਈ ਫੌਜੀਆਂ ਬੈਰਕਾਂ ਨਹੀਂ ਛੱਡੀਆਂ ਸਨ ।

ਸੁਰਖਿਆ ਬਿਨਾਂ ਘੱਟ ਗਿਣਤੀਆਂ ਗੁਲਾਮ ਹੁੰਦੀਆਂ ਹਨ । ਫੈਡਰਲ ਢਾਂਚਾ ਸਾਨੂੰ ਸੁਰੱਖਿਆ ਸਥਾਪਤੀ ਤੇ ਤਰੱਕੀ ਪ੍ਰਦਾਨ ਕਰਦਾ ਹੈ । ਸਾਡੀ ਆਰਥਿਕਤਾ ਨੂੰ ਵੱਡੀ ਢਾਹ ਲਗੀ ਹੈ । ਐਫ. ਸੀ. ਆਈ. ਜਿਹੜੀ ਸੈਂਟਰ ਅਧੀਨ ਹੈ ਨੇ ਐਤਕੀਂ ਵਾਰ ਝੋਨਾ ਚੱਜ ਨਾਲ ਨਹੀਂ ਖਰੀਦਿਆ । ਕਿਸਾਨਾਂ ਨੂੰ ਮੰਡੀਆਂ ਵਿਚ ਝੋਨੇ ਦੀ ਲੋਹੜੀ ਬਾਲਣੀ ਪਈ । ਪੰਜਾਬ ਕਿੰਨਾ ਕੁ ਚਿਰ ਕੇਂਦਰ ਦੀਆਂ ਧੱਕੇਸ਼ਾਹੀਆਂ ਝੱਲੇਗਾ । ਗੁਲਾਮੀ ਆਰਥਿਕ ਹੋਵੇ ਭਾਵੇਂ ਰਾਜਨੀਤਕ ਕੌਮਾਂ ਦੀਆਂ ਜ਼ਮੀਰਾਂ ਖਾ ਜਾਂਦੀ ਹੈ । ਪਰ ਖਾਲਿਸਤਾਨ ਸਾਡੇ ਹਿੱਤ ਵਿਚ ਨਹੀਂ । ਪਾਕਿਸਤਾਨ ਬਣਨ ਨਾਲ ਸਭ ਤੋਂ ਵੱਧ ਜਾਨੀ ਮਾਲੀ ਨੁਕਸਾਨ ਸਿੱਖਾਂ ਦਾ ਹੋਇਆ ਸੀ । ਨਨਕਾਣਾ ਸਾਹਿਬ ਵਰਗੇ ਪਵਿੱਤਰ ਗੁਰਧਾਮਾਂ ਨਾਲ ਅਸੀਂ ਸਾਂਝੇ ਪੰਜਾਬ ਵਿਚ ਇਕ ਤਿਹਾਈ ਜ਼ਮੀਨ ਦੇ ਮਾਲਕ ਸਰਦਾਰ ਸਾਂ । ਅੱਜ ਪੰਜਾਬ ਤੋਂ ਬਾਹਰ ਚਾਲੀ ਫੀਸਦੀ ਸਿੱਖ ਬੈਠੇ ਹਨ, ਖਾਲਿਸਤਾਨ ਬਣ ਜਾਣ ਨਾਲ ਉਹਨਾਂ ਦਾ ਕੀ ਬਣੇਗਾ ? ਕੀ ਉਨ੍ਹਾਂ ਨੂੰ ਕੁਰਬਾਨੀ ਦੇ ਬਕਰੇ ਬਣਾ ਦਿੱਤਾ ਜਾਏਗਾ ? ਇਸ ਵੇਲੇ ਅਸੀਂ ਚੁਫੇਰਿਓਂ ਦੁਸ਼ਮਣਾਂ ਨਾਲ ਘਿਰੇ ਹੋਏ ਆਂ । ਪ੍ਰੈਸ, ਰੇਡੀਓ, ਟੀ. ਵੀ. ਤੇ ਅਖੌਤੀ ਨੈਸ਼ਨਲ ਲੀਡਰਾਂ ਦੇ ਕੋਰੇ ਝੂਠੇ ਪ੍ਰਚਾਰ ਦੇ ਮੂੰਹ ਆਏ ਹਾਂ । ਹੁਣ ਉਹੋ ਜਿਹਾ ਵਰਤਾਅ ਤੇ ਹਾਲਾਤ ਪੈਦਾ ਕੀਤੇ ਜਾ ਰਹੇ ਐ, ਜਿਸ ਤਰ੍ਹਾਂ ਮੁਸਲਮਾਨਾਂ ਨੂੰ ਮਜਬੂਰੀ ਦੇ ਮੂੰਹ ਪਾਕਿਸਤਾਨ ਲੈਣਾ ਪਿਆ ਸੀ। ਇਸ ਖਤਰਨਾਕ ਮੋੜ ਤੋਂ ਬਚਣ ਦੀ ਲੋੜ ਐ । ਸਿੱਖ ਕੌਮ ਬਹਾਦਰ ਹੀ ਨਹੀਂ, ਮਿਹਨਤੀ ਵੀ ਐ । ਅਸੀਂ ਆਪਣੀ ਵਿਗੜੀ ਸਵਾਰ ਸਕਦੇ ਆਂ । ਕਿਰਤ ਕਰਨਾ ਸਿੱਖੀ ਦੇ ਮੁਢਲੇ ਨੇਮਾਂ ਵਿਚ ਸ਼ਾਮਲ ਐ। ਅਸੀਂ ਫੈਡਰਲ ਰਾਜ ਵਿਚ ਹਰ ਸੰਭਵ ਤਰੱਕੀ ਕਰਾਂਗੇ । ਅਜਿਹਾ ਫੈਡਰਲ ਢਾਂਚਾ

ਜਿਸ ਵਿਚ ਰਾਜ ਦੀ ਚੁਣੀ ਸਰਕਾਰ ਨੂੰ ਤੋੜਨ ਦਾ ਕੇਂਦਰ ਨੂੰ ਕੋਈ ਅਧਿਕਾਰ ਨਾ ਹੋਵੇ ਤੇ ਰੇਡੀਓ, ਟੀ. ਵੀ. ਰਾਜਾਂ ਦੇ ਅਧੀਨ ਹੋਣ । ਸਾਨੂੰ ਬਹੁਤਿਆਂ ਪਾਸਿਆਂ ਤੋਂ ਘੇਰਿਆ ਹੋਇਆ ਐ । ਬਚਾਅ ਕੇਵਲ ਫੈਡਰਲ ਰਾਜ ਦੀ ਗਲੀ ਵਿਚੋਂ ਦੀ ਨਿਕਲਿਆਂ ਹੀ ਹੋ ਸਕਦਾ ਹੈ ।

ਮੈਂ ਆਖਰ ਵਿਚ ਫਿਰ ਬੇਨਤੀ ਦੋਹਰਾਉਂਦਾ ਆਂ-

ਰਾਜਨੀਤੀ ਵਿਚ ਇਤਬਾਰ ਕਰਨ ਦਾ ਮਤਲਬ ਹੁੰਦਾ ਏ ਕੌਮ ਦਾ ਘਾਣ। ਅਨੰਦਪੁਰ ਮਤੇ ਦੀ ਪ੍ਰਾਪਤੀ ਪਾਟੋ ਧਾੜ ਨਾਲ ਨਹੀਂ ਹੋਣੀ । ਏਕਤਾ ਦੀ ਚਟਾਨ ਨੂੰ ਦੁਸ਼ਮਣ ਤੋੜਿਆਂ ਵੀ ਤੋੜ ਨਾ ਸਕੇ । ਰਾਜੀਵ-ਲੌਂਗੋਵਾਲ ਸਮਝੌਤਾ ਜੇ ਪੰਥ ਤੇ ਪੰਜਾਬ ਨਾਲ ਨਿਆਂ ਨਾ ਕਰੇ, ਮੁਢੋਂ-ਸੁਢੋਂ ਹੀ ਦਲੇਰੀ ਨਾਲ ਰੱਦ ਕਰ ਦਿੱਤਾ ਜਾਵੇ । ਜੇ ਕੁਰਸੀ ਨੂੰ ਲੱਤ ਮਾਰਨ ਦੀ ਨੌਬਤ ਆਏ, ਦੇਰ ਨਹੀਂ ਕਰਨੀ ਚਾਹੀਦੀ। ਅਜਿਹੇ ਮੌਕੇ ਕੁਰਸੀ ਮਨੁੱਖ ਨੂੰ ਨੀਵਾਂ ਕਰਦੀ ਹੈ ਤੇ ਤਿਆਗ ਮਹਾਨ ਬਣਾਉਂਦਾ ਹੈ । ਗੁਰੂ ਗੋਬਿੰਦ ਸਿੰਘ ਦੇ ਆਦਰਸ਼ਾਂ ਵਾਂਗ ਜੇਰੇ ਜੁਰੱਅਤ ਤੇ ਚੜ੍ਹਦੀ ਕਲਾ, ਨਾਲ ਪੰਜਾਬ ਤੇ ਪੰਥ ਦੀ ਅਗਵਾਈ ਕਰਨ ਦੀ ਲੋੜ ਐ । ਪੰਜਾਬ ਨੂੰ ਘੱਟ ਗਿਣਤੀ ਵਿਚ ਜਾਣ ਤੋਂ ਉਪਰਾਲੇ ਵਿੱਢਣੇ ਚਾਹੀਦੇ ਹਨ ।

ਮੇਰਾ ਇਹ ਪੱਤਰ ਉਨ੍ਹਾਂ ਸਾਰੇ ਜ਼ਿੰਮੇਵਾਰ ਪੰਜਾਬੀਆਂ ਤੇ ਅਕਾਲੀ ਜੋਧਿਆਂ ਨੂੰ ਹੈ, ਜਿਹੜੇ ਕੇਂਦਰ ਸਰਕਾਰ ਦੀ ਧੱਕਾਸ਼ਾਹੀ ਵਿਰੁੱਧ ਹੱਕ ਸੱਚ ਦੀ ਲੜਾਈ ਬਹਾਦਰੀ ਨਾਲ ਲੜੇ ਤੇ ਲੜ ਰਹੇ ਹਨ । ਮੈਂ ਤਾਂ ਐਨਾਂ ਹੀ ਅਹਿਸਾਸ ਕਰਵਾਉਣਾ ਹੈ, ਲੜਾਈ ਮੁੱਕੀ ਨਹੀਂ, ਜਦੋਜਹਿਦ ਜਾਰੀ ਰੱਖੋ । ਸਾਰਿਆਂ ਨੂੰ ਗੁਰੂ ਫਤਹਿ।

ਪੰਜਾਬ ਦੇ ਹਿੱਤਾਂ ਤੇ ਪੰਥਕ ਦਰਦ ਨਾਲ ਤੁਹਾਡਾ ਭਾਈ

ਜਸਵੰਤ ਸਿੰਘ ਕੰਵਲ

ਮਿਤੀ 27 ਨਵੰਬਰ 1985

ਰੋਜ਼ਾਨਾ ਅਜੀਤ

ਸਾਹਿਤਕਾਰ ਭਗਤ ਤੇ ਸੂਰਮੇ ਹੁੰਦੇ ਹਨ

ਸਾਹਿਤ ਜ਼ਿੰਦਗੀ ਦੀ ਅਬਾਦਤ ਹੈ । ਇਸ ਅਬਾਦਤ ਨੂੰ ਸ਼ੁਰੂ ਤਾਂ ਬਹੁਤ ਕਰਦੇ ਹਨ, ਪਰ ਲੰਮੀ ਸਾਧਨਾ ਹੋਣ ਕਾਰਨ ਵਿਰਲੇ ਹੱਠੀ ਹੀ ਤਪੀਸ਼ਰ ਬਣਦੇ ਹਨ । ਕਈਆਂ ਨੂੰ ਘਰੋਗੀ ਤੇ ਆਰਥਿਕ ਮਜਬੂਰੀਆਂ ਲੈ ਬੈਠਦੀਆਂ ਹਨ ਤੇ ਕਈਆਂ ਨੂੰ ਹਾਲਾਤ ਬਦਲ ਜਾਂਦੇ ਹਨ । ਇਸ ਉਮਰ ਭਰ ਦੀ ਫਕੀਰੀ ਨੂੰ ਸੂਰਮੇ ਹੀ ਹੰਢਾ ਸਕਦੇ ਹਨ । ਇਹਦੇ ਸੱਚ ਦੇ ਜਾਮੇ ਨੂੰ ਦਾਗ਼ ਨਹੀਂ ਲੱਗਣਾ ਚਾਹੀਦਾ । ਕਿਉਂਕਿ ਸੁੱਚੇ ਸਾਹਿਤ ਦਾ ਹਰ ਵਾਕ ਕੁਰਾਨੇ ਪਾਕ ਦਾ ਕਲਮਾ, ਗੁਰੂ ਗ੍ਰੰਥ ਸਾਹਿਬ ਦਾ ਮੂਲ ਮੰਤਰ ਅਤੇ ਗੀਤਾ ਦਾ ਸ਼ਲੋਕ ਹੈ । ਜਿੰਨਾ ਚਿਰ ਮਨ ਦੀ ਸ਼ੁੱਧੀ ਇਸ ਪਵਿਤ੍ਰਤਾ ਨੂੰ ਨਹੀਂ ਪਹੁੰਚਦੀ, ਜ਼ਿੰਦਗੀ ਦੀ ਅਬਾਦਤ ਅਸੰਭਵ ਹੈ । ਜਦ ਤੋੜੀ ਮਨ ਦਾ ਅਨੁਭਵ ਬਾਹਰਲੇ ਸਮਾਜੀ ਸੱਚ ਨਾਲ ਸੁਰਸਾਰ ਨਹੀਂ ਹੁੰਦਾ, ਸਾਹਿਤ ਦੇ ਮੁੱਢਲੇ ਅਲਾਪ ਦੀ ਬੰਦਨਾ ਹੀ ਸ਼ੁਰੂ ਨਹੀਂ ਹੁੰਦੀ । ਬੇਸੁਰੇ ਸਾਜ਼ ਉੱਤੇ ਕਦੇ ਗਾਇਆ ਨਹੀਂ ਗਿਆ । ਸੋ ਮਨ ਦੀ ਸ਼ੁੱਧੀ, ਸ਼ਬਦ ਦੀ ਪਵਿਤ੍ਰਤਾ ਦਾ ਭੇਸ਼ਣ ਪਹਿਣ ਕੇ ਅਰਾਧਕ ਨੂੰ ਜ਼ਿੰਦਗੀ ਦੀ ਦੇਵੀ ਅੱਗੇ ਪ੍ਰਾਰਥਨਾ ਦਾ ਹੱਕ ਮਿਲਦਾ ਹੈ, ਅਜਿਹੀ ਲੰਮੀ ਘਾਲ ਵਾਲੇ ਸਾਹਿਤਕਾਰ ਹੁੰਦੇ ਹਨ, ਭਗਤ ਅਤੇ ਸੂਰਮੇ ।

ਕੱਚੇ ਅਨੁਭਵ ਅਤੇ ਮਨ ਦੀ ਪਵਿਤ੍ਰਤਾ ਤੋਂ ਆਰੀ ਲੋਕ, ਜਿਹੜੇ ਸਾਹਿਤਕਾਰੀ ਵਿਚ ਆ ਜਾਂਦੇ ਹਨ, ਉਹ ਜ਼ਿੰਦਗੀ ਦੀ ਅਬਾਦਤ ਦੀ ਥਾਂ ਬੇਅਦਬੀ ਕਰਦੇ ਹਨ । ਸਰਸਵਤੀ ਨੂੰ ਬਾਜ਼ਾਰ ਜਾ ਬਹਾਉਂਦੇ ਹਨ । ਉਨ੍ਹਾਂ ਦੇ ਦਿਲ ਮਿਰਕੱਬ ਕਲਾਕਾਰ ਬਣਨ ਦੀ ਭਾਵਨਾ ਕਾਮਨਾ ਬਣ ਜਾਂਦੀ ਹੈ । ਇਹ ਕਾਮਨਾ ਕਈ ਹਾਲਤਾਂ ਵਿਚ ਭੂਤ ਦੇ ਫਤੂਰ ਵਾਂਗ ਸਿਰ ਨੂੰ ਚੜ੍ਹ ਜਾਂਦੀ ਹੈ । ਸ਼ਬਦ ਦੇ ਅਰਥ

ਅਤੇ ਵਿਆਕਰਣ ਨੂੰ ਉਹ ਜਾਣਦੇ ਸੱਚ ਦਾ ਹੋਕਾ ਵੀ ਦਿੰਦੇ ਹਨ। ਪਰ ਇਹ ਨਹੀਂ ਪਤਾ ਹੁੰਦਾ ਇਸ ਨੂੰ ਫਿੱਟ ਕਿੱਥੇ ਕਰਨਾ ਹੈ। ਸਾਹਿਤ ਤਾਂ ਮਨੁੱਖ ਦੇ ਜਜ਼ਬਿਆਂ ਦੀ ਭਗਤੀ ਅਤੇ ਸਮਾਜੀ ਸੋਚ ਤੇ ਸਮਾਜੀ ਪ੍ਰਗਤੀ ਦਾ ਦੂਜਾ ਨਾਂ ਹੈ। ਇਸ ਕਮਜ਼ੋਰਾਂ ਨੂੰ ਸਿਹਤ, ਭੁੱਲੜਾਂ ਨੂੰ ਸੇਧ, ਢਹਿੰਦਿਆਂ ਨੂੰ ਉਠਾਣ ਤੇ ਨਿਰਬਲਾਂ ਨੂੰ ਬਲਵਾਨ ਕਰਨਾ ਹੁੰਦਾ ਹੈ। ਸਾਹਿਤ ਮਨੁੱਖ ਦੇ ਮਨੋਬਲ ਨੂੰ ਚਰਬਾਂ ਦੇਣ ਵਾਲੀ ਕੁੰਜੀ ਹੈ। ਉਹਦੇ ਅੰਦਰ ਬਾਹਰ ਨੂੰ ਇਕਸਾਰਤਾ ਦੇਣ ਵਾਲਾ ਸ਼ੁੱਧ ਮਾਲਕੌਂਸ। ਪਰ ਜਿਹੜੇ ਅਨਾੜੀ ਇਸ ਅਵੱਸਥਾ ਨੂੰ ਨਹੀਂ ਪਹੁੰਚਦੇ, ਉਹ ਯਕੀਨਨ ਬੇਸੁਰੇ ਗਾਣ ਨਾਲ ਮਹਿਫ਼ਲ ਦਾ ਰੰਗ ਹੀ ਭੰਗ ਨਹੀਂ ਕਰਦੇ, ਸਗੋਂ ਜ਼ਿੰਦਗੀ ਦੀ ਕੋਮਲਤਾ ਵੀ ਵਲੂੰਦਰ ਘੱਤਦੇ ਹਨ। ਉਹਨਾਂ ਨੂੰ ਸਭ ਤੋਂ ਵੱਡਾ ਰੋਗ ਹਉਮਾ ਆਪਣੇ ਅਕਲਮੰਦ ਹੋਣ ਦਾ ਮਾਰ ਜਾਂਦਾ ਹੈ। ਸਾਰਤਾ ਵਾਲੀ ਸੁਰ ਵਲੋਂ ਕੰਨ ਭੋਰੇ ਕਰ ਲੈਂਦੇ ਹਨ। ਪ੍ਰਾਪਤੀ ਦਾ ਰਾਹ ਰੁਕ ਜਾਂਦਾ ਹੈ। ਤਪਸਿਆ ਭੰਗ ਹੋ ਜਾਣ ਨਾਲ ਮਨ ਦਾ ਚੈਨ ਮਰ ਜਾਂਦਾ ਹੈ। ਸ਼ਾਂਤੀ ਤੇ ਸਮਾਧੀ ਸੁਰ ਦਾ ਸੋਮਾ ਹਨ। ਸੋਮੇ ਦਾ ਵਹਾ ਰੁੱਕ ਜਾਣ ਨਾਲ ਸਾਹਿਤ ਦੇ ਸੋਤਰ ਸੁੱਕ ਜਾਂਦੇ ਹਨ। ਪ੍ਰਸ਼ੰਸ਼ਾ ਦੀ ਬਾਰਸ਼ ਰੁਕ ਜਾਂਦੀ ਹੈ। ਚੰਗਾ ਹੋਵੇ, ਉਹ ਮੁੜ ਪ੍ਰਾਪਤੀ ਦੇ ਰਾਹ ਪੈ ਕੇ ਅਰਾਧਨਾ ਵਿਚ ਜੁਟ ਜਾਣ। ਕਈ ਏਥੋਂ ਵੀ ਉਖੜ ਖਲੋਂਦੇ ਹਨ ਅਤੇ ਪ੍ਰਤੀਕਰਮ ਵਿਚ ਆ ਜਾਂਦੇ ਹਨ। ਇਹ ਹੋਰ ਵੀ ਨਿਘਾਰ ਵਾਲੀ ਗੱਲ ਹੁੰਦੀ ਹੈ। ਜ਼ਿੰਦਗੀ ਨੂੰ ਸਰਸਵਤੀ ਮੰਨ ਕੇ ਜੇ ਭਗਤੀ ਨਹੀਂ ਹੋ ਸਕਦੀ, ਤਦ ਅਨਾੜੀਆਂ ਨੂੰ ਇਹ ਰਾਹ ਹੀ ਤਿਆਗ ਦੇਣਾ ਚਾਹੀਦਾ ਹੈ। ਹਰ ਸ਼ਬਦ ਇਕ ਠੋਸ ਅਥਵਾ ਕਲਪਤ ਸ਼ਕਲ ਤੇ ਅਰਥ ਰੱਖਦਾ ਹੈ ਹਰ ਵਾਕ ਅਰਥ ਨਾਲ ਪ੍ਰਭਾਵ। ਜੇ ਪ੍ਰਭਾਵ ਮੰਦਵਾੜਾ ਦੇਵੇ ਸਮਾਜ ਰੱਦੀ ਦੀ ਟੋਕਰੀ ਵਿਚ ਸੁੱਟ ਪਾਵੇਗਾ। ਮਨੁੱਖ ਨੇ ਆਪਣੀ ਜਦੋ ਜਹਿਦ ਨਾਲ ਸਮੁੱਚੀ ਸਮਾਜੀ ਜ਼ਿੰਦਗੀ ਨੂੰ ਵਿਕਾਸ ਦਿੱਤਾ ਹੈ। ਉਹ ਰਾਕਸ਼ ਬਿਰਤੀਆਂ ਨੂੰ ਹਾਰ ਦੇਂਦਾ ਵੱਡਾ ਤਾਰੀਖੀ ਵਿਰਸਾ ਪੈਦਾ ਕਰ ਚੁੱਕਾ ਹੈ, ਇਸ ਸਭਿਆਚਾਰਕ ਕਮਾਈ ਨੂੰ, ਜਿਹੜੀ ਬਲੀਆਂ ਦੇ ਕੇ ਜੋੜੀ ਹੈ, ਉਹ ਕਿਸੇ ਕੀਮਤ ਤੇ ਸੁੱਟ ਨਹੀਂ ਪਾਵੇਗਾ।

ਸਾਹਿਤਕਾਰ ਵਿਚ ਜ਼ੁੰਮੇਵਾਰੀ ਦੀ ਘਾਟ ਉਦੋਂ ਆਉਂਦੀ ਹੈ, ਜਦੋਂ ਉਹਦੀਆਂ ਚਾਰੇ ਕੰਨੀਆਂ ਬੇਦਾਗ ਨਹੀਂ ਹੁੰਦੀਆਂ। ਭਲੇ ਬੁਰੇ ਦਾ ਗਿਆਨ, ਮਨੁੱਖੀ ਮੰਜ਼ਲ ਦੀ ਸੇਧ ਤੇ ਪ੍ਰਾਪਤੀ ਦਾ ਸਾਹਸ ਜਦੋਂ ਘਟਦਾ ਹੈ। ਉਹ ਉਖੜੇ ਕੁਹਾੜੇ ਮਾਰਨੇ ਸ਼ੁਰੂ ਕਰਦਾ ਹੈ, ਜਿਸ ਨਾਲ ਆਪੂੰ ਪਹਿਲੋਂ ਲਹੂ ਲੁਹਾਨ ਹੁੰਦਾ ਹੈ। ਮਨ ਦੀ ਕਾਮਨਾ ਵਾਲਾ ਰੋਗ ਹੋਰ ਦੀਰਘ ਹੋ ਜਾਂਦਾ ਹੈ। ਪ੍ਰਵਾਨਗੀ ਕੇਵਲ ਸਾਰਥਕਤਾ

ਨੂੰ ਮਿਲਦੀ ਹੈ । ਇਸ ਲਈ ਭਗਤੀ ਭਾਵਨਾ ਨੂੰ ਮੁੜ ਅਰਾਧਨਾ ਤੇ ਸਾਧਨਾਂ ਵਿਚ ਜੋੜੇ ਬਿਨਾਂ ਮੋਖਸ਼ ਨਹੀਂ । ਜਿਹੜਾ ਸਾਹਿਤਕਾਰ ਸਾਧਨਾ ਤੋਂ ਭੱਜਦਾ ਹੈ, ਉਹ ਮੰਜ਼ਲ ਨੂੰ ਕਦੇ ਨਾ ਪਹੁੰਚ ਸਕੇਗਾ । ਮੰਜ਼ਲ ਹੈ ਭਗਤੀ ਕਰਦੇ ਜਾਣਾ, ਪ੍ਰਾਪਤੀ ਲਈ ਜੂਝਦੇ ਜਾਣਾ । ਆਪਣੀ ਸੂਝ ਤੇ ਜਜ਼ਬੇ ਨੂੰ ਸਮਾਜੀ ਯਥਾਰਥ ਵਿਚ ਓਤਪੋਤ ਕਰਨਾ, ਜ਼ਿੰਦਗੀ ਦੀ ਹੱਦ ਕੋਈ ਨਹੀਂ । ਖਲੋਤ ਕੋਈ ਨਹੀਂ, ਬਸ ਤੁਰੇ ਜਾਣਾ, ਤੁਰਦੇ ਜਾਣਾ । ਇਹ ਇਕ ਦਿਨ ਅਥਵਾ ਇਕ ਸਾਲ ਦੀ ਮਿਆਦ ਨਹੀਂ । ਜਨਮਾਂ ਦੇ ਵਿਰਸੇ ਨੂੰ ਉਂਗਲੀ ਲਾਈ ਦਰਿੜ੍ਹਤਾ ਨਾਲ ਕਦਮ ਪੁੱਟਦੇ ਜਾਣਾ ਹੈ । ਸਾਹਿਤਕਾਰ ਸੂਰਮਾ ਇਸ ਲਈ ਹੈ, ਜੇ ਬਾਰਾਂ ਵਰ੍ਹਿਆਂ ਦੀ ਤਪਸਿਆ ਪਿਛੋਂ ਵੀ ਫਲ ਨਾ ਮਿਲੇ ਫਿਰ ਵੀ ਹਠ ਨਾ ਤਿਆਗੇ । ਫਲ ਦੀ ਇੱਛਾ ਤੋਂ ਉਤਾਂਹ ਉੱਠ ਕੇ ਕੁਰਬਾਨੀ ਕਰਦਾ ਜਾਵੇ । ਕਈ ਵਾਰ ਹਾਰਾਂ, ਜਿੱਤ ਦੀ ਸੇਧ ਬਣਦੀਆਂ ਹਨ । ਪਿਛਾਂਹ ਮੁੜਨਾ ਨਾ ਸੂਰਮਤਾਈ ਤੇ ਨਾ ਹੀ ਸਾਹਿਤਕਾਰੀ। ਲੋਕਾਂ ਦੇ ਬਲ ਤੋਂ ਚਾਨਣ ਲੈਣਾ, ਮੁੜ ਲੋਕਾਂ ਨੂੰ ਦੇਣਾ । ਭਗਤੀ ਦਾ ਏਹੋ ਆਦਾਨ ਪ੍ਰਦਾਨ ਸ਼ੁੱਧ ਸਾਹਿਤਕਾਰੀ ਹੈ । ਨੱਠਣ ਦੀ ਥਾਂ ਡਟੋ । ਈਮਾਨ ਦਿੱਤੇ ਬਿਨਾਂ ਕਲਿਆਣ ਨਹੀਂ ਮਿਲਦਾ । ਸਾਰ ਦੀ ਪ੍ਰਾਪਤੀ ਬਿਨਾਂ ਲੋਕ ਅਥਵਾ ਸਮਾਜ ਨੂੰ ਦੇਵੋਗੇ ਕੀ ? ਪਹਿਲੋਂ ਘਾਲ ਪਿੱਛੋਂ ਥਾਂ । ਹੋਂਦ ਜਦੋ ਜਹਿਦ ਨਾਲ ਐ । ਫੂਕ ਨਾਲ ਵੜੇ ਨਹੀਂ ਪੱਕਦੇ । ਆਪ ਗਵਾਈਏ ਤਾਂ ਸ਼ਹੁ ਪਾਈਏ ।

ਵਿਚਾਰਾਂ ਦੀ ਪੁਸ਼ਟੀ

ਜੇ ਸਿੱਖ ਸਥਾਪਤੀ ਦੀ ਗਰੰਟੀ ਨਹੀਂ, ਕੁਝ ਵੀ ਨਹੀਂ । ਆਰਥਿਕ ਤੇ ਰਾਜਨੀਤਕ ਆਜ਼ਾਦੀ ਬਿਨਾਂ ਨਾ ਸਥਾਪਤੀ ਕਾਇਮ ਕੀਤੀ ਜਾ ਸਕਦੀ ਹੈ ਤੇ ਨਾ ਹੀ ਕਾਇਮ ਰੱਖੀ ਜਾ ਸਕਦੀ ਹੈ । ਮੁਕੰਮਲ ਆਜ਼ਾਦੀ ਬਿਨਾਂ ਸਭਿਆਚਾਰਕ ਤੇ ਉਸਾਰ ਦਾ ਸੁਪਨਾ ਨਹੀਂ ਲਿਆ ਜਾ ਸਕਦਾ । ਇਉਂ ਜ਼ਿੰਦਗੀ ਆਪਣੀ ਨਹੀਂ, ਬਿਗਾਨੀ ਅਮਾਨਤ ਬਣ ਜਾਂਦੀ ਹੈ । ਬਾਰ ਪਰਾਏ ਬੈਠਣਾ, ਸਾਈਂ ਮੁਝੇ ਨਾ ਦੇ ।

ਹੁਣ ਤੱਕ ਲਾਏ ਮੋਰਚੇ, ਕੁਰਬਾਨੀਆਂ, ਫਾਂਸੀਆਂ, ਕਾਲੇ ਪਾਣੀ, ਸੰਨਤਾਲੀ ਦਾ ਡੁਲ੍ਹਿਆ ਲਹੂ ਅਤੇ ਹਰਿਮੰਦਰ ਸਾਹਿਬ ਦਾ ਘਲੂਘਾਰਾ, ਸਾਰੀ ਪੰਜਾਬੀ ਕੌਮ ਲਈ ਵੰਗਾਰ ਬਣ ਚੁੱਕੇ ਹਨ । ਦੇਸ਼ ਆਜ਼ਾਦ ਕਰਾਉਣ ਵਾਲੇ ਰਸਾਤਲ ਵਿਚ ਕਿਉਂ ਜਾ ਡਿੱਗੇ ? ਲੋਕ ਕਿਸੇ ਤਰ੍ਹਾਂ ਦੀ ਕੁਰਬਾਨੀ ਦੇਣੋਂ ਨਹੀਂ ਝਿਜਕੇ, ਨਾ ਹੀ ਹਿੰਮਤ ਵਲੋਂ ਹਾਰੇ । ਪਰ ਅਨਾੜੀ ਤੇ ਗ਼ਦਾਰ ਲੀਡਰਾਂ ਦੀਆਂ ਖੁਦਗਰਜ਼ੀਆਂ ਕਾਰਨ ਨਮੋਸ਼ੀ ਦੇ ਮੂੰਹ ਆਏ । ਉਹਨਾਂ ਲੀਡਰਾਂ ਨੂੰ ਹਾਲੇ ਵੀ ਆਪਣਾ ਆਗੂ ਮੰਨਣਾ, ਹੋਰ ਹਤਕ ਕਰਵਾਉਣਾ ਨਹੀਂ ਹੋਵੇਗਾ ? ਪੰਥ ਦਾ ਸਿਰ ਨੀਵਾਂ ਕਰਵਾਉਣ ਦੇ ਜ਼ੁੰਮੇਵਾਰ ਆਗੂ ਹਨ ।

ਪੋਲੀਟੀਕਲ ਲੀਡਰਾਂ ਦੀ ਭੇਖ ਵਿਚ ਸਿੱਖ ਧਰਮ ਦੀ ਹਾਨੀ ਕਰਵਾਈ ਗਈ। ਸਿਦਕ ਤੇ ਸਿੱਖ ਕਿਰਦਾਰ ਨੂੰ ਜ਼ਖਮੀ ਕੀਤਾ ਹੈ । ਧਾਰਮਕ ਫੈਸਲੇ ਲੈਣ ਲੱਗਿਆਂ ਆਪਣੇ ਇਤਿਹਾਸ ਨੂੰ ਸਨਮੁੱਖ ਨਹੀਂ ਰੱਖਿਆ, ਤਕੜਿਆਂ ਨੂੰ ਛੋਟਾਂ, ਮਾੜਿਆਂ ਨੂੰ ਸਜ਼ਾਵਾਂ, ਇਹ ਸਿੱਖ ਪਰੰਪਰਾ ਦਾ ਨਿਆਂ ਨਹੀਂ । ਅਜਿਹੇ ਧਰਮੰਗ ਪਾਸੇ ਕੀਤੇ ਜਾਣੇ ਨਹੀਂ ਚਾਹੀਦੇ ?

ਬੇਗੁਨਾਹਾਂ ਦੀ ਕਤਲਾਮ ਕਾਰਨ ਬਜ਼ੁਰਗਾਂ ਬੇਬਸੀ ਦੇ ਲੰਮੇ ਹਉਕੇ ਭਰੇ,

ਪਰ ਨੌਜਵਾਨਾਂ ਦੀ ਛਾਤੀ ਵਿਚ ਅੱਗ ਭੜਕੀ। ਇਹ ਅੱਗ ਹੀ ਇਤਿਹਾਸਿਕ ਗ਼ੈਰਤ ਦਾ ਸਬੂਤ ਸਾਬਤ ਹੋਈ। ਪਰ ਇਸ ਅੱਗ ਨੂੰ ਕੌਮ ਦੀ ਰਹਿਨੁਮਾਈ ਲਈ ਚਾਨਣ ਵਿਚ ਨਾ ਬਦਲਿਆ ਜਾ ਸਕਿਆ। ਜਨੂੰਨ ਤੇ ਸੂਝ ਦੀ ਸੰਧੀ ਨਾ ਕਰਵਾਈ ਗਈ। ਜਨੂੰਨ ਹੀ ਅਸਲ ਤਾਕਤ ਹੈ। ਜਿਹੜੀ ਇਤਿਹਾਸ ਦੇ ਬੜੇ ਫੈਸਲੇ ਕਰਦੀ ਹੈ। ਪਰ ਇਤਿਹਾਸਕ ਜਿੱਤ ਕਿਵੇਂ ਕਰਨੀ ਹੈ, ਇਹ ਸੂਝ ਦਾ ਕੰਮ ਹੈ। ਲੜਨਾਂ ਜਨੂੰਨ ਤੇ ਲੜਾਣਾ ਸਿਧਾਂਤ ਨੇ ਹੁੰਦਾ ਹੈ। ਇਹ ਇਤਿਹਾਸ ਦਾ ਸੱਚ ਹੈ। ਜਿਹੜਾ ਇਸ ਤੋਂ ਭੱਜੇਗਾ, ਮੂੰਹ ਦੀ ਖਾਵੇਗਾ।

ਸਿੱਖ ਕੌਮ ਦਾ ਸੰਕਟ ਅਨਾੜੀ ਲੀਡਰਾਂ ਕਾਰਨ ਡੂੰਘਾ ਹੋ ਗਿਆ ਹੈ। ਕਮੇਟੀਆਂ ਤੇ ਕਮੀਸ਼ਨਾਂ ਕਮਜ਼ੋਰਾਂ ਨੂੰ ਕਦੇ ਨਿਆਂ ਨਹੀਂ ਦਿੱਤੇ। ਕਮਜ਼ੋਰ ਹੋਣਾ ਇਕ ਲਾਹਨਤ ਹੈ। ਕਮਜ਼ੋਰੀ ਪਰ੍ਹਾਂ ਵਗਾਹੁਣ ਲਈ ਤਾਕਤ ਦੀ ਲੋੜ ਹੈ। ਤਾਕਤ ਦਾ ਨਾਂ ਹਥਿਆਰ ਹੈ। ਗੁਰੂ ਗੋਬਿੰਦ ਸਿੰਘ ਨੇ ਪ੍ਰਿਥਮ ਭਗੌਤੀ ਨੂੰ ਸਿਮਰਿਆ ਸੀ। ਲੈਨਿਨ ਤੇ ਮਾਓ ਨੇ ਤਾਕਤ ਦਾ ਚਮਤਕਾਰ ਹਥਿਆਰ ਨੂੰ ਆਖਿਆ। ਸਿੱਧੀ ਉਂਗਲ ਨਾਲ ਘਿਉ ਕਦੇ ਨਹੀਂ ਨਿਕਲਿਆ। ਹਥਿਆਰ ਸੁੱਟ ਦਿੱਤਾ, ਬਸ ਸਿਰ ਨੀਵਾਂ ਹੋ ਗਿਆ। ਤਿਆਰ-ਬਰ-ਤਿਆਰ ਖਾਲਸੇ ਦਾ ਸੰਕੇਤ ਐਵੇਂ ਨਹੀਂ ਅਗਵਾਈ ਕਰਦਾ ਰਿਹਾ। ਭਗੌਤੀ ਕਾਰਜ-ਰਾਸਣੀ ਐ।

ਸਿਧਾਂਤ ਤੇ ਵਿਧੀ ਨੂੰ ਪਿਛੇ ਪਾਇਆਂ, ਹਰ ਕੌਮ ਨੇ ਹਰ ਜੁਗ ਵਿਚ ਮਾਰ ਖਾਧੀ ਹੈ। ਹਰ ਤਰ੍ਹਾਂ ਦੇ ਸਾਇੰਸੀ ਗਿਆਨ ਨੂੰ ਹਾਸਲ ਕਰਨ ਨਾਲ, ਤਜਰਬੇ ਵਿਚ ਵੀ ਲਿਆਂਦਾ ਜਾਵੇ। ਰਾਜਸੀ ਤੇ ਆਰਥਿਕ ਸਾਇੰਸ ਵਿਚ ਮਹਾਰਤ, ਬੇਹੱਦ ਜ਼ਰੂਰੀ ਹੈ। ਮਿੱਤਰ ਦਾ ਮਿੱਤਰ ਵੀ ਮਿੱਤਰ ਹੁੰਦਾ ਐ। ਦੁਸ਼ਮਨ ਦਾ ਮਿੱਤਰ ਵੀ ਦੁਸ਼ਮਣ ਹੁੰਦਾ ਐ। ਸਾਰੀਆਂ ਘਟ ਗਿਣਤੀਆਂ ਦੀ ਮਿੱਤਰ ਮੰਡਲੀ ਬਣਾਈ ਜਾਵੇ। ਪਾਰਲੀਮੈਂਟ ਦੇ ਅੰਦਰ ਤੇ ਬਾਹਰ ਦੋਵੇਂ ਤਰ੍ਹਾਂ ਲੜਿਆ ਜਾਵੇ।

ਸਥਾਪਤੀ ਦੀ ਮੰਜ਼ਲ ਇਕ ਦਿਨ ਵਿਚ ਤਹਿ ਹੋਣ ਵਾਲੀ ਨਹੀਂ। ਲੋਕ ਜਥੇਬੰਦੀ ਨੂੰ ਹਰ ਸ਼ਹਿਰ, ਪਿੰਡ, ਗਲੀ, ਮੁਹੱਲੇ ਤੇ ਵਿਹੜੇ ਵਿਚ ਤਿਆਰ ਬਰ ਤਿਆਰ ਖਲੋਤੀ ਕਰਨਾ ਪਏਗਾ। ਜਿਹੜਾ ਐਕਸ਼ਨ ਲੋਕਾਂ ਵਿਚ ਬਦਨਾਮੀ ਪੈਦਾ ਕਰਦਾ ਹੈ, ਮੰਜ਼ਲ ਨੂੰ ਦੂਰ ਹੀ ਦੂਰ ਲਿਜਾਂਦਾ ਹੈ। ਜੇ ਕਿਰਤੀ ਲੋਕਾਂ ਦੇ ਹਿੱਤ ਨੂੰ ਲੈ ਕੇ ਜਦੋਜਹਿਦ ਨਹੀਂ ਕਰੋਗੇ, ਉਹਨਾਂ ਤੁਹਾਡਾ ਸਾਥ ਨਹੀਂ ਦੇਣਾ। ਹਥਿਆਰਾਂ ਦੀ ਸ਼ਕਤੀ ਨਾਲੋਂ ਲੋਕਾਂ ਦੀ ਤਾਕਤ ਹਮੇਸ਼ਾਂ ਵੱਡੀ ਸਾਬਤ ਹੋਈ ਹੈ। ਅਲਾਦੀਨ ਦੇ ਮਿਥਿਹਾਸਕ ਚਰਾਗ ਦਾ ਤੱਤ ਫੱਟ ਭਰੋਸਾ ਤਿਆਗ ਕੇ ਆਪਣੇ ਸਾਰਥਕ ਪੈਰਾਂ ਦਾ ਵਿਸ਼ਵਾਸ ਪੈਦਾ ਕਰੋ ਤੇ ਇਹੋ ਵਿਸ਼ਵਾਸ ਲੋਕਾਂ ਨੂੰ ਦਿਓ। ਸੱਚ ਦੀ

ਟੇਕ ਸਰਬਤ ਦੇ ਭਲੇ ਦਾ ਪ੍ਰੋਗਰਾਮ ਹਮੇਸ਼ਾਂ ਸਾਹਮਣੇ ਰਹੇ । ਛੋਟੀਆਂ ਹਾਰਾਂ ਮਹਾਨ ਜਿੱਤ ਦਾ ਰਾਹ ਸਾਫ ਕਰਦੀਆਂ ਹਨ । ਹਾਲਾਤ ਦੀਆਂ ਮਾਯੂਸੀਆਂ ਤੋਂ ਘਬਰਾਉਣਾ ਇਨਕਲਾਬ ਦੀ ਕਿਤਾਬ ਵਿਚ ਕਿਤੇ ਨਹੀਂ ਲਿਖਿਆ । ਇਤਿਹਾਸ ਦੇ ਖਾਲੀ ਪੰਨਿਆਂ ਨੂੰ ਤੁਸਾਂ ਮਰਜੀਵੜੇ ਆਸ਼ਕਾਂ ਦੇ ਰੋਲ ਨਾਲ ਸੂਹਾ ਕਰਨਾ ਹੈ ।

ਦੁਨੀਆਂ ਦੋ ਵੱਡੀਆਂ ਮਹਾਂਦਿਉ ਸ਼ਕਤੀਆਂ ਵਿਚ ਵੰਡੀ ਪਈ ਹੈ । ਰੂਸ ਭਾਰਤੀ ਸਰਮਾਏਦਾਰੀ ਦਾ ਚਹੇਤਾ ਬਣ ਚੁੱਕਾ ਹੈ । ਤੁਹਾਨੂੰ ਭਾਰਤੀ ਸਰਮਾਏਦਾਰੀ ਨੇ ਮਾਰਿਆ ਤੇ ਲੁਟਿਆ ਹੈ । ਭਾਰਤੀ ਸਰਮਾਏਦਾਰੀ 'ਦੋ ਬੇੜੀਆਂ ਦੀ ਸਵਾਰ ਐ। ਇਹ ਅਮਰੀਕਾ ਦੇ ਕਲਾਵੇ ਵਿਚ ਕਦੇ ਵੀ ਜਾ ਸਕਦੀ ਹੈ । ਆਪਣੇ ਲਾਭ ਤੇ ਸਥਿਰਤਾ ਦੀ ਗਰੰਟੀ ਚਾਹੁੰਦੀ ਐ । ਬਿਗਾਨਿਆਂ ਦੇ ਲਾਰੇ ਵਿਚ ਪੁੱਟਿਆ ਕੋਈ ਵੀ ਗਲਤ ਕਦਮ ਕੌਮ ਦਾ ਕਰਿਆਟਾ ਕਰਵਾ ਸਕਦਾ ਹੈ । ਤੁਹਾਡੇ ਬਿਨਾਂ ਸੰਸਾਰ ਪੱਧਰ ਤੇ ਕੋਈ ਐਸੀ ਕੌਮ ਨਹੀਂ, ਜਿਹੜੀ ਆਪਣੇ ਲਾਭ ਛੱਡ ਕੇ ਕਿਸੇ ਦਾ ਸਾਥ ਦੇਣ ਲਈ ਤਿਆਰ ਹੋ ਜਾਵੇ । ਖਾਲਿਸਤਾਨ ਦਾ ਨਾਅਰਾ ਕਾਂਗਰਸੀਆਂ ਅਤੇ ਏਥੋਂ ਦੇ ਨੈਸ਼ਨਲ ਪ੍ਰੈਸ ਨੇ ਤੁਹਾਨੂੰ ਮਾਰਨ ਲਈ ਹੀ ਤੁਹਾਡੇ ਮੂੰਹ ਵਿਚ ਪਾਇਆ ਹੈ । ਸੋਚੋ, ਤੇ ਬਾਰ ਬਾਰ ਸੋਚੋ, ਦੁਸ਼ਮਨ ਦਾ ਦਿਤਾ ਨਾਅਰਾ ਤੁਹਾਨੂੰ ਕਿਵੇਂ ਵਫਾ ਕਰ ਸਕਦਾ ਹੈ । ਇਸ ਦਾ ਇਹ ਮਤਲਬ ਉੱਕਾ ਈ ਨਹੀਂ, ਸਿੱਖ ਸਥਾਪਤੀ ਨਹੀਂ ਚਾਹੀਦੀ । ਸਾਡਾ ਗੋਲ, ਨਿਸ਼ਾਨਾ ਤੇ ਮੰਜ਼ਲ ਕੇਵਲ, ਕੇਵਲ ਸਿੱਖ ਸਥਾਪਤੀ ਹੀ ਰਹਿ ਗਿਆ ਹੈ । ਇਸ ਤੋਂ ਉਰੇ ਕੁਝ ਵੀ ਮਨਜ਼ੂਰ ਨਹੀਂ।

ਕਮਿਊਨਿਸਟਾਂ ਪੰਜਾਬ ਦੇ ਹਿੱਤਾਂ ਦਾ ਸਾਥ ਨਹੀਂ ਦਿੱਤਾ । ਕਿਸਾਨ ਦੀ ਪਿੱਠ ਵਿਚ ਛੂਰਾ ਮਾਰਿਆ ਹੈ । ਮੋਟੀ ਕਸਵੱਟੀ ਅਨੁਸਾਰ ਤੁਹਾਡਾ ਵਿਰੋਧੀ, ਦੁਸ਼ਮਣ ਦਾ ਵਫਾਦਾਰ ਹੋਵੇਗਾ । ਦਰਬਾਰ ਸਾਹਿਬ ਉੱਤੇ ਹਮਲੇ ਨੂੰ ਠੀਕ ਕਹਿਕੇ ਇਹ ਅਸਲੋਂ ਨੰਗੇ ਹੋ ਚੁੱਕੇ ਹਨ । ਸੋਚ ਸਮਝਕੇ ਹੱਥ ਮਿਲਾਇਓ ਸ਼ਾਇਦ ਹੱਥ ਹੀ ਵਾਪਸ ਨਾ ਆਏ । ਤੁਹਾਡਾ ਖਾਣਗੇ, ਤੁਹਾਡੀ ਥਾਲੀ ਛੇਕ ਵੀ ਕਰਨਗੇ । ਆਪਣੇ ਸੁਭਾ ਤੋਂ ਮਜਬੂਰ ਹਨ ।

ਨਰੋਈ ਜਥੇਬੰਦੀ ਤੇ ਘਟ ਗਿਣਤੀਆਂ ਦਾ ਸਾਂਝਾ ਮੁਹਾਜ਼, ਸਮੇਂ ਦੇ ਸਾਰਥਕ ਰਾਹ ਹਨ । ਗੁਰਬਾਣੀ ਸਿਮਰਣ ਬਿਨਾਂ ਕੁਰਬਾਨੀ ਦੇ ਜਜ਼ਬੇ ਨੂੰ ਜਿਊਂਦਾ ਨਹੀਂ ਰੱਖਿਆ ਜਾ ਸਕਦਾ । ਅਕਲ ਦੇ ਹਾਣ ਬਿਨਾਂ ਨਿਰਾ ਜਜ਼ਬਾ ਅੰਨ੍ਹੀਆਂ ਗਲੀਆਂ ਦਾ ਮੁਸਾਫਰ ਬਣ ਜਾਂਦਾ ਹੈ । ਖੁੱਦਦਾਰੀ ਦਾ ਅਹਿਸਾਸ ਤੇ ਜਦੋਜਹਿਦ ਹਮੇਸ਼ਾਂ ਹਮੇਸ਼ਾਂ ਲਈ ਚੜ੍ਹਦੀ ਕਲਾ ਵਿਚ ਰਹਿਣ । ਜਿੱਤ ਨੇ ਹਮੇਸ਼ਾਂ ਉਹਨਾਂ ਸੱਥਿਆਂ

ਨੂੰ ਚੁੰਮਿਆਂ ਹੈ; ਜਿਹਨਾਂ ਪਹਾੜਾਂ ਨਾਲ ਸਿਰ ਟਕਰਾਏ । ਸੋ ਵਾਹਿਗੁਰੂ ਜੀ ਦੇ ਖਾਲਸੇ ਨੂੰ ਵਾਹਿਗੁਰੂ ਜੀ ਨੇ ਹੀ ਫਤਹਿ ਦੇਣੀ ਹੈ ।

ਚਲੇ ਚਲੋ, ਚਲੇ ਚਲੋ, ਕਿ ਮੰਜ਼ਲ ਅਜੇ ਨਹੀਂ ਆਈ ।

ਪੰਥ ਤੇ ਪੰਜਾਬ ਖਤਰੇ ਵਿਚ

ਪਿਆਰੇ ਬਰਨਾਲਾ ਜੀ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ! ਮੁੱਢ ਵਿਚ ਹੀ ਤੁਸੀਂ ਆਖੋਗੇ, ਇਹ ਬੰਦਾ ਬੜਾ ਵੱਦ ਲਗਾ ਏ, ਤੀਏ ਕੁ ਦਿਨ ਵੱਖੀ ਵਿਚ ਕੂਹਣੀ ਕਢ ਮਾਰਦਾ ਏ । ਪਰ ਭਰਾਵਾ ਈਦ ਪਿਛੋਂ ਤੰਬਾ ਫੂਕਣਾ ਏ ? ਹੁਣ ਈ ਸਾਵਧਾਨ ਹੋਣ ਦਾ ਵੇਲਾ ਏ, ਜਦੋਂ ਪੰਜਾਬ ਦੀ ਬਣਨ ਦੀ ਥਾਂ ਵਿਗੜਦੀ ਹੀ ਜਾ ਰਹੀ ਹੈ । ਲੋਹਾ ਗਰਮ ਵੇਖ ਕੇ ਜਿਹੜਾ ਲੁਹਾਰ ਸੱਟ ਨਾ ਮਾਰੇ, ਅਨਾੜੀ। ਇਕ ਲੇਖਕ ਨਾਤੇ ਮੈਂ ਆਪਣੇ ਕਿਸਾਨ ਭਰਾਵਾਂ ਨਾਲ ਖਲੋਵਾਂਗਾ ।

ਪੰਜਾਬ ਸਾਰੀ ਉਮਰ ਈ ਸਮਝੋ, ਸਿਰਹਾਣੇ ਬਾਂਹ ਦੇ ਕੇ ਨਹੀਂ ਸੌਂ ਸਕਿਆ, ਕਦੇ ਧਾੜਵੀ ਪੱਛਮ ਤੋਂ ਆ ਪਏ, ਕਦੇ ਪੂਰਬ ਨੇ ਗ਼ਦਾਰੀਆਂ ਤੇ ਲੱਕ ਬੰਨ੍ਹ ਲਏ । ਸਾਡੀ ਤਾਂ ਠੱਲਾਂ ਪਾਉਂਦਿਆਂ, ਮਰਦਿਆਂ ਮਾਰਦਿਆਂ ਈ ਹੀ ਗੁਜ਼ਰ ਗਈ । ਸੁਖ ਦਾ ਸਾਹ ਕਦੇ ਨਾ ਮਿਲਿਆ । ਪੰਜਾਬ ਨੂੰ ਜੇ ਨਹਾਉਣਾ ਪਿਆ, ਤਾਂ ਉਹ ਵੀ ਆਪਣੇ ਤੇ ਦੁਸ਼ਮਣਾਂ ਦੇ ਲਹੂ ਵਿਚ । ਵਿਹਲ ਕਦੋਂ ਸੀ ਅਸੀਂ ਆਪਣੇ ਅਰਥਚਾਰੇ ਤੇ ਸਭਿਆਚਾਰ ਨੂੰ ਸੰਵਾਰਦੇ, ਉਸਾਰਦੇ । ਅੱਸੀ ਫ਼ੀਸਦੀ ਸਿਰ ਦੇ ਕੇ ਅੰਗਰੇਜ਼ ਸਾਮਰਾਜ ਤੋਂ ਖੋਹੀ ਆਜ਼ਾਦੀ ਵਿਚ ਹੀ ਸਾਡੀ ਆਣ ਅਣਖ ਤੇ ਸਥਾਪਤੀ ਖਤਰੇ ਵਿਚ ਪੈ ਗਈ ਹੈ । ਅੱਜ ਵੀ ਡੋਗਰਿਆਂ ਵਰਗੇ ਗ਼ਦਾਰ ਹੰਨੇ ਬੰਨੇ ਬੈਠੇ ਐ । ਅੱਜ ਵੈਰੀ ਬਹੁਤੇ, ਦੋਸਤ ਵਿਰਲੇ । ਅੱਜ ਸਿੱਖਾਂ ਨੂੰ ਸਿੱਖਾਂ ਨਾਲ ਲੜਾਉਣ ਵਾਲੀਆਂ ਧਾੜਾਂ ਨਿੱਤ ਕੌਮੀ ਪ੍ਰੇਮ (ਜਿਹੜਾ ਅਸਲ ਵਿਚ ਫਿਰਕੂ ਹੈ) ਵਿਚ ਚੜ੍ਹੀਆਂ ਆ ਰਹੀਆਂ ਹਨ । ਜਿਹਨਾਂ ਦੇ ਮੂੰਹ ਕੂਲੇ, ਢਿੱਡ ਜ਼ਹਿਰ ਭਰੇ ਹਨ । ਕੇਂਦਰ ਦੀ ਈਮਾਨਦਾਰੀ ਦਾ ਸਬੂਤ ਮਿਲ ਚੁਕਾ ਹੈ ਅਤੇ ਵਿਰੋਧੀ

ਪਾਰਟੀਆਂ ਤੁਹਾਨੂੰ ਮੋਢਾ ਮਾਰ ਕੇ ਖਾਈ ਵਿੱਚ ਸਿੱਟੂ ਐ। ਆਖਰ ਨੂੰ ਪੰਜਾਬ ਦੀ ਲੋਕ ਕਿਸਾਨੀ ਉੱਤੇ ਹੀ ਭਰੋਸਾ ਕਰਨਾ ਪੈਣਾ ਹੈ। ਟੁਟੀਆਂ ਬਾਹਾਂ ਹੀ ਗਲੇ ਨੂੰ ਆਉਣਗੀਆਂ। ਸੋ ਭਰੋਸਾ ਵਾਹਿਗੁਰੂ ਪਿਛੋਂ ਪੰਜਾਬ ਦੇ ਸੱਚੇ ਸੁੱਚੇ ਸਪੂਤਾਂ ਉੱਤੇ ਹੀ ਕਰਨਾ ਪੈਣਾ ਹੈ। ਇਸ ਗੱਲ ਨੂੰ ਬੁਨਿਆਦੀ ਮੰਨ ਕੇ ਹੀ ਅਗਲੀਆਂ ਪਾਲਿਸੀਆਂ ਤੇ ਪ੍ਰੋਗਰਾਮ ਤਹਿ ਕਰਨੇ ਚਾਹੀਦੇ ਹਨ। ਇਹ ਹਮੇਸ਼ਾਂ ਯਾਦ ਰਖਣਾ, ਕੇਂਦਰ ਹਰਿਆਣੇ ਦੀ ਵਫ਼ਾਦਾਰੀ ਕਦੇ ਨਹੀਂ ਛਡੇਗਾ, ਕਿਉਂਕਿ ਉਹ ਹਿੰਦੂ ਬਹੁਗਿਣਤੀ ਦਾ ਸੂਬਾ ਹੈ ਅਤੇ ਸੈਕੂਲਰ ਸੋਚ ਹਾਲੇ ਆਈ ਨਹੀਂ, ਜਿਹੜੀ ਪੰਜਾਬ ਨੂੰ ਨਿਆਂ ਦੇ ਸਕੇ।

ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਮੈਂ ਕੁਝ ਪੱਖ ਤੁਹਾਡੇ ਤੇ ਪੰਜਾਬੀ ਜਗਤ ਅੱਗੇ ਰੱਖਣਾ ਚਾਹੁੰਦਾ ਹਾਂ ਭਾਵੇਂ ਤੁਹਾਨੂੰ ਉਨ੍ਹਾਂ ਦਾ ਭਲੀਭਾਂਤ ਅਹਿਸਾਸ ਹੋਵੇਗਾ। ਪਿਛੋਕੜ ਤੇ ਝਾਤ ਪਾਏ ਬਿਨਾਂ ਵਰਤਮਾਨ ਤੇ ਭਵਿੱਖ ਨੂੰ ਆਪਣੇ ਅਨੁਸਾਰੀ ਨਹੀਂ ਸਮਝਿਆ ਜਾ ਸਕਦਾ।

ਚੰਡੀਗੜ੍ਹ

ਇਸ ਵਿਚ ਸ਼ੱਕ ਨਹੀ ਚੰਡੀਗੜ੍ਹ ਖੂਬਸੂਰਤ ਹੈ। ਪਰ ਹੈ ਤਾਂ ਪੱਥਰ ਦਾ ਆਂਡਾ ਹੀ। ਜਿਸ ਝਾੜ ਪੂੰਝ ਲਈ ਕਰੋੜਾਂ ਦਾ ਖਰਚ ਖਾਣਾ ਹੀ ਖਾਣਾ ਹੈ, ਦੇਣਾ ਕੁਝ ਨਹੀ, ਉਤਪਤੀ ਕੋਈ ਨਹੀਂ। ਉਸ ਵੱਟੇ ਜਰਖੇਜ਼ ਧਰਤੀ, ਸੋਨੇ ਦਾ ਆਂਡਾ ਦੇਣ ਵਾਲੀ ਮੁਰਗੀ ਨਹੀਂ ਵਟਾਈ ਜਾ ਸਕਦੀ। ਉਸ ਦੇ ਆਂਡਿਆਂ ਨਾਲ ਕਈ ਰਣਜੀਤ ਗੜ੍ਹ ਉਸਾਰੇ ਜਾ ਸਕਦੇ ਐ। ਚੰਡੀਗੜ੍ਹ ਉੱਤੇ ਸੱਠ ਫੀਸਦੀ ਤਾਂ ਸਿੱਧਾ ਈ ਹੱਕ ਬਣਦਾ ਏ। ਬਾਕੀ ਚਾਲੀ ਫੀਸਦੀ ਲਈ ਐਨੀ ਭਾਰੀ ਕੁਰਬਾਨੀ ਨਹੀਂ ਦਿਤੀ ਜਾ ਸਕਦੀ। ਮੈਂ ਪਹਿਲਾਂ ਈ ਲਿਖਿਆ ਸੀ, ਚੰਡੀਗੜ੍ਹ ਇਕ ਸੌਦਾ ਬਣ ਗਿਆ ਏ। ਕੇਂਦਰ ਖੁੱਲਮਖੁੱਲਾ, ਲੌਂਗੋਵਾਲ ਸਮਝੌਤੇ ਦੀ ਔਖੀ ਘੜੀ ਭੁਲ ਕੇ ਪਹਿਲਾਂ ਵਾਂਗ ਹਰਿਆਣੇ ਦੀ ਮਦਦ ਤੇ ਆ ਗਿਆ ਹੈ। ਇਹ ਸਾਰੇ ਘੈਂਟ ਹਲਕੇ ਸਿੱਧੇ-ਸਾਦੇ ਪੰਜਾਬ ਨਾਲ ਠੱਗੀ ਮਾਰਨਗੇ। ਅੱਗ ਲੱਗੀ ਜਗਰਾਵੀਂ, ਧੂੰਆਂ ਨਿਕਲਿਆ ਬੇਪਾਰਾਵੀਂ। ਇਹਨਾਂ ਦੀ ਸੋਚੀ ਸਮਝੀ ਠੱਗੀ, ਪੰਜਾਬ ਦੇ ਪੈਰਾਂ ਹੇਠ ਦੀ ਸੁਰੰਗ ਲਾ ਕੇ ਸਤਲੁਜ ਦੇ ਪੱਤਣ ਮੱਲਣ ਦੀ ਐ, ਤਾਂ ਜੋ ਕੌਮਾਂਤਰੀ ਕਾਨੂੰਨ ਅਨੁਸਾਰ ਪਾਣੀ ਦੇ ਪੱਕੇ ਦਾਅਵੇਦਾਰ ਬਣ ਸਕਣ।

ਹੁਣ ਤੱਕ ਇਹਨਾਂ ਜੇਬ ਵਿਚ ਪਾਏ ਕਾਂਗਰਸੀ ਸਿੱਖ ਵਜ਼ੀਰਾਂ ਤੋਂ ਮਨਮਰਜ਼ੀ ਦੇ ਅੰਗੂਠੇ ਲਵਾਏ ਐ ਤੇ ਉਸ ਇੰਦਰਜਾਲ ਵਿਚ ਤੁਹਾਨੂੰ ਵੀ ਫਸਾਉਣਾ ਏ। ਫਸ ਗਏ ਤਾਂ ਸਿਆਸੀ ਮੌਤ ਵੱਟ ਤੇ ਪਈ ਐ। ਇਸ ਸੌਦੇ ਨੂੰ ਮਹਿੰਗੇ ਭਾ

ਅਸੀਂ ਕਿਉਂ ਲਈਏ । ਇਸ ਝੂਠੇ ਵਕਾਰ ਨੂੰ ਛਡ ਕੇ ਤੁਸੀਂ ਚੰਡੀਗੜ੍ਹ ਬਦਲੇ ਸਰਸਾ ਗੂਹਲਾ ਆਦਿ ਮੰਗ ਕੇ ਵੇਖੋ, ਜੇ ਹਰਿਆਣੇ ਦੀਆਂ ਚੀਕਾਂ ਨਾ ਨਿਕਲ ਜਾਣ । ਉਹ ਸਮਝੀ ਬੈਠੇ ਐ ਅਸੀਂ ਚੰਡੀਗੜ੍ਹ ਲਈ ਬਜ਼ਿਦ ਆਂ, ਇਸ ਆੜ ਵਿਚ ਜਿੰਨਾ ਮਰਜ਼ੀ ਪੰਜਾਬ ਵੱਢ ਲਵੇ । ਗਈ ਹੱਦ ਚੰਡੀਗੜ੍ਹ ਨੂੰ ਸੱਠ ਫੀਸਦੀ ਨਾਲ ਨਸ਼ੰਗ ਵੰਡ ਲਵੇ; ਪਰ ਪੰਜਾਬ ਦਾ ਕੋਈ ਵੀ ਟੁਕੜਾ ਦੇਣਾ ਤਾਰੀਖੀ ਗੁਨਾਹ ਵਰਗੀ ਮਾਰ ਹੋਵੇਗੀ । ਚੰਡੀਗੜ੍ਹ ਨੂੰ ਬੁਨਿਆਦੀ ਅਧਾਰ ਬਣਾਉਣਾ ਹੀ ਗਲਤ ਸੀ ।

ਸਮਝੌਤਾ : ਹਰ ਲੜਾਈ ਦਾ ਅੰਤ ਸਮਝੌਤਾ ਹੁੰਦਾ ਏ । ਹਮੇਸ਼ਾਂ ਭਾਰੂ ਤਾਕਤ ਸਮਝੌਤਾ ਕਮਜ਼ੋਰ ਸਿਰ ਮੜ੍ਹਦੀ ਹੈ । ਤੁਸਾਂ ਰਾਜੀਵ ਦੇ ਦਸਤਖਤ ਕਰਵਾਕੇ ਵੀ ਕੀ ਲਿਆ ? ਦਸਤਖਤ ਕੀਤੇ ਅਧਾਰਾਂ ਤੋਂ ਵੀ ਉਹਨਾਂ ਭੱਜਣਾ ਸ਼ੁਰੂ ਕਰ ਦਿੱਤਾ । ਹੁਣ ਕਿਹੜੀ ਅਦਾਲਤ ਵਿਚ ਦਾਅਵਾ ਕਰ ਦੇਵੋਗੇ । ਇੰਦਰਾ ਨੇ ਹਰਿਆਣੇ ਦੇ ਹਿੱਤ ਪਾਲੇ ਤੇ ਮਾਂ ਦੇ ਨਕਸ਼ੇ-ਕਦਮਾਂ ਤੇ ਪੁੱਤਰ ਚਲ ਪਿਆ ਹੈ । ਇਸ ਤਰ੍ਹਾਂ ਕੇਂਦਰ ਨੇ ਹਰਿਆਣੇ ਨੂੰ ਆਪਣੀ ਡੀਫੈਂਸ ਲਾਈਨ ਵਜੋਂ ਪੰਜਾਬ ਦਾ ਦੁਸ਼ਮਣ ਬਣਾ ਕੇ ਰੱਖ ਦਿੱਤਾ ਹੈ । ਕਾਂਗਰਸ ਕਦੇ ਵੀ ਕੌਮੀ ਜਮਾਤ ਨਹੀਂ ਸੀ । ਆਪਣੇ ਆਪ ਵਿਚ ਕਿੰਨੀ ਦੁੱਧ ਧੋਤੀ ਬਣ ਜਾਵੇ । ਜੇ ਨੈਸ਼ਨਲ ਜਮਾਤ ਹੁੰਦੀ, ਹਿੰਦੁਸਤਾਨ ਦੀ ਵੰਡ ਕਦੇ ਮਨਜ਼ੂਰ ਨਾ ਕਰਦੀ । ਇਹ ਜਨਸੰਘ ਤੇ ਆਰ ਐਸ ਐਸ ਵਰਗੀ ਹੀ ਕੱਟੜ ਫਿਰਕਾਪ੍ਰਸਤ ਹੈ । ਇਹਨਾਂ ਦੀ ਫਿਰਕਾਪ੍ਰਸਤੀ ਵੰਡ ਪਿਛੋਂ ਸਿੱਖਾਂ ਹੀ ਕੁਰਬਾਨੀਆਂ ਦੇ ਕੇ ਸਾਰੀ ਦੁਨੀਆਂ ਵਿਚ ਨੰਗੀ ਕੀਤੀ ਹੈ । ਜਿਹੜੇ ਗੈਰ ਹਿੰਦੂ ਇਹਨਾਂ ਨਾਲ ਜੁੜੇ ਐ, ਉਹ ਕਿੰਨੇ ਕੁ ਈਮਾਨਦਾਰ ਹੋ ਸਕਦੇ ਹਨ; ਜਿਹੜੇ ਪੰਜਾਬ ਦੀ ਪੈਦਾਵਾਰ ਦੇ ਲੁੱਟੇ ਜਾਂਦੇ ਸਾਧਨਾਂ ਬਾਰੇ ਕਦੇ ਮੂੰਹੋਂ ਫੁਟੇ ਤੱਕ ਨਹੀਂ ਸਕੇ ਅਭਾਗਥੀ । ਕਿਉਂਕਿ ਹਰਿਆਣਾ ਬਹੁਗਿਣਤੀ ਦਾ ਹਿੰਦੂ ਸੂਬਾ ਹੈ ਤੇ ਹਿੰਦੂ ਤਾਕਤ ਜ਼ੋਰ ਧਿੰਗਾਣੇ ਵੀ ਉਸ ਦੀ ਮਦਦ ਕਰੇਗੀ । ਨਿਆਂ ਕੋਈ ਬਾਹਰਲੀ ਯੂ. ਐਨ. ਓ. ਵਰਗੀ ਧਿਰ ਹੀ ਕਰ ਸਕਦੀ ਹੈ । ਕਾਂਗਰਸ ਬਾਰੇ ਈਮਾਨਦਾਰੀ ਤੇ ਕੌਮੀ ਜਮਾਤ ਵਾਲਾ ਭੁਲੇਖਾ ਤੁਹਾਡੇ ਦਿਮਾਗੋਂ ਲਹਿ ਜਾਣਾ ਚਾਹੀਦਾ ਹੈ।

ਸਮਝੌਤਾ ਚੋਰੀ ਤੇ ਕਾਹਲੀ ਵਿਚ ਕੀਤਾ ਗਿਆ ਹੈ । ਮੋਰਚੇ ਵਿਚ ਕੁਰਬਾਨੀਆਂ ਕਰਨ ਵਾਲੇ ਸਾਰਿਆਂ ਤੇ ਹੋਰ ਸਿੱਖ ਪ੍ਰਤੀਨਿਧ ਜਮਾਤਾਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ । ਜਿਵੇਂ ਜਿਵੇਂ ਸਮਝੌਤਾ ਖਿਸਕ ਰਿਹਾ ਹੈ, ਤਿਵੇਂ ਤਿਵੇਂ ਸਮਝੌਤੇ ਤੋਂ ਲਾਂਭੇ ਰਖੇ ਲੋਕਾਂ ਦੇ ਸ਼ਿਕਵੇ ਦਰੁਸਤ ਹੁੰਦੇ ਜਾਪਦੇ ਹਨ । ਕੇਂਦਰ ਇਸ ਤਰ੍ਹਾਂ ਕਰਨ ਨਾਲ ਸਿੱਖਾਂ ਨੂੰ ਪਾੜਨ ਤੇ ਲੜਾਉਣ ਵਿਚ ਕਾਮਯਾਬ ਹੋਇਆ ਹੈ । ਤੁਸਾਂ

ਸਾਥੀਆਂ ਦੀ ਤਾਕਤ ਗਵਾਈ ਅਤੇ ਕਾਂਗਰਸ ਸਿੱਖਾਂ ਵਿਚ ਫੁੱਟ ਫੂੰਘੀ ਕਰਕੇ ਘੱਟ ਗਈ । ਮੰਨਿਆ, ਬਹੁਸੰਮਤੀ ਤੁਹਾਡੇ ਨਾਲ ਸੀ, ਉਹਨਾਂ ਅਸੰਬਲੀ ਵੋਟਾਂ ਵਿਚ ਬਾਵਜੂਦ ਬਾਈਕਾਟ ਦੇ ਸਾਬਤ ਵੀ ਕੀਤਾ । ਪਰ ਜੇ ਸਮਝੌਤੇ ਵਿਚੋਂ ਪ੍ਰਾਪਤੀ ਕੁਝ ਨਾ ਹੋਈ ਤਾਂ ਬਹੁਗਿਣਤੀ ਕਦੇ ਵੀ ਵਿਰੁੱਧ ਖਲੋ ਸਕਦੀ ਹੈ । ਤੁਸਾਂ ਸੈਂਟਰ ਨੂੰ ਈਮਾਨਦਾਰ ਸਮਝ ਕੇ ਭਰੋਸਾ ਕੀਤਾ; ਪਰ ਤਜਰਬਾ ਉਸ ਨੂੰ ਗਲਤ ਤੇ ਲਾਰਾਲੱਪਾ ਸਾਬਤ ਕਰ ਰਿਹਾ ਹੈ । ਮੈਂ ਮੰਨਦਾ ਆਂ ਰਾਜਨੀਤੀ ਵਿਚ ਈਮਾਨਦਾਰੀ ਹੁੰਦੀ ਐ, ਪਰ ਫਿਰਕਾਪ੍ਰਸਤਾਂ ਵਿਚ ਕਦੇ ਨਹੀਂ ਹੁੰਦੀ । ਹ. ਮਤ ਤੇ ਕਾਂਗਰਸ ਦੇ ਸਰਬ ਸਰਬਾ ਹੁੰਦਿਆਂ ਰਾਜੀਵ ਨੇ ਸਾਰੇ ਹਿੰਦੁਸਤਾਨ ਵਿਚ ਖਾਸ ਤੌਰ ਤੇ ਦਿੱਲੀ ਵਿਚ ਤਿੰਨ ਦਿਨ ਕਤਲਾਮ ਹੁੰਦੀ ਅਸਲੋਂ ਅੱਖੋਂ ਪਰੋਖੇ ਕਰ ਦਿਤੀ, ਜਿਵੇਂ ਮਾਰੇ ਜਾਣ ਵਾਲੇ ਇਨਸਾਨ ਨਹੀਂ, ਮੱਛਰ ਮੱਖੀਆਂ ਸਨ । ਸਮਝੌਤੇ ਵਿਚ ਤੁਹਾਡੀਆਂ ਅੱਖਾਂ ਪੂੰਝਣ ਲਈ ਕਮਿਸ਼ਨ ਬਣਾ ਦਿਤੇ । ਪਹਿਲੇ ਕਮਿਸ਼ਨਾਂ ਕਦੋਂ ਸਿੱਖਾਂ ਨੂੰ ਨਿਆਂ ਦਿੱਤਾ ਏ, ਜਿਹੜਾ ਇਹ ਦੇਵੇਗਾ । ਜਦੋਂ ਕਮਿਸ਼ਨ ਦੇ ਸਿਰ ਤੇ ਡੰਡਾ ਹੋਵੇ ਨਿਆਂ ਵਾਲੀ ਗੱਲ ਸੋਚਣਾ ਈ ਗਲਤ ਐ । ਸਮਝੌਤੇ ਦੀ ਸਾਰਥਕਤਾ ਤਦ ਸੀ, ਰਾਜੀਵ ਲੌਂਗੋਵਾਲ ਬੈਠਕ ਵਿਚ ਹੀ ਜੋ ਲੈਣਾ ਦੇਣਾ ਸੀ, ਲਿਆ ਦਿਤਾ ਜਾਂਦਾ । ਗਰਮ ਲੋਹੇ ਦੀ ਵੱਤ ਤੁਸਾਂ ਗਵਾ ਲਈ । ਹੁਣ ਮੀਟਿੰਗਾਂ ਕਮਿਸ਼ਨਾਂ ਤੁਹਾਨੂੰ ਖੁਆਰ ਹੀ ਕਰਨਾ ਹੈ । ਕਿਉਂਕਿ ਨੀਅਤ ਕਾਣੀ ਤੌਂ ਬਿਨਾਂ ਤਾਕਤ ਉਹਨਾਂ ਦੇ ਨਾਲ ਹੈ । ਇਹ ਮਤ ਸੋਚਣਾ ਕਿ ਹਰਿਆਣਾ ਲੜ ਰਿਹਾ ਹੈ । ਕਿਆ ਪਿੱਦੀ ਕਿਆ ਪਿੱਦੀ ਕਾ ਸ਼ੋਰਬਾ । ਇਕੋਂ ਸਧ ਦੀ ਭੂਰੀ ਤੇ ਐ ਤੇ ਇਸ ਹਮਾਮ ਵਿਚ ਸਭ ਨੰਗੇ ਐ । ਬਾਰ ਬਾਰ ਇਤਬਾਰ ਕਰੋਗੇ, ਲੋਕਾਂ ਵਿਚੋਂ ਮਰੋਗੇ।

ਹੁਣ ਸ਼ਾਇਦ ਤੁਸੀ ਅਨਿਆਂ ਵਿਰੁੱਧ ਵੱਧ ਤੋਂ ਵੱਧ ਰੋਸ ਹੀ ਕਰ ਸਕੋ । ਜਿਸ ਨੂੰ ਤਾਕਤ ਹਮੇਸ਼ਾਂ ਰੱਦੀ ਦੀ ਟੋਕਰੀ ਵਿਚ ਸੁੱਟ ਦੇਂਦੀ ਰਹੀ ਹੈ। ਜੇ ਸਮਝੌਤਾ ਸਾਰੀ ਕੌਮ ਨੂੰ ਇਕਮੁੱਠ ਕਰਕੇ ਕੀਤਾ ਹੁੰਦਾ, ਇਸ ਦੀ ਤਾਰੀਖੀ ਅਹਿਮੀਅਤ ਹੀ ਹੋਰ ਹੋਣੀ ਸੀ । ਕਾਂਗਰਸ ਦੀ ਚੁਸਤੀ ਨੇ ਤੁਹਾਨੂੰ ਆਪਣੇ ਘਰ ਵਿਚ ਭਰਾਵਾਂ ਨਾਲ ਗੁਥਮ-ਗੁੱਥਾ ਹੋਣ ਦੇ ਰਾਹ ਪਾ ਲਿਆ ਹੈ । ਚੰਗੇਰੇ ਸਿੱਟਿਆਂ ਦੀ ਆਸ ਦੂਰ ਹੀ ਦੂਰ ਹੁੰਦੀ ਜਾ ਰਹੀ ਹੈ ।

ਦਰਿਆਈ ਪਾਣੀ

ਚੰਡੀਗੜ੍ਹ ਦਾ ਫੈਸਲਾ ਹੋਇਆ ਨਹੀਂ ਤੇ ਪਾਣੀਆਂ ਉਤੇ ਜਸਟਿਸ ਬਾਲਾ ਕ੍ਰਿਸ਼ਨਾਂ ਅਰੈਡੀ ਨੂੰ ਕਮਿਸ਼ਨ ਵਜੋਂ ਲਿਆ ਬਹਾਇਆ । ਪਹਿਲਾਂ ਦੇ ਸਮਝੌਤੇ ਕਾਂਗਰਸੀਆਂ ਦੀ ਮਿਲੀਭੁਗਤ ਨਾਲ ਹੋਏ ਸਨ । ਕਾਂਗਰਸੀ ਪੰਜਾਬ ਦੇ ਹਿੱਤਾਂ

ਨਾਲੋਂ ਕੁਰਸੀ ਨੂੰ ਪਿਆਰੀ ਸਮਝਦੇ ਸਨ । ਇਸ ਤਰ੍ਹਾਂ ਸਾਰੇ ਸਮਝੌਤਿਆਂ ਉਤੇ ਜ਼ਬਰਦਸਤੀ ਅੰਗੂਠੇ ਲਗਾਏ ਗਏ ।

ਹੁਣ ਇਸ ਰੇੜਕੇ ਨੂੰ ਬੁਨਿਆਦੀ ਪੱਖੋਂ ਭਾਵ ਕੌਮਾਂਤਰੀ ਕਾਨੂੰਨ ਰਾਹੀਂ ਨਜਿਠਿਆ ਜਾਵੇ । ਪਹਿਲਾਂ ਸੈਂਟਰ ਦੇ ਦਬਾਅ ਹੇਠ ਕੀਤੇ ਸਾਰੇ ਸਮਝੌਤੇ ਰੱਦ ਕੀਤੇ ਜਾਣ। ਸਵਾਲਾਂ ਦਾ ਸਵਾਲ ਹੈ, ਤਿੰਨੇ ਦਰਿਆ ਪੰਜਾਬ ਦੇ ਹਨ ਜਾਂ ਹਰਿਆਣੇ, ਰਾਜਸਥਾਨ ਦੇ । ਰਾਜਸਥਾਨ ਤੋਂ ਹਰਿਆਣੇ ਦੀ ਸੀਮਾ ਕਈ ਕੋਹਾਂ ਸਤਲੁਜ ਤੋਂ ਪਰ੍ਹਾਂ ਰਹਿ ਜਾਂਦੀ ਹੈ । ਕੌਮਾਂਤਰੀ ਕਾਨੂੰਨ ਅਨੁਸਾਰ ਦਰਿਆ ਉਸ ਦੇ, ਜਿਸ ਦੀ ਹੱਦ ਵਿਚ ਵਗਦੇ ਹਨ । ਫਿਰ ਇਹਨਾਂ ਦਾ ਦਾਅਵਾ ਕਾਹਦਾ ? ਪਾਣੀ ਪੰਜਾਬ ਦੀ ਕੁਦਰਤੀ ਦੌਲਤ ਐ । ਹੁਣ ਵਕਤ ਆ ਗਿਆ ਹੈ, ਇਸ ਨੂੰ ਮੁਫਤ ਨਾ ਲੁਟਾਇਆ ਜਾਵੇ। ਜੇ ਪਾਣੀ ਦੀ ਮਾਲਕੀ ਸਾਡੀ ਐ ਤਾਂ ਬਿਜਲੀ ਵੀ ਸਾਡੀ ਐ । ਬਿਜਲੀ ਤੇ ਪਾਣੀ ਦੇ ਮਸਲੇ ਵਿਚ ਨਰਮ ਵਤੀਰਾ ਪੰਜਾਬ ਦੇ ਢਿੱਡ ਵਿਚ ਲੱਤ ਮਾਰਨ ਵਾਲੀ ਗੱਲ ਹੋਵੇਗੀ । ਜੇ ਕਿਸੇ ਦਾ ਬਿਜਲੀ ਪ੍ਰੋਜੈਕਟਾਂ ਵਿਚ ਪੈਸਾ ਲਗਾ ਹੈ, ਕਰਜ਼ੇ ਦੀ ਸ਼ਕਲ ਵਿਚ ਵਾਪਸ ਕੀਤਾ ਜਾ ਸਕਦਾ ਹੈ । ਪਰ ਹੁਣ ਤਕ ਵਰਤੀ ਬਿਜਲੀ ਅਤੇ ਪਾਣੀ ਦਾ ਬਾਣੀਆ ਹਿਸਾਬ ਬਰਾਬਰ ਕੀਤਾ ਜਾਵੇ । ਇਹ ਦਲੀਲ ਸਾਹਮਣੇ ਰਖੀ ਜਾਵੇ, ਬਾਣੀਆਂ ਨੂੰ ਗੁਜਰਾਤੀ ਬਣ ਕੇ ਟਕਰਿਆ ਜਾਵੇ, ਰਾਜਸਥਾਨ ਨੂੰ ਸੁਪਰੀਮ ਕੋਰਟ ਨੇ ਨਰਬਦਾ ਨਦੀ ਦੇ ਪਾਣੀ ਤੋਂ ਕੋਰਾ ਜਵਾਬ ਕਿਉਂ ਦਿੱਤਾ।

ਬੁਨਿਆਦੀ ਸਟੈਂਡ ਕੌਮਾਂਤਰੀ ਕਾਨੂੰਨ ਦਾ ਨਾ ਛਡਿਆ ਜਾਵੇ । ਮੇਰਾ ਵਿਸ਼ਵਾਸ ਐ, ਪੰਜਾਬ ਨਾਲ ਧੱਕੇ ਕਰਨ ਵਾਲਿਆਂ ਦੀਆਂ ਆਪੇ ਅੱਖਾਂ ਖੁਲ੍ਹ ਜਾਣਗੀਆਂ। ਬਿਜਲੀ ਪਾਣੀ ਦੇ ਮਸਲੇ ਤੇ ਕਿਸੇ ਤਰ੍ਹਾਂ ਦੀ ਕਮਜ਼ੋਰੀ ਵਿਖਾਉਣਾ ਪੰਜਾਬ ਨੂੰ ਘਸਿਆਰਾ ਬਣਾਉਣ ਦੇ ਤੁਲ ਹੋਵੇਗਾ ।

ਇਕੱਲੀ ਪਾਰਟੀ- ਇਸ ਵਿਚ ਸ਼ੱਕ ਨਹੀਂ, ਪੰਜਾਬ ਦੇ ਹਿਤਾਂ ਦੀ ਰਾਖੀ ਲਈ ਇਕੱਲੀ ਅਕਾਲੀ ਪਾਰਟੀ ਲੜੀ ਹੈ ਤੇ ਲੋਕਾਂ ਵੀ ਉਧਾਰ ਮੋੜਿਆ ਹੈ। ਦੂਜੀਆਂ ਰਾਜਸੀ ਪਾਰਟੀਆਂ ਜਾਂ ਤਾਂ ਵਿਰੋਧਤਾ ਕੀਤੀ ਹੈ ਨਹੀਂ ਘੇਸਲ ਮਾਰ ਕੇ ਤਮਾਸ਼ਾ ਵੇਖਦੀਆਂ ਰਹੀਆਂ ਹਨ । ਅਕਾਲੀ ਪਾਰਟੀ ਲਈ ਇਕੱਲੀ ਮੇਰੀ ਜਾਨ ਤੇ ਸਾਰਾ ਸ਼ਿਮਲਾ ਵਾਲੀ ਗੱਲ ਰਹੀ ਹੈ । ਬੁਧੀਜੀਵੀਆਂ ਨੂੰ ਖੱਬੀਆਂ ਪਾਰਟੀਆਂ ਦੀ ਤਪਦਿਕ ਚੜ੍ਹੀ ਹੈ । ਉਨ੍ਹਾਂ ਸੱਚ ਬੋਲਣੋਂ ਮੂੰਹ ਸਿਊਂ ਲਏ ਹਨ । ਇਸ ਨੂੰ ਸਮੇਂ ਦੀ ਮਾਰਕਸੀ ਈਮਾਨਦਾਰੀ ਆਖਦੇ ਐ ।

ਜਦੋਂ ਬਾਹਰੋਂ ਮਾਰ ਪਵੇ, ਘਰ ਨੂੰ ਹੀ ਭੱਜੀਦਾ ਏ । ਆਪਣੇ ਭਰਾਵਾਂ ਬਿਨਾਂ ਕੋਈ ਲਾਗੇ ਨਹੀਂ ਹੁੰਦਾ । ਜਦੋਂ ਰਾਜਸੀ ਪਾਰਟੀਆਂ ਤੁਹਾਡਾ ਵਿਰੋਧ ਕਰ ਰਹੀਆਂ

ਹਨ, ਹਰਿਆਣਾ ਤੇ ਸੈਂਟਰ ਜਾਣ ਬੁਝ ਕੇ ਹਿੰਦੂ ਸਿੱਖ ਦੇ ਸਵਾਲ ਨੂੰ ਸੁਆਰਥੀ ਹਿੱਤਾਂ ਲਈ ਅੱਗੇ ਲਿਆ ਰਿਹਾ ਹੈ, ਤੁਹਾਨੂੰ ਸਮੁੱਚੇ ਪੰਜਾਬੀ ਕੌਮੀਅਤ ਦੇ ਸਟੈਂਡ ਉੱਤੇ ਹੋਰ ਮਜ਼ਬੂਤੀ ਨਾਲ ਡੱਟ ਜਾਣਾ ਚਾਹੀਦਾ ਹੈ ।

ਸਿੱਖਾਂ ਵਿਚ ਆਈ ਫੁਟ ਪਲੇਗ ਨਹੀਂ ਹੈਜ਼ਾ ਬਣ ਚੁੱਕੀ ਹੈ । ਪੜਤਾਲ ਹੋਣੀ ਚਾਹੀਦੀ ਹੈ, ਇਸ ਫੁੱਟ ਦੇ ਜਾਇਜ਼ ਕਾਰਨ ਵੀ ਹੋ ਸਕਦੇ ਹਨ । ਤੁਹਾਡੇ ਕੋਲ ਸਹਿਨਸ਼ੀਲਤਾ ਹੈ, ਵਿਰੋਧੀਆਂ ਨੂੰ ਸਮਾਂ ਕੱਢ ਕੇ ਆਪ ਸੁਣੋ । ਵਿਚੋਲਿਆਂ ਨਾਲ ਕਈ ਵਾਰ ਗੱਲ ਵਿਗੜ ਜਾਂਦੀ ਹੈ । ਮੁਸੀਬਤ ਮਾਰਿਆਂ ਨਾਲ ਮੁਆਵਜ਼ੇ ਦੇਣ ਵਿਚ ਘਪਲੇ ਹੋਏ ਹਨ । ਮੈਨੂੰ ਸਬੂਤਾਂ ਨਾਲ ਚਿੱਠੀਆਂ ਮਿਲੀਆਂ ਹਨ । ਕਈ ਹੱਕਦਾਰਾਂ ਨੂੰ ਹੱਕ ਨਹੀਂ ਮਿਲੇ । ਸ਼੍ਰੋ: ਗੁ: ਪ੍ਰ: ਕਮੇਟੀ ਤੋਂ ਵੀ ਮੁਆਵਜ਼ੇ ਦੇਣ ਵਿਚ ਉਕਾਈਆਂ ਹੋਈਆਂ ਹਨ । ਤੁਸੀਂ ਉਹਨਾਂ ਦੀ ਗੱਲ ਨਹੀਂ ਸੁਣੋਗੇ, ਤ੍ਰੇੜ ਹੋਰ ਵਧੇਗੀ । ਹਰ ਬੀਮਾਰੀ ਦਾ ਇਲਾਜ ਐ ਤੇ ਈਮਾਨਦਾਰੀ ਨਾਲ ਲੱਭਿਆ ਜਾ ਸਕਦਾ ਹੈ । ਸੰਗਤ ਦੇ ਸਾਂਝੇ ਵਿਚਾਰ, ਤਿਆਗ, ਕੁਰਬਾਨੀ ਤੇ ਨਿਸ਼ਕਾਮ ਸੇਵਾ ਆਦਿ ਪੱਖ ਤਜਰਬੇ ਵਿਚ ਆਈਆਂ ਇਤਿਹਾਸਕ ਮਿਸਾਲਾਂ ਹਨ । ਇਹ ਗੱਲ ਪੱਕੀ ਐ ਭਾਈ ਸਾਹਿਬ, ਜੇ ਖਾਲਸਾ ਇਸ ਤਰ੍ਹਾਂ ਹੀ ਛਿਤਰੀਂ ਦਾਲ ਵੰਡਦਾ ਰਿਹਾ, ਇਕ ਦੂਜੇ ਦੇ ਜੁੰਡੇ ਪੁਟਦਾ ਰਿਹਾ, ਇਤਿਹਾਸਕ ਮੂੰਹ ਕਾਲਖ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਖਲੋਤੀ ਐ 'ਤੇ ਆਗੂ ਉਹਦੀ ਮਾਰ ਤੋਂ ਬਚ ਨਹੀਂ ਸਕਣਗੇ । ਸੰਕਟ ਦੇ ਸਮੇਂ ਵਿਚ ਅੰਦਰਲੇ ਬਾਹਰਲੇ ਦੁਸ਼ਮਣਾਂ ਨਾਲ ਨਜਿੱਠਣ ਲਈ ਪੰਥ ਦੀ ਫੌਰੀ ਏਕਤਾ ਚਾਹੀਦੀ ਹੈ । ....ਵਰਨਾ ਭਵਿੱਖ ਦਾ ਸ਼ੇਰ ਮੂੰਹ ਅੱਡੀ ਖਲੋਤਾ ਹੈ ! ਜੇ ਏਕਤਾ ਹੈ, ਸਭ ਕੁਝ ਹੈ । ਜੇ ਏਕਤਾ ਨਹੀਂ ਕੁਝ ਵੀ ਨਹੀਂ । ਬਾਹਰਲਿਆਂ ਦੀ ਯਾਰੀ ਬਹੁਤੀ ਲੜਾਉਣ ਵਾਸਤੇ ਹੁੰਦੀ ਹੈ, ਪ੍ਰਾਪਤੀ ਵਾਸਤੇ ਨਹੀਂ । ਏਕਤਾ ਅਜਿਹਾ ਬ੍ਰਿਛ ਹੈ, ਜਿਸ ਨੂੰ ਹਰ ਪ੍ਰਾਪਤੀ ਦਾ ਫਲ ਲਗਦਾ ਹੈ । ਇਹ ਏਕਤਾ ਲੋਕਾਂ ਨਹੀਂ ਆਗੂਆਂ ਕਰਨੀ ਐ । ਜੇ ਆਗੂ ਖੁਦਗਰਜ਼ ਨਿਕਲੇ, ਪੰਥ ਤੇ ਪੰਜਾਬ ਦੋਵੇਂ ਰਸਾਤਲ ਵਿਚ ਜਾਣਗੇ ।

ਹੋਰ ਪੱਖ - 'ਹੋਰ ਪੱਖ' ਸ਼ਬਦ ਸਮਝੌਤੇ ਵਿਚ ਕੀਹਨੇ ਪਾਏ ?ਜਦੋਂਕਿ ਦਸਤਖਤਾਂ ਵਾਲੇ ਲੌਂਗੋਵਾਲ ਰਾਜੀਵ ਸਮਝੌਤੇ ਵਿਚ ਨਹੀਂ ਸਨ । ਇਹ ਸ਼ਬਦ ਸੈਂਟਰ ਸਰਕਾਰ ਦੀ ਮਨਮਰਜ਼ੀ ਤੇ ਸੋਚੀ ਸਮਝੀ ਸਕੀਮ ਤਹਿਤ ਹੀ ਪਾਏ ਗਏ । ਹਰਿਆਣੇ ਦੀ ਨੰਗੀ ਚਿੱਟੀ ਮਦਦ ਅਤੇ ਸਹਾਇਤਾ ਦੀ ਕਾਨੂੰਨੀ ਸਬੀਲ ਬਣਾਉਣ ਲਈ ਅਜਿਹਾ ਕੀਤਾ ਗਿਆ । ਬਰਨਾਲਾ ਸਾਹਿਬ ਤੁਹਾਨੂੰ ਚਾਹੀਦਾ ਸੀ, ਉਦੋਂ ਹੀ ਸਮਝੌਤੇ ਵਿਚੋਂ ਇਹ ਸ਼ਬਦ ਕਢਵਾਉਂਦੇ ਜਾਂ 'ਹੋਰ ਪੱਖ' ਵਾਲਾ ਸਮਝੌਤਾ ਰੱਦ ਕਰਾਉਂਦੇ।

ਮੰਗ ਕਰਦੇ : ਉਸ ਆਦਮੀ ਨੂੰ ਨੰਗਾ ਕਰੋ, ਜਿਸ ਇਹ ਕੁਪਿਤ ਕੀਤੀ ਐ। ਦੋ ਮੁਖੀਆਂ ਦੇ ਸਹਿਮਤੀ ਵਾਲੇ ਸਮਝੌਤੇ ਵਿਚ ਗੜਬੜ ਪਾਉਣ ਦੇ ਦੋਸ਼ ਵਿਚ ਉਸ ਸੈਕਟਰੀ ਨੂੰ ਸਜ਼ਾ ਦਿੱਤੀ ਜਾਂਦੀ, ਉਸ ਅਫਸਰ ਨੂੰ ਕੁਝ ਨਹੀਂ ਆਖਿਆ ਗਿਆ। ਜਿਸ ਦਾ ਮਤਲਬ ਸਾਫ਼ ਹੈ, ਸੈਂਟਰ ਸਰਕਾਰ ਦੀ ਮਿਲੀਭੁਗਤ ਸੀ। ਰਾਜੀਵ ਨੇ ਮਲੂਮੀ ਜ਼ਬਾਨ ਨਾਲ ਕਹਿ ਦਿੱਤਾ ਸ਼ਬਦ ਭੁਲ ਕੇ ਪੈ ਗਏ ਹਨ, ਇਹਨਾਂ ਨੂੰ ਸਮਝੌਤੇ ਵਿਚ ਲਾਗੂ ਨਹੀਂ ਹੋਣ ਦਿਤਾ ਜਾਵੇਗਾ। ਤੁਸਾਂ ਇਤਬਾਰ ਕਰ ਲਿਆ। ਚਾਹੀਦਾ ਸੀ, ਤੁਸੀਂ ਉਥੇ ਈ ਅੜ ਜਾਂਦੇ। ਹੋਇਆ ਪੰਜਾਬ ਦੇ ਹਿੱਤਾਂ ਦੇ ਵਿਰੁੱਧ। ਮੈਥਿਊ ਕਮਿਸ਼ਨ ਨੇ 'ਹੋਰ ਪੱਖਾਂ' ਦੀ ਆੜ ਵਿਚ ਫਾਜ਼ਿਲਕਾ ਤੇ ਮੁਕਤਸਰ ਦੇ ਚੁਰੰਜਾ ਪਿੰਡਾਂ ਵਿਚ ਰਾਇਸ਼ੁਮਾਰੀ ਦਾ ਹੁਕਮ ਦੇ ਦਿਤਾ। ਰਾਇਸ਼ੁਮਾਰੀ ਕਰਨ ਵਾਲਿਆਂ ਨੂੰ ਹੁਕਮ ਦੇਣ ਤੋਂ ਪਹਿਲਾਂ ਹੀ ਟਰੇਨਿੰਗ ਦਿਤੀ ਜਾ ਰਹੀ ਸੀ। ਸਮਝੌਤੇ ਵਿਚ ਨਵੀਂ ਰਾਇਸ਼ੁਮਾਰੀ ਦਾ ਜ਼ਿਕਰ ਤਕ ਨਹੀਂ ਸੀ। 1981 ਦੀ ਮਰਦਮ-ਸ਼ੁਮਾਰੀ ਨੂੰ ਛਿੱਕੇ ਟੰਗ ਦਿੱਤਾ ਜਦੋਂ ਪੰਜਾਬ ਹਰਿਆਣਾ ਬਣ ਰਿਹਾ ਸੀ, ਉਦੋਂ 1961 ਦੀ ਮਰਦਮਸ਼ੁਮਾਰੀ ਨੂੰ ਮੁੱਖ ਰੱਖ ਲਿਆ। ਇਹਦਾ ਮਤਲਬ ਐ, ਮਿੱਠਾ ਮਿੱਠਾ ਅੜੱਪ, ਕੌੜਾ ਕੌੜਾ ਥੂਹ। ਕੀ 1981 ਦੀ ਮਰਦਮਸ਼ੁਮਾਰੀ ਕਿਸੇ ਬਾਹਰਲੇ ਦੇਸ਼ ਨੇ ਕੀਤੀ ਸੀ ? ਨਹੀਂ, ਉਹਦੇ ਅੰਕੜੇ ਪੰਜਾਬ ਦੇ ਹੱਕ ਵਿਚ ਜਾਂਦੇ ਸਨ। ਬਰਨਾਲਾ ਜੀ ਇਹ ਲੋਕ ਕਹਿੰਦੇ ਕੁਝ ਐ ਤੇ ਕਮਾਉਂਦੇ ਕੁਝ ਐ, ਸੱਚ ਵਰਗੇ ਪਾਲਿਸ਼ ਝੂਠ ਤੁਹਾਨੂੰ ਵਲੀ ਆ ਰਹੇ ਐ। ਅਜਿਹਾ ਨਾ ਹੋਵੇ, ਥਾਪੜੀਆਂ ਦੇਂਦੀਆਂ ਲਹਿਰਾਂ ਤੁਹਾਨੂੰ ਕਿਨਾਰੇ ਤੋਂ ਦੂਰ ਲੈ ਜਾਣ ਤੇ ਸਿੱਖ ਜਗਤ ਤੁਹਾਨੂੰ ਭੰਵਰ ਦੇ ਮੂੰਹ ਪੈਂਦਿਆਂ ਨੂੰ ਵੇਖਦਾ ਹੀ ਰਹਿ ਜਾਵੇ।

ਵੀਰ ਮੇਰਿਆ। ਮੈਨੂੰ ਯਕੀਨ ਹੁੰਦਾ ਜਾ ਰਿਹਾ ਏ, ਇਹ ਸਮਝੌਤਾ ਤੁਹਾਨੂੰ ਇਕ ਦਿਨ ਰੱਦ ਕਰਨਾ ਪੈਣਾ ਏ। ਮੱਝ ਕਿੰਨੀ ਪੰਜ ਕਲਿਆਣੀ ਹੋਵੇ, ਜੇ ਧਾਰ ਨਾ ਦੇਵੇ ਟੱਬੇ ਮਾਰ ਕੇ ਦਰੋਂ ਬਾਹਰ ਕੱਢ ਦੇਈਦੀ ਹੈ। ਜਨੇਊ ਜੇ ਗਲ ਘੁਟਦਾ ਹੋਵੇ, ਤੋੜਨਾ ਹੀ ਪੈਂਦਾ ਹੈ।

ਸੋਗ ਮਤਾ- ਇੰਦਰਾ ਗਾਂਧੀ ਦਾ ਅਸੰਬਲੀ ਵਿਚ ਸੋਗ ਮਤਾ ਕਰਨਾ ਮੇਰੇ ਖ਼ਿਆਲ ਵਿਚ ਗਲਤ ਸੀ। ਇਸ ਦਾ ਇਹ ਵੀ ਮਤਲਬ ਨਿਕਲ ਸਕਦਾ ਹੈ ਕਿ ਇੰਦਰਾ ਦਰਬਾਰ ਸਾਹਿਬ ਉਤੇ ਹਮਲੇ ਅਤੇ ਹਜ਼ਾਰਾਂ ਬੇਗੁਨਾਹ ਯਾਤਰੀਆਂ ਦੇ ਕਤਲਾਮ ਵਿਚ ਮੁਖ ਦੋਸ਼ੀ ਨਹੀਂ ਸੀ। ਹਮਲੇ ਤੋਂ ਤਿੰਨ ਦਿਨ ਪਹਿਲਾਂ ਉਹ ਕਹਿ ਰਹੀ ਸੀ, ਦਰਬਾਰ ਸਾਹਿਬ ਉਤੇ ਹਮਲਾ ਨਹੀਂ ਹੋਵੇਗਾ। ਪਰ ਦੂਜੇ ਪਾਸੇ ਇਕ ਮਹੀਨੇ ਤੋਂ ਕਮਾਂਡੋਜ਼ ਨੂੰ ਹਮਲੇ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਸੀ। ਅਹਿਮਦ

ਸ਼ਾਹ ਅਬਦਾਲੀ ਨੇ ਬਾਰੂਦ ਭਰ ਕੇ ਹਰਿਮੰਦਰ ਸਾਹਿਬ ਨੂੰ ਉਡਾਇਆ ਸੀ, ਪਰ ਇੰਦਰਾ ਦੇ ਹਮਲੇ ਵਿਚ ਹਜ਼ਾਰਾਂ ਜਾਨਾਂ ਜਿਹਨਾਂ ਵਿਚ ਬੱਚੇ, ਬੁੱਢੇ ਤੇ ਇਸਤਰੀਆਂ ਵੀ ਸ਼ਾਮਲ ਸਨ, ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ । ਕੀ ਸਿੱਖ ਇਤਿਹਾਸ ਤੇ ਸਿੱਖ ਜਗਤ ਇੰਦਰਾ ਨੂੰ ਮਾਫ ਕਰ ਦੇਵੇਗਾ ? ਸੋਗ ਮਤਾ ਸਿੱਖ ਰਵਾਇਤਾਂ ਦੇ ਉਲਟ ਸੀ ।

ਰਾਇਸ਼ੁਮਾਰੀ- ਹਰਿਆਣੇ ਨੂੰ ਰਾਇਸ਼ੁਮਾਰੀ ਕਰਵਾਉਣ ਦਾ ਕਈ ਮਹੀਨੇ ਪਹਿਲਾਂ ਸੰਕੇਤ ਮਿਲ ਚੁੱਕਾ ਸੀ । ਪਰ ਤੁਹਾਨੂੰ ਦਿਨ ਦੇ ਦਿਨ ਪਤਾ ਲੱਗਾ । ਫਾਜ਼ਿਲਕਾ ਅਬੋਹਰ ਦੇ ਹਿੰਦੂ ਵਪਾਰੀ ਭਜਨ ਲਾਲ ਨਾਲ ਸਾਜ ਬਾਜ ਕਰਦੇ ਰਹੇ । ਉਹਨਾਂ ਕਿੰਨਾ ਹੀ ਫੰਡ ਇਕੱਤਰ ਕਰਕੇ ਰਾਇਸ਼ੁਮਾਰੀ ਸਮੇਂ ਪਿੰਡਾਂ ਵਿਚ ਵੰਡਿਆ । ਰਾਇ ਸਿੱਖਾਂ ਨੂੰ ਪੰਜ ਪੰਜ ਕਿਲੇ ਜ਼ਮੀਨ ਦਾ ਲਾਲਚ ਹਿੰਦੀ ਜ਼ਬਾਨ ਲਿਖਾਉਣ ਲਈ ਦਿਤਾ ਗਿਆ, ਤੇ ਆਖਿਆ ਗਿਆ, ਸਿੱਖ ਜੱਟਾਂ ਨੂੰ ਏਥੋਂ ਭਜਾ ਦੇਣਾ ਹੈ ਤੇ ਉਹਨਾਂ ਦੀਆਂ ਜ਼ਮੀਨਾਂ ਤੁਹਾਡੇ ਵਿਚ ਵੰਡ ਦੇਣੀਆਂ ਹਨ । ਭੋਲੇ ਰਾਇ ਸਿੱਖਾਂ ਜ਼ਮੀਨ ਦੇ ਲਾਲਚ ਵਿਚ ਆਪਣੀ ਬੋਲੀ ਹਿੰਦੀ ਲਿਖਵਾਈ । ਤੁਸੀਂ ਪੜਤਾਲ ਕਰਾ ਲਵੋ ।

ਰਾਇਸ਼ੁਮਾਰੀ ਕਰਨ ਵਾਲੇ ਸਾਰੇ ਦੇ ਸਾਰੇ ਬਾਰਾਂ ਸੌ ਹਿੰਦੂ ਸਨ । ਵਿਰਲਾ ਹੀ ਮੁਸਲਮਾਨ ਹੋਵੇਗਾ, ਪਰ ਸਿੱਖ ਕੋਈ ਨਹੀਂ । ਤੁਸੀਂ ਸੈਂਟਰ ਦੀ ਨੀਅਤ ਵੇਖ ਲਵੋ । ਬਹੁਤੇ ਪਿੰਡਾਂ ਵਿਚ ਘਰ ਦੇ ਮੁਖੀ ਦੇ ਬੋਲੀ ਸਬੰਧੀ ਦਸਤਖਤ ਵੀ ਨਹੀਂ ਕਰਵਾਏ ਗਏ । ਜ਼ਬਾਨ ਦੇ ਖਾਨੇ ਵਿਚ ਹਿੰਦੀ ਪੰਜਾਬੀ ਦੀ ਆਮ ਕਟਿੰਗ ਵੇਖੀ ਗਈ । ਦਸਖਤਾਂ ਤੋਂ ਬਿਨਾਂ ਜਿਵੇਂ ਮਰਜ਼ੀ ਕੱਟ ਵੱਢ ਕੀਤੀ ਜਾ ਸਕਦੀ ਹੈ । ਲਿਖਣ ਵਾਲੇ ਹਿੰਦੂ, ਚੈੱਕ ਕਰਨ ਵਾਲੇ ਹਿੰਦੂ, ਫਿਰ ਪੰਜਾਬ ਤੇ ਸਿੱਖਾਂ ਲਈ ਨਿਆਂ ਕਿਥੇ । ਸੈਂਟਰ ਨੇ ਆਪਣੀਆਂ ਗਲਤੀਆਂ ਨਾਲ ਮਸਲਾ ਹਿੰਦੀ ਪੰਜਾਬੀ ਦਾ ਨਹੀਂ, ਸਗੋਂ ਸਿੱਖ ਹਿੰਦੂ ਦਾ ਬਣਾ ਦਿੱਤਾ ਹੈ ਤੇ ਇਹ ਪਾੜ ਦਿਨੋ ਦਿਨ ਵੱਧਦਾ ਜਾ ਰਿਹਾ ਹੈ ! ਅਪੀਲਾਂ ਹਿੰਦੂ ਸਿੱਖ ਏਕਤਾ ਦੀਆਂ, ਅਮਲ ਪਾਟੋ-ਧਾੜ ਵਾਲੇ । 'ਮੂੰਹ ਵਿਚ ਰਾਮ ਰਾਮ ਬਗਲ ਵਿਚ ਛੁਰੀ' ਤੁਹਾਡੇ ਬੈਠਿਆਂ ਹਰਿਆਣੇ ਦੀਆਂ ਧਾੜਾਂ ਰੋਕ ਕੇ ਜੇ ਕੰਦੂਖੇੜੇ ਦੀ ਰਾਖੀ ਨਾ ਕੀਤੀ ਹੁੰਦੀ ਭਜਨ ਲਾਲ ਦੀਆਂ, ਪੰਜੇ ਘਿਉ ਵਿਚ ਹੋ ਗਈਆਂ ਸਨ । ਰਾਇਸ਼ੁਮਾਰੀ ਸਮਝੌਤੇ ਦੇ ਵਿਰੁੱਧ ਸੀ, ਤੁਸਾਂ ਸਵੀਕਾਰ ਨਹੀਂ ਕਰਨੀ ਸੀ । ਇੰਦਰ ਕੁਮਾਰ ਗੁਜਰਾਲ ਤੇ ਹੋਰ ਵਿਦਵਾਨਾਂ ਇਸ ਨੂੰ ਗਲਤ ਆਖਿਆ । ਪਤਾ ਨਹੀਂ ਤੁਸਾਂ ਕਿਵੇਂ ਭਰੋਸਾ ਕਰ ਲਿਆ । ਰਾਇਸ਼ੁਮਾਰੀ ਦੀ ਰੀਤ ਤੁਰੀ ਤਾਂ ਚੰਡੀਗੜ੍ਹ ਦੇ ਫਿਰਕਾਪ੍ਰਸਤਾਂ ਵੀ ਵਾਵੇਲਾ ਸ਼ੁਰੂ

ਕਰ ਦਿਤਾ । ਕਲ੍ਹ ਨੂੰ ਜਲੰਧਰ, ਅੰਮ੍ਰਿਤਸਰ, ਜੰਮੂ- ਕਸ਼ਮੀਰ ਤੇ ਨਾਗਾਲੈਂਡ ਦੀ ਵਾਰੀ ਵੀ ਆ ਸਕਦੀ ਹੈ । ਸ਼ਾਇਦ ਇਉਂ ਹਿੰਦੁਸਤਾਨ ਖੇਰੂੰ ਖੇਰੂੰ ਹੋਣ ਦੇ ਰਾਹ ਪੈ ਜਾਵੇ । ਇਹ ਸਭ ਕੁਝ ਸੈਂਟਰ ਦੇ ਅਮਲਾਂ ਨਾਲ ਹੋਈ ਜਾ ਰਿਹਾ ਹੈ ।

ਚਾਹੀਦਾ ਵੱਧ ਤੋਂ ਵੱਧ ਇਹ ਸੀ ਕਿ ਭਾਸ਼ਾ ਵਿਗਿਆਨੀ ਚੁੱਪ ਚਾਪ ਫਿਰ ਕੇ ਰਿਪੋਰਟ ਦੇਂਦੇ ਕਿ ਫਲਾਂ ਇਲਾਕੇ ਦੀਬੋਲੀ ਕੀ ਹੈ । ਮੈਥਿਊ ਕਮਿਸ਼ਨ ਨੇ ਇਸ ਜਟਿਲ ਸਮੱਸਿਆ ਨੂੰ ਹਿੰਦੂ ਸਿਖ ਦੀਆਂ ਇਕਾਈਆਂ ਵਿਚ ਵੰਡ ਦਿੱਤਾ। ਪੰਜਾਬੀ ਸੂਬਾ ਵੀ ਜ਼ਬਾਨ ਦੇ ਅਧਾਰ ਤੇ ਨਹੀਂ, ਸਗੋਂ ਹਿੰਦੂ ਸਿਖ ਦੀ ਵਸੋਂ ਨੂੰ ਮੁੱਖ ਰੱਖ ਕੇ ਹੀ ਘੜਿਆ ਗਿਆ ਸੀ । ਪੰਜਾਬੀ ਵਿਚਾਰੀ ਨੂੰ ਤਾਂ ਪੁੱਛਿਆ ਈ ਨਹੀਂ ਗਿਆ । ਗੱਲ ਹਿੰਦੂ ਸਿਖ ਵਿਚ ਵਟਦੀ ਜਾ ਰਹੀ ਹੈ । ਉਂਝ ਹਿੰਦ ਸਰਕਾਰ ਰੇਡੀਓ, ਟੀ. ਵੀ. ਕੌਮੀ ਪ੍ਰੈਸ ਤੇ ਯੂਨੀਵਰਸਿਟੀਆਂ ਆਦਿ ਰਾਹੀਂ ਫਿਰਕੂ ਸਦਭਾਵਨਾ ਦੇ ਸੈਮੀਨਾਰ ਕਰਵਾਉਂਦੀ ਨਹੀਂ ਥਕਦੀ ।

ਭਰਾਵਾ, ਦਲਾਲ ਗਾਹਕ ਨਾਲ ਰਲਿਆ ਏ, ਖੋਤੇ ਦੇ ਮੁੱਲ ਵਿਚ ਗਲ ਦਾ ਲਾਲ ਮੁਫਤ ਹਾਸਲ ਕਰਨ ਨੂੰ ਫਿਰਦੇ ਐ । ਉਨ੍ਹਾਂ ਲਾਲ ਖੋਹਣਾ ਵੀ ਐ ਤੇ ਕਾਨੂੰਨੀ ਪੱਖੋਂ ਸੌਂਚੇ ਵੀ ਰਹਿਣਾ ਏ । ਮਾਰ ਹਮੇਸ਼ਾਂ ਮਾੜੇ ਨੂੰ ਪਈ ਐ ਤੇ ਹੁਣ ਵੀ ਪਏਗੀ । ਐਨਾ ਕੁ ਜ਼ਰੂਰ ਸੋਚ ਲੈਣਾ, ਪੰਜਾਬ ਨੂੰ ਮਾਰ ਪਈ ਤਾਂ ਸਿਆਸਤ ਤੁਹਾਡਾ ਪੱਤਾ ਪਹਿਲਾਂ ਕਟੇਗੀ ।

ਪੰਥ ਦਰਦੀ ਗਰਮ ਖਿਆਲੀਆਂ ਬਾਰੇ ਕਹਿਣਾ ਚਾਹੁੰਦਾ ਆਂ, ਉਹਨਾਂ ਨੂੰ ਬਰਨਾਲੇ ਦੇ ਰਾਜ ਅਤੇ ਗਵਰਨਰੀ ਰਾਜ ਵਿਚੋਂ ਇਕ ਨੂੰ ਹਰ ਹਾਲਤ ਵਿਚ ਚੁਣਨਾ ਪਵੇਗਾ । ਕਿਉਂਕਿ ਜੇ ਬਰਨਾਲਾ ਨਹੀਂ ਰਹੇਗਾ ਤਾਂ ਗਵਰਨਰੀ ਰਾਜ ਅਵੱਸ਼ ਆਏਗਾ, ਜਿਸਦੇ ਨਤੀਜੇ ਪਹਿਲਾਂ ਭੁਗਤ ਚੁੱਕੇ ਹਨ । ਸਿੱਖਾਂ ਵਿਚ ਟਕਰਾਓ ਦੀ ਨੀਤੀ ਬੁਨਿਆਦੀ ਤੌਰ ਤੇ ਗਲਤ ਐ । ਫਿਰਕੂ ਤੇ ਨੈਸ਼ਨਲ ਪ੍ਰੈਸ ਲੜਾਉਣਾ ਚਾਹੁੰਦਾ ਐ । ਸਿੱਖਾਂ ਦੇ ਆਪਸ ਵਿਚ ਲੜਨ ਮਰਨ ਨਾਲ ਸੈਂਟਰ ਤੇ ਹਰਿਆਣਾ ਚਾਘੀਆਂ ਪਾਵੇਗਾ । ਸੋਚਣਾ ਇਹ ਹੈ ਕਿ ਵੱਡਾ ਦੁਸ਼ਮਣ ਕੌਣ ਐ ? ਅਸਾਂ ਹਾਸਲ ਕੀ ਕਰਨਾ ਹੈ ?

ਅਕਾਲੀ ਪਾਰਟੀ ਨੂੰ ਚੜ੍ਹਤ ਪੰਜਾਬ ਦੇ ਕਿਸਾਨ ਨੇ ਦਿਤੀ ਹੈ । ਉਹਨਾਂ ਦੇ ਹਿਤਾਂ ਲਈ ਤੁਸੀਂ ਜੂਝੋ । ਉਹਨਾਂ ਖੱਬੀਆਂ ਪਾਰਟੀਆਂ ਛੱਡ ਕੇ ਤੁਹਾਡਾ ਸਾਥ ਦਿੱਤਾ । ਪੰਜਾਬ ਦੀ ਰਾਜਨੀਤਕ ਰੀੜ੍ਹ ਕਿਸਾਨ ਐ । ਜਿਹੜੇ ਇਸ ਨੂੰ ਪਿੱਠ ਦੇਣਗੇ, ਮੂੰਹ ਦੀ ਖਾਣਗੇ । ਭਾਰਤ ਵਿਚ ਵੀ ਓਹੀ ਪਾਰਟੀ ਅੱਗੇ ਆਵੇਗੀ, ਜਿਹੜੀ ਕਿਸਾਨ ਦੇ ਹਿਤਾਂ ਦੀ ਰਖਵਾਲ ਹੋਵੇਗੀ । ਬਾਕੀ ਸਭ ਅੱਗੇ ਪਿਛੇ ਧੱਕੇ

ਹੀ ਖਾਣਗੇ । ਤੁਹਾਡੀ ਪਾਰਟੀ ਦਾ ਲੁਟੇ ਪੁਟੇ ਕਿਸਾਨਾਂ ਲਈ ਲੜਨਾ, ਰਾਜਨੀਤਕ ਪੈਂਤਰੇ ਤੋ ਦਰੁਸਤ ਹੈ । ਇਸ ਨੂੰ ਸਾਰੀ ਸ਼ਕਤੀ ਨਾਲ ਜਾਰੀ ਰਖਿਆ ਜਾਵੇ।

ਆਖਰੀ ਗੱਲ

ਆਖਰੀ ਗੱਲ ਮੈਂ ਸਜ਼ਾ ਹੋਏ ਫੌਜੀਆਂ ਤੇ ਨਿਰਦੋਸ਼ ਨੌਜਵਾਨਾਂ ਲਈ ਆਖਣਾ ਚਾਹੁੰਦਾ ਆਂ । ਉਹਨਾਂ ਨੂੰ ਛੁਡਾਣ ਲਈ ਸਾਰੇ ਯਤਨ ਕੀਤੇ ਜਾਣ। ਉਹਨਾਂ ਨੂੰ ਸਜ਼ਾਵਾਂ ਬਦਲਾ ਲਊ ਭਾਵਨਾ ਨਾਲ ਦਿਤੀਆਂ ਗਈਆਂ ਹਨ । ਉਹਨਾਂ ਬੈਰਿਕਾਂ ਧਰਮ ਦੇ ਜੋਸ਼ ਹਿਤ ਛਡੀਆਂ, ਕੁਰਬਾਨੀ ਕੀਤੀ । ਉਨ੍ਹਾਂ ਦਾ ਆਪਣਾ ਨਿੱਜੀ ਸੁਆਰਥ ਕੋਈ ਨਹੀਂ ਸੀ । ਸਜ਼ਾਵਾਂ ਨਾਲ ਨੌਕਰੀਆਂ ਵੀ ਗਈਆਂ । ਬੁੱਢੇ ਤੇ ਗਰੀਬ ਮਾਪਿਆਂ ਦੀਆਂ ਡੰਗੋਰੀਆਂ ਟੁਟ ਪਈਆਂ । ਕੀ ਉਹਨਾਂ ਮਾਪਿਆਂ ਨੂੰ ਪੈਨਸ਼ਨਾਂ ਨਹੀਂ ਦਿਤੀਆਂ ਜਾ ਸਕਦੀਆਂ । ਸਜ਼ਾ ਹੋਏ ਫੌਜੀਆਂ ਨੂੰ ਜੇ ਮਾਲੀ ਸਹਾਇਤਾ ਨਾ ਮਿਲੀ, ਪੰਥ ਦਾ ਸਿਰ ਇਉਂ ਵੀ ਨੀਵਾਂ ਹੋਵੇਗਾ । ਮੁੜ ਕੁਰਬਾਨੀ ਕੋਈ ਕਿਹੜੇ ਜੇਰੇ ਨਾਲ ਕਰੇਗਾ । ਕਾਨੂੰਨੀ ਅੜਿਚਣਾਂ ਤੋਂ ਬਿਨਾਂ ਵੀ ਉਹਨਾਂ ਬਹਾਦਰਾਂ ਦੀ ਸਹਾਇਤਾ ਕੀਤੀ ਜਾ ਸਕਦੀ ਹੈ । ਸਾਰੇ ਕੈਦੀਆਂ ਦੀਆਂ ਲਿਸਟਾਂ ਬਣਾਈਆਂ ਜਾਣ । ਘਰੀਂ ਪਹੁੰਚ ਕੇ ਮਾਲੀ ਸਹਾਇਤਾ ਤੇ ਦਿਲਬਰੀ ਦਿਤੀ ਜਾਵੇ। ਮੈਂ ਇਸ ਲਈ ਲਿਖ ਰਿਹਾ ਆਂ ਕਿ ਮੈਨੂੰ ਅਜਿਹੇ ਫੌਜੀਆਂ ਦੀਆਂ ਜੇਲ੍ਹਾਂ ਵਿਚੋਂ ਚਿੱਠੀਆਂ ਆ ਰਹੀਆਂ ਹਨ, ਜਿਹਨਾਂ ਦੀ ਕੋਈ ਸਹਾਇਤਾ ਨਹੀਂ ਹੋ ਸਕੀ ।

ਹਰ ਜ਼ਿੰਮੇਵਾਰ ਵਿਅਕਤੀ ਨੇ ਆਪਣਾ ਤਾਰੀਖੀ ਰੋਲ ਦੇਣਾ ਤੇ ਭੁਗਤਣਾ ਹੁੰਦਾ ਹੈ । ਹਾਂ ਪੱਖੀ ਸਿੱਟਿਆਂ ਨਾਲ ਉਸ ਦਾ ਤੇ ਕੌਮ ਦਾ ਸਿਰ ਅਣਖ ਨਾਲ ਉੱਚਾ ਹੁੰਦਾ ਹੈ । ਵਾਹਿਗੁਰੂ ਤੁਹਾਨੂੰ ਬਲ ਬਖਸ਼ੇ । ਸੰਗਤ 'ਤੇ ਖਾਲਸੇ ਦੀ ਏਕਤਾ ਕਰਦੇ ਤੁਸੀਂ ਮਾਰੂ ਤੂਫਾਨ ਵਿਚੋਂ ਪਾਰ ਹੋਵੋ । ਬਿਫਰੇ ਹਾਲਾਤ ਦਾ ਦਰਿਆ ਕਿਸੇ ਨੂੰ ਤਾਂ ਪਾਰ ਕਰਨਾ ਹੀ ਪੈਣਾ ਹੈ । ਜੇ ਬੀੜਾ ਚੁੱਕਣਾ ਤੁਹਾਡੇ ਹਿੱਸੇ ਆਇਆ ਏ ਤਾਂ ਦਰਿੜਤਾ ਨਾਲ ਏਕਤਾ ਵਲ ਵਧੋ ਤੇ ਮੁੜ ਪੰਜਾਬੀ ਕੌਮੀਅਤ ਨੂੰ ਉਸਾਰੋ। 'ਸੌਰੇ ਮਾਰਗ ਚਲਦਿਆਂ ਉਸਤਤਿ ਕਰੇ ਜਹਾਨੁ ।'

ਰੋਜ਼ਾਨਾ ਅਜੀਤ

9-2-86